ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 10 | Issue 41 | 21 October 2020 to 27 October 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਪਾਸ ਕੀਤੇ ਖੇਤੀ ਬਿੱਲ

## ਬਿੱਲਾਂ ਦੇ ਅਸਰ ਬਾਰੇ ਕਈ ਤਰਾਂ ਦੇ ਸ਼ੰਕੇ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਵਿਧਾਨ ਸਭਾ ਵਿਚ ਬੀਤੇ ਕੱਲ ਪਾਸ ਕੀਤੇ ਚਾਰ ਬਿੱਲਾਂ ਨੂੰ ਰਾਜਪਾਲ ਦੇ ਹੱਥ ਫੜਾ ਦਿੱਤਾ ਗਿਆ ਹੈ। ਅੱਗੇ ਇਹਨਾਂ ਬਿੱਲਾਂ ’ਤੇ ਰਾਸ਼ਟਰਪਤੀ ਮੋਹਰ ਲਾਉਂਦੇ ਹਨ ਜਾਂ ਨਹੀਂ, ਇਹ ਆਉਣ ਵਾਲੇ ਸਮੇਂ ਵਿਚ ਪਤਾ ਲੱਗੇਗਾ ਪਰ ਪੰਜਾਬ ਦੀ ਕਾਂਗਰਸ ਸਰਕਾਰ ਇਹਨਾਂ ਬਿੱਲਾਂ ਤੋਂ ਬਾਅਦ ਕਿਸਾਨਾਂ ਨੂੰ ਰੇਲ ਪਟੜੀਆਂ ਤੋਂ ਬੈਠਣ ਲਈ ਕਹਿ ਰਹੀ ਹੈ। ਕਿਸਾਨ ਜਥੇਬੰਦੀਆਂ ਦੀ ਅੱਜ ਚੰਡੀਗੜ ਵਿਚ ਅਹਿਮ ਬੈਠਕ ਹੋਣ ਜਾ ਰਹੀ ਹੈ ਜਿਸ ਵਿਚ ਅਗਲੇਰੇ ਸੰਘਰਸ਼ ਸਬੰਧੀ ਫੈਂਸਲਾ ਲਿਆ ਜਾਵੇਗਾ।



ਪੰਜਾਬ ਵਿਧਾਨ ਸਭਾ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਤਿੰਨ ਬਿੱਲ, “ਕਿਸਾਨ ਉਪਜ ਵਪਾਰ ਅਤੇ ਵਣਜ (ਤਰੱਕੀ ਅਤੇ ਸਰਲਤਾ) ਸਪੈਸ਼ਲ ਪ੍ਰੋਵੀਜ਼ਨ ਤੇ ਪੰਜਾਬ ਸੋਧ ਬਿੱਲ 2020; ਭਰੋਸੇਮੰਦ ਕੀਮਤ ਅਤੇ ਖੇਤੀਬਾੜੀ ਸੇਵਾਵਾਂ ਸਪੈਸ਼ਲ ਪ੍ਰੋਵੀਜ਼ਨ ਤੇ ਪੰਜਾਬ ਸੋਧ ਬਿੱਲ 2020; ਜ਼ਰੂਰੀ ਵਸਤੂਆਂ ਸਪੈਸ਼ਲ ਪ੍ਰੋਵੀਜ਼ਨ ਤੇ ਪੰਜਾਬ ਸੋਧ ਬਿੱਲ 2020; ਕੋਡ ਆਫ਼ ਸਿਵਲ ਪ੍ਰੋਸੀਜ਼ਰ (ਪੰਜਾਬ ਸੋਧ) ਬਿੱਲ-2020” ਪੇਸ਼ ਕੀਤੇ। ਇਹਨਾਂ ਬਿੱਲਾਂ ’ਤੇ ਬਹਿਸ ਹੋਣ ਮਗਰੋਂ ਵਿਧਾਨ ਸਭਾ ਵਿਚ ਮੌਜੂਦ ਸਾਰੀਆਂ ਪਾਰਟੀਆਂ ਕਾਂਗਰਸ, ਆਪ, ਸ਼੍ਰੋਮਣੀ ਅਕਾਲੀ ਦਲ (ਬਾਦਲ), ਲੋਕ ਇਨਸਾਫ ਪਾਰਟੀ ਦੇ ਵਿਧਾਇਕਾਂ ਨੇ ਇਹਨਾਂ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਭਾਜਪਾ ਦੇ ਵਿਧਾਇਕ ਵਿਧਾਨ ਸਭਾ ਵਿਚੋਂ ਗੈਰ ਹਾਜ਼ਰ ਰਹੇ।

ਪਹਿਲੇ ਸੋਧ ਬਿਲ ਤਹਿਤ ਘੱਟੋ ਘੱਟ ਸਮਰਥਨ ਮੁੱਲ ਤੋਂ ਘੱਟ ਰੇਟ ਦੇਣ ਵਾਲੇ ਨੂੰ ਜੁਰਮਾਨਾ ਤੇ ਤਿੰਨ ਸਾਲ ਦੀ ਕੈਦ ਹੋਵੇਗੀ। ਦੂਜੇ ਬਿਲ ਤਹਿਤ ਕੰਨਟਰੈਕਟ ਖੇਤੀ ਕਰਨ ਵਾਲੇ ਖਰੀਦਦਾਰ ਜੇਕਰ ਘੱਟੋ ਘੱਟ ਸਮਰਥਨ ਮੁੱਲ ਨਹੀਂ ਦਿੰਦੇ ਤਾਂ ਉਹ ਤਿੰਨ ਸਾਲ ਤੱਕ ਦੀ ਕੈਦ ਦੇ ਹੱਕਦਾਰ ਹੋਣਗੇ। ਤੀਜੇ ਬਿਲ ਤਹਿਤ ਕੋਈ ਵੀ ਵਪਾਰੀ ਇਕ ਤੈਅ ਹੱਦ ਤੋਂ ਵੱਧ ਜਮਾਖੋਰੀ ਕਰਨ ਤੇ ਤਿੰਨ ਸਾਲ ਕੈਦ ਦਾ ਹੱਕਦਾਰ ਹੋਵੇਗਾ। ‘ਕੋਡ ਆਫ਼ ਸਿਵਲ ਪ੍ਰੋਸੀਜ਼ਰ (ਪੰਜਾਬ ਸੋਧ) ਬਿੱਲ, 2020’ ਤਹਿਤ ਛੋਟੇ ਕਿਸਾਨਾਂ ਅਤੇ ਹੋਰਨਾਂ ਨੂੰ 2.5 ਏਕੜ ਤੱਕ ਦੀ ਜ਼ਮੀਨ ਦੀ ਕੁਰਕੀ ਜਾਂ ਫ਼ਰਮਾਨ ਤੋਂ ਪੂਰੀ ਛੋਟ ਦੇਣ ਦਾ ਪ੍ਰਬੰਧ ਹੈ। ਪਰ ਇਹਨਾਂ ਬਿੱਲਾਂ ਵਿਚ ਵੀ ਮਹਿਜ਼ ਕਣਕ ਅਤੇ ਝੋਨੇ ਦੀ ਐਮਐਸਪੀ ਨੂੰ ਹੀ ਕਾਨੂੰਨੀ ਬਣਾਇਆ ਗਿਆ ਹੈ ਜਦਕਿ ਫਸਲੀ ਵਿਭਿਨਤਾ ਲਈ ਜ਼ਰੂਰੀ ਬਾਕੀ ਫਸਲਾਂ ਨੂੰ ਬਾਹਰ ਰੱਖਿਆ ਗਿਆ ਹੈ।

ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਖੇਤੀ ਬਿੱਲਾਂ ’ਤੇ ਟਿੱਪਣੀ ਕਰਦਿਆਂ ਭਾਰਤ ਦੇ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਅਸੈਂਬਲੀ ਵਲੋਂ ਅੱਜ ਪਾਸ ਕੀਤੇ ਖੇਤੀ ਬਿੱਲਾਂ ਦੀ ਘੋਖ ਮਗਰੋਂ ਕਿਸਾਨ ਹਿਤਾਂ ਵਿੱਚ ਫੈਸਲਾ ਲਏਗੀ। ਤੋਮਰ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨ ਹਿਤਾਂ ਦੀ ਰਾਖੀ ਲਈ ਵਚਨਬੱਧ ਹੈ ਤੇ ਇਸ ਦਿਸ਼ਾ ਵਿੱਚ ਕਈ ਉਪਰਾਲੇ ਕੀਤੇ ਗਏ ਹਨ। ਉਨਾਂ ਕਿਹਾ, ‘ਮੈਨੂੰ ਪਤਾ ਲੱਗਾ ਹੈ ਕਿ ਪੰਜਾਬ ਅਸੈਂਬਲੀ ਨੇ ਕੇਂਦਰੀ ਖੇਤੀ ਕਾਨੂੰਨਾਂ ਵਿੱਚ ਤਰਮੀਮ ਕਰਦਿਆਂ ਕੁਝ ਬਿੱਲ ਪਾਸ ਕੀਤੇ ਹਨ। ਜਦੋਂ ਇਹ ਬਿੱਲ ਕੇਂਦਰ ਕੋਲ ਆਏ ਤਾਂ ਸਰਕਾਰ ਇਨਾਂ ਦੀ ਘੋਖ ਮਗਰੋਂ ਕਿਸਾਨਾਂ ਦੇ ਹਿੱਤ ਵਿੱਚ ਫੈਸਲਾ ਲਏਗੀ।

ਉਧਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਐਲਾਨ ਕੀਤਾ ਕਿ ਕੇਂਦਰ ਸਰਕਾਰ ਤੋਂ ਕਿਸਾਨਾਂ ਦੇ ਹੱਕ ਲੈਣ ਵਾਸਤੇ ਪਾਰਟੀ ਦੇ ਸਾਰੇ ਵਿਧਾਇਕ ਸਮੂਹਿਕ ਤੌਰ ’ਤੇ ਅਸਤੀਫ਼ਾ ਦੇਣ ਲਈ ਤਿਆਰ ਹਨ। ਉਨਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦਾ ਭਵਿੱਖ ਬਚਾਉਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਅਕਾਲੀ ਦਲ ਦੇ ਵਿਧਾਇਕ ਦਲ ਦੇ ਆਗੂ ਸ਼ਰਨਜੀਤ ਸਿੰਘ ਢਿੱਲੋਂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪ੍ਰੈਸ ਕਾਨਫਰੰਸ ’ਚ ਕਿਹਾ ਕਿ ਕਿਸਾਨਾਂ ਦੇ ਅਲਟੀਮੇਟਮ ਮਗਰੋਂ ਹੀ ਪੰਜਾਬ ਸਰਕਾਰ ਨੇ ਖੇਤੀ ਸੋਧ ਬਿੱਲ ਪੇਸ਼ ਕੀਤੇ ਹਨ ਪ੍ਰੰਤੂ ਪੰਜਾਬ ਦੇ ਤਿੰਨ ਕਰੋੜ ਲੋਕਾਂ ਦੀ ਲੜਾਈ ਹਾਲੇ ਸ਼ੁਰੂ ਹੋਣੀ ਹੈ। ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਹ ਸਪੱਸ਼ਟ ਭਰੋਸਾ ਦੇਣ ਕਿ ਜੇਕਰ ਕੇਂਦਰ ਸਰਕਾਰ ਭੱਜ ਗਈ ਤਾਂ ਫਿਰ ਸੂਬਾ ਸਰਕਾਰ ਕਣਕ, ਝੋਨੇ, ਕਪਾਹ ਤੇ ਮੱਕੀ ਸਮੇਤ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਦੀ ਐੱਮਐੱਸਪੀ ਅਨੁਸਾਰ ਖ਼ਰੀਦ ਕਰੇਗੀ।

ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਪੰਜਾਬ ਸਰਕਾਰ ਵੱਲੋਂ ਲਿਆਂਦੇ ਤਿੰਨੋਂ ਖੇਤੀ ਬਿੱਲਾਂ ਦੀ ਹਮਾਇਤ ਕਰਦਿਆਂ ਮੰਗ ਕੀਤੀ ਕਿ ਪੰਜਾਬ ਸਰਕਾਰ ਸਾਰੀਆਂ ਫ਼ਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ’ਤੇ ਸਰਕਾਰੀ ਖ਼ਰੀਦ ਨੂੰ ਕਾਨੂੰਨੀ ਦਾਇਰੇ ’ਚ ਲਿਆਵੇ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕੇਂਦਰ ਦੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ ਮੌਤ ਦੇ ਵਾਰੰਟ ਦੱਸਦਿਆਂ ਕਿਹਾ ਕਿ ਸਾਲ 2006, 2013 ਅਤੇ 2017 ਦੌਰਾਨ ਸਦਨ ਵਿੱਚ ਪਾਸ ਕੀਤੇ ਐਕਟਾਂ ਨੇ ਕੇਂਦਰ ਦੇ ਕਾਲੇ ਕਾਨੂੰਨਾਂ ਦੀ ਨੀਂਹ ਰੱਖ ਦਿੱਤੀ ਸੀ।

ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਦੇ ਇਹਨਾਂ ਬਿੱਲਾਂ ਦੇ ਅਜੇ ਕਾਨੂੰਨੀ ਅਸਰ ਬਹਿਸ ਦਾ ਵਿਸ਼ਾ ਬਣੇ ਹੋਏ ਹਨ ਪਰ ਇਕ ਗੱਲ ਸਪਸ਼ਟ ਹੋ ਰਹੀ ਹੈ ਕਿ ਪੰਜਾਬ ਵਿਚੋਂ ਐਮਐਸਪੀ ’ਤੇ ਫਸਲਾਂ ਦੀ ਖਰੀਦ ਭਾਰਤ ਸਰਕਾਰ ਕਰਦੀ ਹੈ ਅਤੇ ਜੇ ਭਾਰਤ ਸਰਕਾਰ ਇਹ ਖਰੀਦ ਕਰਨ ਤੋਂ ਮੁਨਕਰ ਹੋ ਜਾਂਦੀ ਹੈ ਤਾਂ ਪੰਜਾਬ ਦੀ ਫਸਲ ਕੌਣ ਖਰੀਦੇਗਾ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਪੰਜਾਬ ਦੀ ਆਰਥਿਕ ਹਾਲਾਤ ਇਹੋ ਜਿਹੀ ਨਹੀਂ ਹੈ ਕਿ ਪੰਜਾਬ ਖੁਦ ਐਮਐਸਪੀ ’ਤੇ ਫਸਲਾਂ ਦੀ ਖਰੀਦ ਕਰ ਸਕੇ। ਇਹਨਾਂ ਗੱਲਾਂ ਦੇ ਚਲਦਿਆਂ ਇਹ ਸਮਝਿਆ ਜਾ ਰਿਹਾ ਹੈ ਕਿ ਵਿਧਾਨ ਸਭਾ ਦੇ ਕਾਨੂੰਨ ਸਿਰਫ ਕਿਸਾਨਾਂ ਦਾ ਪੰਜਾਬ ਸਰਕਾਰ ’ਤੇ ਪਿਆ ਦਬਾਅ ਸਾਬਤ ਕਰ ਰਹੇ ਹਨ ਪਰ ਪੰਜਾਬ ਦੇ ਹੱਕਾਂ ਨੂੰ ਬਚਾਉਣ ਦੀ ਲੜਾਈ ਵਿਚ ਅਜੇ ਇਹ ਕੋਈ ਪ੍ਰਾਪਤੀ ਨਹੀਂ ਹੋਈ ਹੈ।

ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਉਹਨਾਂ ਦੀ ਸਰਕਾਰ ਕਿਸਾਨਾਂ ਨਾਲ ਖੜੀ ਹੈ ਅਤੇ ਜੇ ਭਾਰਤ ਦੀ ਸਰਕਾਰ ਉਹਨਾਂ ਦੀ ਪੰਜਾਬ ਸਰਕਾਰ ਨੂੰ ਬਰਖਾਸਤ ਕਰਨਾ ਚਾਹੇ ਤਾਂ ਉਹ ਉਸ ਤੋਂ ਵੀ ਨਹੀਂ ਡਰਦੇ। ਉਹਨਾਂ ਕਿਹਾ ਕਿ ਉਹ ਪਹਿਲਾਂ ਵੀ ਪੰਜਾਬ ਦੇ ਹੱਕਾਂ ਲਈ ਅਸਤੀਫੇ ਦੇ ਚੁੱਕੇ ਹਨ ਅਤੇ ਹੁਣ ਵੀ ਜੇ ਹਾਲਾਤ ਬਣਦੇ ਨੇ ਤਾਂ ਉਹ ਅਸਤੀਫਾ ਦੇ ਕੇ ਲੋਕਾਂ ਦੀ ਕਚਹਿਰੀ ਵਿਚ ਜਾਣ ਲਈ ਤਿਆਰ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਕਿ ਇਹਨਾਂ ਬਿੱਲਾਂ ’ਤੇ ਰਾਸ਼ਟਰਪਤੀ ਦੇ ਦਸਤਖਤ ਜ਼ਰੂਰੀ ਹਨ ਪਰ ਸਰਕਾਰ ਇਹਨਾਂ ਬਿੱਲਾਂ ’ਤੇ ਕਾਨੂੰਨੀ ਲੜਾਈ ਲੜੇਗੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਇਸ ਗੱਲ ਦਾ ਧਿਆਨ ਰੱਖੇ ਕਿ ਪੰਜਾਬ ਸਰਹੱਦੀ ਸੂਬਾ ਹੈ ਅਤੇ ਇੱਥੇ ਫੇਰ 1984 ਵਰਗੇ ਹਾਲਾਤ ਬਣ ਸਕਦੇ ਹਨ।

# ਸ਼ੰਭੂ ਮੋਰਚੇ ਦੀ ਵਿਲੱਖਣਤਾ ਅਤੇ ਅਹਿਮੀਅਤ

**- ਸੁਖਵਿੰਦਰ ਸਿੰਘ**

ਪੰਜਾਬ ਵਿਚ ਭਾਰਤ ਸਰਕਾਰ ਖਿਲਾਫ ਚੱਲ ਰਹੇ ਕਿਸਾਨੀ ਘੋਲ ਵਿਚ ਜਿੱਥੇ 31 ਦੇ ਕਰੀਬ ਕਿਸਾਨ ਜਥੇਬੰਦੀਆਂ ਆਪੋ-ਆਪਣੇ ਜਥੇਬੰਦਕ ਕੇਡਰ ਨਾਲ ਰੇਲ-ਪਟੜੀਆਂ, ਟੋਲ ਪਲਾਜ਼ਿਆਂ, ਰਿਲਾਇੰਸ ਪੈਟਰੋਲ ਪੰਪਾਂ ਅਤੇ ਹੋਰ ਕਾਰੋਬਾਰੀ ਅਦਾਰਿਆਂ ਬਾਹਰ ਧਰਨੇ ਲਾ ਕੇ ਬੈਠੀਆਂ ਹੋਈਆਂ ਹਨ ਉੱਥੇ ਪੰਜਾਬ-ਹਰਿਆਣਾ ਹੱਦ ’ਤੇ ਪੈਂਦੇ ਪਿੰਡ ਸ਼ੰਭੂ ਵਿਚ ਨੈਸ਼ਨਲ ਹਾਈਵੇ ਦੇ ਵਿਚਾਲੇ ਲੱਗਿਆ ਹੋਏ ਸ਼ੰਭੂ ਮੋਰਚੇ ਨੇ ਕਿਸਾਨੀ ਅਤੇ ਪੰਜਾਬ ਨੂੰ ਬਚਾਉਣ ਲਈ ਕਿਸਾਨ ਜਥੇਬੰਦੀਆਂ ਤੋਂ ਵੱਖਰਾ ਝੰਡਾ ਗੱਡ ਦਿੱਤਾ ਹੈ। ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਦੇ ਸਿਆਸੀ ਮਾਹੌਲ ’ਤੇ ਆਪਣੇ ਸੋਸ਼ਲ ਮੀਡੀਆ ਰਾਹੀਂ ਟਿੱਪਣੀਆਂ ਕਰਨ ਵਾਲੇ ਫਿਲਮੀ ਅਦਾਕਾਰ ਦੀਪ ਸਿੱਧੂ ਨੇ ਕਿਸਾਨੀ ਘੋਲ ਵਿਚ ਸ਼ਾਮਲ ਹੁੰਦਿਆਂ ਸ਼ੰਭੂ ਵਿਖੇ ਪੱਕਾ ਮੋਰਚਾ ਲਾਉਣ ਦਾ ਸੱਦਾ ਦਿੱਤਾ ਸੀ। 4 ਅਕਤੂਬਰ ਨੂੰ ਭਰਵੇਂ ਇਕੱਠ ਨਾਲ ਸ਼ੁਰੂ ਹੋਏ ਸ਼ੰਭੂ ਮੋਰਚੇ ਵਿਚ ਹੁਣ ਰੋਜ਼ਾਨਾ ਪੰਜਾਬ ਭਰ ਤੋਂ ਲੋਕ ਪਹੁੰਚ ਰਹੇ ਹਨ ਅਤੇ ਪੰਜਾਬ ਦੀ ਹੋਂਦ ਬਚਾਉਣ ਦੇ ਸੰਘਰਸ਼ ਨਾਲ ਜੁੜਨ ਦਾ ਇਕਰਾਰ ਕਰਕੇ ਅਤੇ ਕਿਸਾਨੀ ਸੰਘਰਸ਼ ਦੇ ਨਿਸ਼ਾਨਿਆਂ ਪ੍ਰਤੀ ਸਪਸ਼ਟ ਪਹੁੰਚ ਲੈ ਕੇ ਆਪਣੇ ਪਿੰਡਾਂ ਨੂੰ ਮੁੜਦੇ ਹਨ।

ਸ਼ੰਭੂ ਮੋਰਚਾ ਇਸ ਰੂਪ ਵਿਚ ਵੀ ਵਿਲੱਖਣ ਹੈ ਕਿ ਇਸ ਮੋਰਚੇ ਦੀ ਸਟੇਜ ਤੋਂ ਹਰ ਆਮ ਪੰਜਾਬੀ ਆਪਣੇ ਵਿਚਾਰ ਰੱਖ ਰਿਹਾ ਹੈ ਅਤੇ ਆਪਣੇ ਦਿਲ ਅੰਦਰ ਸਮੋਈ ਦਿੱਲੀ ਸਰਕਾਰ ਦੀਆਂ ਧੱਕੇਸ਼ਾਹੀਆਂ ਦੀ ਪੀੜ ਨੂੰ ਆਪਣੇ ਭੈਣ-ਭਰਾਵਾਂ ਨਾਲ ਸਾਂਝਾ ਕਰਦਾ ਹੈ। ਭਾਵੇਂ ਕਿ ਕਈ ਨਾਮਵਰ ਸਿਆਸੀ ਆਗੂ ਵੀ ਇਸ ਮੋਰਚੇ ’ਤੇ ਰੋਜ਼ਾਨਾ ਪਹੁੰਚ ਰਹੇ ਹਨ ਅਤੇ ਪੰਜਾਬ ਦੇ ਹੱਕਾਂ ਪ੍ਰਤੀ ਆਪਣੀ ਗੰਭੀਰਤਾ ਦਾ ਪ੍ਰਗਟਾਵਾ ਕਰਦੇ ਹਨ ਪਰ ਇਹ ਗੱਲ ਆਮ ਹੈ। ਖਾਸ ਆਮ ਪੰਜਾਬੀਆਂ ਦਾ ਦਰਦ ਹੈ ਜਿਸ ਨੂੰ ਸ਼ੰਭੂ ਮੋਰਚਾ ਸਹਾਰਾ ਦੇ ਰਿਹਾ ਹੈ।

ਇਸ ਮੋਰਚੇ ਵਿਚ ਜ਼ਿਆਦਾਤਰ ਨੌਜਵਾਨਾਂ ਦੀ ਸ਼ਮੂਲੀਅਤ ਇਸ ਨੂੰ ਹੋਰ ਖਾਸ ਬਣਾ ਰਹੀ ਹੈ। ਮੋਰਚੇ ਦੇ ਪ੍ਰਬੰਧ ਕਰਨ ਤੋਂ ਲੈ ਕੇ ਮੋਰਚੇ ਵਿਚ ਸ਼ਮੂਲੀਅਤ ਤਕ ਨੌਜਵਾਨ ਹੀ ਨਜ਼ਰ ਆਉਂਦੇ ਹਨ। ਇਹ ਨੌਜਵਾਨ ਗੱਲਾਂ ਕਰਦੇ ਆਮ ਸੁਣੇ ਜਾ ਸਕਦੇ ਹਨ ਕਿ ਕਿਸਾਨ ਜਥੇਬੰਦੀਆਂ ਦੀਆਂ ਸਟੇਜਾਂ ’ਤੇ ਬੈਠੀ ਬੁੱਢੀ ਲੀਡਰਸ਼ਿਪ ਦੀਆਂ ਗੱਲਾਂ ਤੋਂ ਉਹ ਅੱਕ ਚੁੱਕੇ ਹਨ। ਉਹ ਆਪਣੇ ਪਿੰਡਾਂ ਨੇੜੇ ਲੱਗੇ ਧਰਨਿਆਂ ਵਿਚ ਵੀ ਸ਼ਾਮਲ ਹੋ ਰਹੇ ਹਨ ਪਰ ਉੱਥੋਂ ਉਹ ਬੇਆਸ ਹਨ।

ਸ਼ੰਭੂ ਮੋਰਚੇ ਨੇ ਬੜੀ ਸਪਸ਼ਟਤਾ ਨਾਲ ਇਹ ਸਥਾਪਤ ਕਰ ਦਿੱਤਾ ਹੈ ਕਿ ਪੰਜਾਬ ਦੀ ਭਾਰਤ ਸਰਕਾਰ ਨਾਲ ਲੜਾਈ ਕੋਈ ਚੰਦ ਰਿਆਇਤਾਂ ਜਿਵੇਂ ਐਮਐਸਪੀ ਹਾਸਲ ਕਰਨ ਦੀ ਨਹੀਂ ਹੈ, ਬਲਕਿ ਪੰਜਾਬ ਦੀ ਲੜਾਈ ਆਪਣੀ ਖੁਦਮੁਖਤਿਆਰੀ ਦੇ ਹੱਕ ਹਾਸਲ ਕਰਨ ਦੀ ਹੈ। ਸ਼ੰਭੂ ਮੋਰਚੇ ਤੋਂ ਇਹ ਅਵਾਜ਼ ਪੰਜਾਬ ਵਿਚ ਜਾ ਰਹੀ ਹੈ ਕਿ ਭਾਰਤ ਸਰਕਾਰ ਵੱਲੋਂ ਨਵੇਂ ਬਣਾਏ ਕਾਨੂੰਨ ਰੱਦ ਕਰਕੇ ਪੰਜਾਬ ਦੀਆਂ ਫਸਲਾਂ ਦੇ ਭਾਅ ਤੈਅ ਕਰਨ, ਫਸਲਾਂ ਨੂੰ ਕੌਮਾਂਤਰੀ ਮੰਡੀ ਵਿਚ ਵੇਚਣ ਦੇ ਹੱਕ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਸਮੁੱਚੇ ਪ੍ਰਬੰਧ ਦੇ ਹੱਕ ਪੰਜਾਬ ਨੂੰ ਮਿਲਣੇ ਚਾਹੀਦੇ ਹਨ। ਇਹਨਾਂ ਮੰਗਾਂ ਲਈ ਹੀ ਪੰਜਾਬ ਦਾ ਸੰਘਰਸ਼ ਹੋਣਾ ਚਾਹੀਦਾ ਹੈ। ਇਸ ਅਵਾਜ਼ ਨੂੰ ਪੰਜਾਬ ਦੇ ਲੋਕਾਂ ਵੱਲੋਂ ਸੋਸ਼ਲ ਮੀਡੀਆ ’ਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਸ਼ਾਇਦ ਇਹ ਅਵਾਜ਼ ਹਰ ਪੰਜਾਬੀ ਦੇ ਦਿਲ ਦੀ ਅਵਾਜ਼ ਹੈ, ਜੋ ਨਹੀਂ ਚਾਹੁੰਦਾ ਕਿ ਉਸ ਦੀ ਹੋਣੀ ਦੇ ਫੈਂਸਲੇ ਯੂਪੀ, ਬਿਹਾਰ ਜਾਂ ਗੁਜਰਾਤ ਦੇ ਲੋਕਾਂ ਦੇ ਚੁਣੇ ਨੁਮਾਂਇੰਦੇ ਕਰਨ।

ਪਰ ਜੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਗੱਲ ਕਰੀਏ ਤਾਂ ਕੁੱਝ ਵੱਧ ਸਥਾਪਤ ਧਿਰਾਂ ਜੋ ਖੱਬੇਪੱਖੀ ਵੀ ਹਨ, ਉਹ ਸ਼ੰਭੂ ਮੋਰਚੇ ਨੂੰ ਆਪਣੇ ਲਈ ਚੁਣੌਤੀ ਸਮਝ ਰਹੀਆਂ ਹਨ।

**ਬਾਕੀ ਸਫ਼ਾ 27 ’ਤੇ**

# ਕਿਸਾਨ ਜਥੇਬੰਦੀਆਂ ਨੇ ਮਾਲ ਗੱਡੀਆਂ ਲਈ ਰੇਲ ਪਟੜੀਆਂ ਖੋਲਣ ਦਾ ਐਲਾਨ ਕੀਤਾ; ਟੋਲ ਪਲਾਜ਼ਿਆਂ, ਤੇਲ ਪੰਪਾਂ ’ਤੇ ਧਰਨੇ ਜਾਰੀ ਰਹਿਣਗੇ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਵਿਧਾਨ ਸਭਾ ਵੱਲੋਂ ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਵਿਚ ਸੋਧ ਕਰਕੇ ਪਾਸ ਕੀਤੇ ਬਿੱਲਾਂ ਤੋਂ ਬਾਅਦ ਬੁੱਧਵਾਰ ਨੂੰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਚੰਡੀਗੜ ਸਥਿਤ ਕਿਸਾਨ ਭਵਨ ਵਿਚ ਅਹਿਮ ਬੈਠਕ ਹੋਈ। ਮੀਟਿੰਗ ਦੌਰਾਨ ਕਿਸਾਨ ਜਥੇਬੰਦੀਆਂ ਨੇ ਫੈਂਸਲਾ ਕੀਤਾ ਕਿ ਅਗਲੇ 15 ਦਿਨਾਂ ਲਈ ਪੰਜਾਬ ਵਿਚ ਮਾਲ ਗੱਡੀਆਂ ਚਲਾਉਣ ਲਈ ਰੇਲ ਪਟੜੀਆਂ ਖਾਲੀ ਕੀਤੀਆਂ ਜਾਣਗੀਆਂ।

ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਇਸ ਤੋਂ ਇਲਾਵਾ ਟੋਲ ਟੈਕਸ ਅੱਡਿਆਂ, ਰਿਲਾਇੰਸ ਪੰਪਾਂ ’ਤੇ ਚਲ ਰਹੇ ਧਰਨੇ ਲਗਾਤਾਰ ਜਾਰੀ ਰਹਿਣਗੇ।

ਜਥੇਬੰਦੀਆਂ ਨੇ ਉਂਝ ਰੇਲਵੇ ਸਟੇਸ਼ਨਾਂ ਉਪਰ ਧਰਨੇ ਲਗਾਤਾਰ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ ਤਾਂ ਜੋ ਕੋਈ ਸਵਾਰੀ ਗੱਡੀ ਨਾ ਚੱਲੇ ਤੇ ਕੋਲੇ ਵਾਲੀ ਗੱਡੀ ਤੋਂ ਬਿਨਾਂ ਕੋਈ ਹੋਰ ਗੱਡੀ ਨਾ ਲੰਘ ਸਕੇ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਬੇਸ਼ੱਕ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਨੂੰ ਲਗਾਤਾਰ ਜਾਰੀ ਰੱਖਿਆ ਗਿਆ ਹੈ ਪਰ ਬਾਰਦਾਨੇ ਦੀ ਵੱਡੀ ਲੋੜ, ਤਾਪਘਰਾਂ ਵਿਚ ਕੋਲੇ ਦੀ ਪੈਦਾ ਹੋ ਰਹੀ ਘਾਟ, ਕਣਕ ਦੀ ਬਿਜਾਈ ਲਈ ਡੀਏਪੀ ਅਤੇ ਯੂਰੀਆ ਖਾਦ ਨੂੰ ਮੁੱਖ ਰੱਖਦਿਆਂ ਮਾਲ ਗੱਡੀਆਂ ਨੂੰ ਚਲਾਉਣ ਦਾ ਫੈਸਲਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ।

ਉਨਾਂ ਦੱਸਿਆ ਕਿ ਇਹ ਗੱਡੀਆਂ ਚਲਾਉਣ ਦਾ ਫੈਸਲਾ ਭਲਕੇ ਤੋਂ ਲਾਗੂ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਹੁਣ ਸੰਘਰਸ਼ੀਲ ਜਥੇਬੰਦੀਆਂ ਨੇ 5 ਨਵੰਬਰ ਨੂੰ ਅਗਲੀ ਨਜ਼ਰਸਾਨੀ ਮੀਟਿੰਗ ਚੰਡੀਗੜ ਵਿਖੇ ਕਿਸਾਨ ਭਵਨ ਵਿਚ ਰੱਖ ਦਿੱਤੀ ਗਈ ਹੈ, ਜਿਸ ਵਿਚ ਸਾਰੀਆਂ ਧਿਰਾਂ ਵਲੋਂ ਭਾਗ ਲਿਆ ਜਾਵੇਗਾ।

ਸਰਬੱਤ ਦਾ ਭਲਾ

SCOPE

Sikh Community Organized for Political Engagement.

# SCOPE RELEASES SECOND LIST OF ENDORSEMENTS

SCOPE IS ORGANIZED TO PROMOTE THE COMMON GOOD BY ENGAGING AND PROMOTING SUCH CANDIDATES FOR PUBLIC OFFICE, WHO HAVE THE VISION AND A DEMONSTRABLE RECORD OF PUTTING THE BEST INTEREST OF THEIR CONSTITUENTS ABOVE THEIR OWN.

SIKHISM IS FOUNDED ON THE PRINCIPLE OF SARBAT DA BHALLA I.E. WORKING TOWARDS THE "COMMON GOOD OF ALL". SERVICE TO THE COMMUNITY IS HIGHLY REGARDED IN OUR RELIGION AND ALL SIKHS ARE ORDAINED TO FIND TIME TO WORK FOR THE WELFARE OF THE COMMUNITY. SELFLESS SERVICE IS A HIGHLY REWARDING AND HUMBLING EXPERIENCE. THERE ARE NUMEROUS AVENUES FOR COMMUNITY SERVICE OF VARIOUS KINDS. FOR CIVIL PARTICIPATION, ONE NEEDS TO ACQUIRE GOOD COMMUNICATION SKILLS, VOLUNTEER IN LOCAL ELECTIONS AND OTHER COMMUNITY RELATED PROJECTS. 2020 ELECTION IS AN EXCELLENT OPPORTUNITY TO GET ONE'S FEET WET AND HANDS DIRTY, ESPECIALLY IF YOU ARE POLITICALLY ORIENTED AND FEEL STRONGLY ABOUT CIVIC ISSUES LIKE CIVIL RIGHTS, GUN VIOLENCE, AND HOLDING ELECTED REPRESENTATIVES ACCOUNTABLE FOR THEIR VOTES.



JUSTIN SHA
( FREMONT MAYOR )



AMANDA CHAGOYA
( NEWARK UNIFIED SCHOOL DISTRICT )



CHRISTINE CLINTON
( NEWARK UNIFIED SCHOOL DISTRICT )



MARK SALINAS
( HAYWARD CITY COUNCIL )



ELISA MÁRQUEZ
( HAYWARD CITY COUNCIL )



ANGELA ANDREWS
( HAYWARD CITY COUNCIL )



BILL QUIRK
( 20TH ASSEMBLY DISTRICT )



JASS SANGHA
( TRACY MAYOR )



CHITRA RAMANATHAN
( WASHINGTON HOSPITAL BOARD )



AZIZ AKBARI
( ALAMEDA COUNTY WATER DISTRICT )



JOHN WEED
( ALAMEDA COUNTY WATER DISTRICT )



AMRIK WANDER
( TRACY CITY COUNCIL )



MARTIN KOLLER
( ALAMEDA COUNTY WATER DISTRICT )

# ਗੁਰਮੀਤ-ਬਾਸਾ ਗਰੁੱਪ ਦੀਆਂ ਦੋ ਹੋਰ ਅਰਜੀਆਂ ਅਦਾਲਤ ਵੱਲੋਂ ਖਾਰਜ

## (ਗੁਰਦੁਆਰਾ ਇਹਨਾਂ ਨੂੰ ਪੈਸੇ ਨਹੀਂ ਦੇਵੇਗਾ - ਜੱਜ ਜੈਫਰੀ ਬਰੈਂਡ)

**ਫਰੀਮੌਂਟ/ਏ.ਟੀ.ਨਿਊਜ਼:** ਸਿੱਖ ਸੰਗਤ ਨੂੰ ਪਤਾ ਹੀ ਹੈ ਕਿ ਗੁਰਮੀਤ-ਬਾਸਾ ਨੇ ਚੋਣਾਂ ਦੇ ਨਤੀਜੇ ਰੁਕਵਾਉਣ ਲਈ ਕੇਸ ਕੀਤਾ ਹੋਇਆ ਹੈ ਤੇ ਉਸਨੂੰ ਲਟਕਾਉਣ ਲਈਕੋਈ ਨਾਂ ਕੋਈ ਵਾਧੂ ਮੰਗ ਕਰੀ ਰੱਖਦੇ ਹਨ। ਇਹਨਾਂ ਵੱਲੋਂ ਇਹ ਦੋਸ ਲਾਇਆ ਜਾ ਰਿਹਾ ਹੈ ਕਿ ਹਜਾਰਾਂ ਬੰਦੇ ਆ ਕੇ ਜਾਲ੍ਹੀ ਵੋਟਾਂ ਪਾ ਗਏ ਹਨ ਅਤੇ ਉਹਨਾਂ ਵਿੱਚੋਂ ਸੈਂਕੜੇ ਇਸ ਏਰੀਏ ਵਿੱਚ ਰਹਿੰਦੇ ਵੀ ਨਹੀਂ ਸਨ।

ਬਾਹਰੋਂ ਆ ਕੇ ਵੋਟਾਂ ਦੇ ਸਬੂਤ ਪੇਸ ਕਰਨ ਲਈ ਇਹਨਾਂ ਨੇ ਨਾਮ ਦੀ ਕੰਪਨੀ ਨੂੰ ਵੋਟਰਾਂ ਦੀ ਮੰਨਜੂਰੀ ਲਏ ਬਿਨਾ ਸਾਰੀਜਾਣਕਾਰੀ ਭੇਜ ਦਿੱਤੀ। ਜਦੋਂ ਉਸ ਕੰਪਨੀ ਨੇ ਇਹਨਾਂ ਨੂੰ ਵਾਪਿਸ ਲੋਕਾਂ ਦੇ ਰਹਾਇਸ਼ੀ ਐਡਰੈਸ ਭੇਜੇ ਤਾਂ ਇਹਨਾਂ ਨੇ ਉਸ ਵਿੱਚ ਕੱਟ-ਵੱਟਕਰਕੇ ਕੋਰਟ ਵਿੱਚ ਪੇਸ ਕਰ ਦਿੱਤੇ। ਸਿੱਖ ਪੰਚਾਇਤ ਨੇ ਤੋਂ ਮੰਗ ਕੀਤੀ ਜੋ ਰਿਪੋਰਟ ਉਹਨਾਂ ਨੇ ਗੁਰਮੀਤ-ਬਾਸਾ ਗਰੁੱਪ ਨੂੰ ਭੇਜੀ ਹੈ ਉਹ ਸਾਨੂੰ ਵੀ ਭੇਜੀ ਜਾਵੇ ਤਾਂ ਉਸਨੂੰ ਰੋਕਨ ਲਈ ਇਹਨਾਂ ਨੇ ਕੋਰਟ ਵਿੱਚ ਅਰਜੀ ਪਾ ਦਿੱਤੀ ਕਿ ਉਹ ਰਿਪੋਰਟ ਪੰਚਾਇਤ ਨੂੰ ਨਾਂਦਿੱਤੀ ਜਾਵੇ। ਉਸਦੀ ਸੁਣਵਾਈ ਪਿੱਛਲੇ ਹਫਤੇ ਹੋਈ ਤੇ ਕੱਲ੍ਹ ਜੱਜ ਨੇ ਫੈਸਲਾ ਸੁਣਾਇਆ ਕਿ ਉਹ ਰਿਪੋਰਟ ਸਿੱਖ ਪੰਚਾਇਤ ਗਰੁੱਪ ਨੂੰ ਵੀ ਮਿਲੇਗੀ। ਜਿਹੜਾ ਵੀ ਕਾਗਜ-ਪੱਤਰ ਕੋਰਟ ਵਿੱਚ ਜਮ੍ਹਾਂ ਕੀਤਾ ਜਾਂਦਾ ਹੈ ਉਸਨੂੰ ਦੇਖਣ ਦਾ ਹੱਕ ਦੂਜੀ ਪਾਰਟੀ ਨੂੰ ਵੀ ਹੁੰਦਾ ਹੈ। ਇਸਲਈ ਹੁਣਉਹ ਰਿਪੋਰਟ ਇਹਨਾਂ ਨੂੰ ਦੇਣੀ ਪਏਗੀ ਜਿਸ ਕਾਰਣ ਹਰਜੀਤ ਸਿੰਘ ਵੱਲੋਂ ਉੱਲ ਨਾਲ ਕੀਤੀ ਛੇੜ-ਛਾੜ ਵੀ ਸਾਹਮਣੇ ਆਉਣ ਦੀ ਉਮੀਦ ਹੈ।

ਦੂਜੀ ਅਰਜੀ ਵਿੱਚ ਗੁਰਮੀਤ-ਬਾਸਾ ਗਰੁੱਪ ਨੇ ਮੰਗ ਕੀਤੀ ਸੀ ਕਿ ਜਿਹੜੇ ਰਿਕਾਰਡ ਡੀ ਐਮ ਵੀ ਤੋਂ ਇਹਨਾਂ ਨੇ ਲੈਣੇ ਹਨ ਉਹਨਾਂ ਦਾ ਖਰਚਾ17,000 ਡਾਲਰ ਗੁਰਦੁਆਰਾ ਸਾਹਿਬ ਦੇਵੇ। ਉਹ ਅਰਜੀ ਵੀ ਤੇ ਵੀ ਜੱਜ ਨੇ ਨਾਂਹ ਕਰਦੇ ਕਿਹਾ ਕਿ ਕੋਈ ਸਬੂਤ ਇਕੱਠਾ ਕਰਨ



The Court finds as follows:

1. Respondents' Motion to Quash Petitioner's Subpoena *Duces Tecum* is GRANTED IN PART AND DENIED IN PART as detailed below. Respondents' request that Petitioners be sanctioned for issuing its subpoena is DENIED.
2. Respondents' request that Petitioner share costs by using of Temple funds to obtain DMV records is DENIED WITHOUT PREJUDICE. Respondents may renew its request post-trial. To the extent that Respondents' intend to proffer DMV records at trial in support of their election challenge, however, Respondents are ordered to front any costs from their own personal funds to obtain such records.

SO ORDERED.

Dated: 10/20/2020

Jeffrey S. Brand
Judge, Alameda County Superior Court

ਲਈ ਗੁਰਦੁਆਰਾ ਸਾਹਿਬ ਪੈਸੇ ਨਹੀਂ ਦਏਗਾ। ਇਸਲਈ ਗੁਰਮੀਤ-ਬਾਸਾ ਗਰੁੱਪ ਦੀਆਂ ਦੋਨੋ ਅਰਜੀਆਂ ਜੱਜ ਨੇ ਖਾਰਜ ਕੀਤੀਆਂ ਹਨ।

ਸੰਗਤ ਲਈ ਸਿੱਖ ਪੰਚਾਇਤ ਨੇ ਬਿਆਨ ਦਿੰਦੇ ਹੋਏ ਕਿਹਾ ਕਿ ਗੁਰਮੀਤ-ਬਾਸਾ ਗਰੁੱਪ ਲਗਾਤਾਰ ਚੋਣਾਂ ਵਿੱਚ ਹੇਰਾ-ਫੇਰੀ ਕਰਣ ਦੇ ਸਾਡੇ ਤੇ ਇਲਜਾਮ ਲਾ ਰਿਹਾ ਹੈ ਅਤੇ ਚੋਣਾਂ ਦੇ ਨਤੀਜੇ ਰੁਕਵਾਉਣ ਲਈ ਵੀ ਕੇਸ ਇਹੀ ਕੋਰਟ ਵਿੱਚ ਲੈ ਗਏ ਹਨ। ਬਹੁਤ ਹੈਰਾਨੀ ਦੀ ਹੱਲ ਹੈ ਕਿਕੇਸ ਲੜ੍ਹਨ ਲਈ ਪਹਿਲਾਂ ਇਹਨਾਂ ਵੱਲੋਂ ਗੁਰਦੂਆਰੇ ਦੀ ਇੰਸੋਰੈਂਸ ਤੋਂ ਪੈਸੇ ਲੈਣ ਦੀ ਕੋਸ਼ਿਸ਼ ਕੀਤੀ ਗਈ ਤੇ ਹੁਣ ਗੁਰਦੂਆਰਾ ਸਾਹਿਬ ਤੋਂ17,000 ਡਾਲਰ ਦੀ ਮੰਗ ਕੱਢ ਮਾਰੀ, ਜਿਹੜੀ ਕਿ ਬਿੱਲਕੁਲ ਜਾਇਜ ਨਹੀਂ। ਬੜੀ ਅਜੀਬ ਗੱਲ ਹੈ ਕਿ ਪਿੱਛਲੇ ਹਫਤੇ ਇਹਨਾਂ ਵੱਲੋਂ ਇੱਕਬਿਆਨ ਆਇਆ ਕਿ “ਨੈਤਿਕ” ਤੌਰ ਤੇ 17,000 ਡਾਲਰ ਸਿੱਖ ਪੰਚਾਇਤ ਦਵੇ, ਇਹ ਕਿਹੜੀ ਨੈਤਿਕਤਾ ਹੋਈ ਕਿ ਗੁਰੂ ਦੀ ਗੋਲਕ ਤੁਹਾਡੀਇੱਛਾਪੂਰਤੀ ਲਈ ਵਰਤੀ ਜਾਵੇ? ਸਿੱਖ ਪੰਚਾਇਤ ਨੇ ਕਿਹਾ ਗੁਰੂ ਦੀ ਗੋਲਕ ਦਾ ਇੱਕ ਵੀ ਡਾਲਰ ਕਿਸੇ ਵੀ ਕੋਰਟ ਕੇਸ ਲਈ ਨਹੀਂ ਵਰਤਿਆ ਜਾਵੇਗਾ।

ਇੱਥੇ ਇੱਕ ਗੱਲ ਵਰਨਣਯੋਗ ਹੈ ਕਿ ਗੁਰਮੀਤ-ਬਾਸਾ ਗਰੁੱਪ ਦੋ ਕੁ ਹਫਤੇ ਪਹਿਲਾ ਭਾਈ ਜਸਜੀਤ ਸਿੰਘ ਵਿਰੁੱਧ ਐਂਟੀ ਸਲੈਪ ਦੇ ਚਾਰ ਕੇਸਹਾਰ ਚੁੱਕੇ ਹਨ ਅਤੇ ਇਹਨਾਂ ਵੱਲੋਂ ਜਸਜੀਤ ਸਿੰਘ ਦੀ ਕੀਤੀ ਕਿਰਦਾਰਕੁਸੀ ਦੇ ਕੇਸ ਕੁਲਜੀਤ ਸਿੰਘ, ਹਰਮਿੰਦਰ ਸਿੰਘ, ਹਰਜੀਤ ਸਿੰਘ, ਗੁਰਸਰਨ ਥਿੰਦ (ਐਸ ਪੀ), ਅਮਰਜੀਤ ਸਿੱਧੂ ਅਤੇ ਰਾਣੇ ਕਾਹਲੋਂ ਵਿਰੁੱਧ ਚੱਲਣਗੇ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਇਹਨਾਂ ਕੇਸਾਂ ਤੋਂਬਿਨਾ ਜਿਹੜੇ ਵਿਅਕਤੀ ਸਿੱਖ ਸੰਗਤ ਬੇਏਰੀਆ ਫੇਸਬੁੱਕ ਦੇ ਐਡਮਿਨ ਹਨ ਉਹਨਾਂ ਨੂੰ ਵੀ ਸਾਮਿਲ ਕੀਤਾ ਜਾਵੇਗਾ। ਅਸੀਂ ਫੇਸਬੁੱਕ ਤੋਂਉਹਨਾਂ ਦੇ ਨਾਮ ਮੰਗੇ ਹਨ ਅਤੇ ਜਦੋਂ ਉਹਨਾਂ ਦੇ ਨਾਮ ਆ ਗਏ ਉਹ ਵੀ ਸਾਮਿਲ ਕੀਤੇ ਜਾਣਗੇ। ਜਸਜੀਤ ਸਿੰਘ ਨੇ ਕਿਹਾ ਕਿ ਇਹਨਾਂ ਨੇਲੋਕਾਂ ਵਿਰੁੱਧ ਬੇਬੁਨਿਆਦ ਝੂਠੀਆਂ ਗੱਲਾਂ ਲਿੱਖ ਕੇ ਉਹਨਾਂ ਨੂੰ ਡਰਾਇਆ ਹੋਇਆ ਹੈ ਤਾਂ ਜੋ ਕੋਈ ਬੰਦਾ ਇਹਨਾਂ ਵਿਰੁੱਧ ਨਾਂ ਜਾ ਸਕੇ। ਐਸਪੀ ਨੇ ਕਾਫਲੇ ਤੇ ਰੇਡੀਉ ਦੇ ਸਹਾਰੇ ਲੋਕਾਂ ਨੂੰ ਇੱਕ ਤਰੀਕੇ ਨਾਲ ਚੁੱਪ ਕਰਾਇਆ ਹੋਇਆ ਹੈ ਕਿ ਜੇ ਕੋਈ ਉਸ ਵਿਰੁੱਧ ਬੋਲੇਗਾ ਤਾਂ ਉਹਦੀਸੰਗਤ ਵਿੱਚ ਕਿਰਦਾਰਕੁਸੀ ਕੀਤੀ ਜਾਵੇਗੀ। ਜਸਜੀਤ ਸਿੰਘ ਨੇ ਕਿਹਾ,”ਗੁਰਦੂਆਰੇ ਦੀ ਗੱਲ ਤਾਂ ਪਾਸੇ ਰਹੀ ਮੈਂ ਸੰਗਤ ਅੱਗੇ ਇਹਨਾਂ ਦੇਅਸਲੀ ਚਿਹਰੇ ਸਾਹਮਣੇ ਲਿਆਉਣੇ ਹਨ। ਇਹ ਟਾਊਟ ਕਿਸਮ ਦੇ ਲੋਕ ਹਨ ਜਿਸਦਾ ਮੈਨੂੰ ਪੰਚਾਇਤ ਬਨਣ ਵੇਲੇ ਅਹਿਸਾਸ ਨਹੀਂ ਸੀ।ਇਹ ਪਹਿਲਾਂ ਫਰੀਮਾਂਟ ਪੁਲਿਸ ਕੋਲ ਸਾਡੀਆਂ ਸ਼ਿਕਾਇਤਾਂ ਕਰਦੇ ਰਹਿੰਦੇ ਸਨ ਤੇ ਹੁਣ ਐਸ ਪੀ ਨੇ ਸਾਇਦ ਪ੍ਰੀਤਮ ਗਰੇਵਾਲ ਤੇ ਬਾਬ ਢਿੱਲੋਂਤੋਂ ਸੈਂਟਾਂ ਕਲਾਰਾ ਦੇ ਡੀ ਏ ਦੀ ਸਿਫਾਰਸ ਪੁਆ ਕੇ ਮਿਲਪੀਟਸ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ। ਮੈਂ ਇਹਨਾਂ ਨੂੰ ਇੱਕ ਗੱਲ ਸਪੱਸਟ ਕਰਦਿਆਂ ਕਿ ਗੁਰੂ ਸਿਰ ਤੇ ਹੱਥ ਰੱਖੇ ਤਾਂ ਮੈਨੂੰ ਕਿਸੇ ਵਿਅਕਤੀ ਦੀ ਪ੍ਰਵਾਹ ਨਹੀਂ ਤੇ ਨਾਂਹ ਹੀ ਬਾਬੇ ਦੀ ਮਿਹਰ ਨਾਲ ਮੈਂ ਕਿਸੇ ਤੋਂ ਡਰਦਾ ਹਾਂ” ਪਰ ਮੈਂ ਇੱਕ ਗੱਲ ਲਈ ਦ੍ਰਿੜ ਹਾਂ ਕਿ ਗੁਰਦੂਆਰਾ ਸਾਹਿਬ ਫਰੀਮਾਂਟ ਜਾਬੇਏਰੀਆ ਵਿੱਚ ਜੋ ਇਹਨਾਂ ਨੇ ਮਹੌਲ ਬਨਾਉਣ ਦੀ ਕੋਸਸਿ ਕੀਤੀ ਹੈ, ਇਹਨਾਂ ਦੀ ਉਹ ਇੱਛਾ ਪੂਰੀ ਨਹੀਂ ਹੋਣ ਦਿਆਂਗੇ ਅਤੇ ਅਜਿਹਾ ਮਹੌਲ ਸਿਰਜਾਂਗੇ ਕਿ ਕੋਈ ਵੀ ਸੰਗਤ ਮੈਂਬਰ ਖੁੱਲ ਕੇ ਬੇਝਿਜੱਕ ਆਪਣੇ ਵਿਚਾਰ ਪੇਸ ਕਰ ਸਕਦਾ ਹੋਵੇ ਤੇ ਉਸਦੀ ਕੋਈ ਵੀ ਬੇਇਜਤੀ ਨਾਂ ਕਰ ਸਕੇ।

# ਸਕੋਪ ਵੱਲੋਂ ਉਮੀਦਵਾਰਾਂ ਨਾਲ ਮਿਲਣੀ ਲਈ ਸੱਦੀ ਰੈਲੀ ਐਤਵਾਰ ਨੂੰ

**ਯੂਨੀਅਨ ਸਿਟੀ/ਏ.ਟੀ.ਨਿਊਜ਼:** ਸਕੋਪ ਨੇ ਪ੍ਰੈਸ ਰਲੀਜ਼ ਜਾਰੀ ਕਰਦੇ ਹੋਏ ਕਿਹਾ ਹੈ ਕਿ ਜ਼ਿਹਨਾਂ ਉਮੀਦਵਾਰਾਂ ਨੂੰ ਉਹਨਾਂ ਨੇ ਮਦਦ ਕਰਨ ਦਾ ਵਾਅਦਾਕੀਤਾ ਹੈ ਉਹਨਾਂ ਨਾਲ ਸਿੱਖ ਸੰਗਤ ਦੀ ਮਿਲਣੀ ਲਈ ਆਉਂਦੇ ਐਤਵਾਰ ਯੂਨੀਅਨ ਸਿਟੀ ਦੇ ਕਨੇਡੀ ਪਾਰਕ ਵਿੱਚ ਰੈਲੀ ਦਾ ਇੰਤਜ਼ਾਮਕੀਤਾ ਗਿਆ ਹੈ। ਇਹ ਉਮੀਦਵਾਰਾਂ ਲਈ ਵੋਟਰਾਂ ਨਾਲ ਵਿਚਾਰ ਸਾਂਝੇ ਕਰਨ ਦਾ ਸਕੋਪ ਦੇ ਪਲੇਟਫਾਰਮ ਤੇ ਆਖਰੀ ਮੌਕਾ ਹੋਵੇਗਾ। ਸਿੱਖਸੰਗਤ ਨੂੰ ਪੰਹੁਚਣ ਲਈ ਬੇਨਤੀ ਕੀਤੀ ਜਾਂਦੀ ਹੈ। ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ:

**ਤਰੀਕ: 25 ਅਕਤੂਬਰ ਦਿਨ ਐਤਵਾਰ**

**ਸਮਾਂ: 3 ਵਜੇ ਬਾਅਦ ਦੁਪਹਿਰ**

**ਜਗ੍ਹਾ: ਕਨੇਡੀ ਪਾਰਕ, 1333 Decoto Road Union City ( ਯੂਨੀਅਨ ਸਿਟੀ ਬਾਰਟ ਸ਼ਟੇਸ਼ਨ ਕੋਲ ਮੈਕਡੋਨਲਡ ਸਾਹਮਣੇ)**

**ਹੋਰ ਜਾਣਕਾਰੀ ਲਈ (510)299-7982 ਤੇ ਸੰਪਰਕ ਕਰ ਸਕਦੇ ਹੋ।**

# ਛੋਟੀਆਂ ਟਰਕਿੰਗ ਕੰਪਨੀਆਂ ਦਾ ਸਫਾਇਆ ਹੋਣਾ ਸੰਭਵ

## ਬੀਮਾ ਧੋਖਾਧੜੀ ਦਾ ਪੰਜਾਬੀ ਮੂਲ ਦੇ ਟਰੱਕਿੰਗ ਕਾਰੋਬਾਰ ਦੇ ਮਾਲਕਾਂ ’ਤੇ ਦੋਸ਼

**ਫਰਿਜ਼ਨੋ/ਏ.ਟੀ.ਨਿਊਜ਼:** ਸੈਕਰਾਮੈਂਟੋ ਟਰੱਕਿੰਗ ਕੰਪਨੀ ਦੇ ਦੋ ਪੰਜਾਬੀ ਮੂਲ ਦੇ ਮਾਲਕਾਂ ’ਤੇ ਬੀਮਾ ਧੋਖਾਧੜੀ ਦੇ ਦੋਸ਼ ਲਗਾਏ ਗਏ ਹਨ, ਜਿਸ ਦੇ ਨਤੀਜੇ ਵਜੋਂ ਬੀਮਾ ਕਰਤਾ ਨੂੰ 234,000 ਡਾਲਰ ਅਤੇ ਰੋਜ਼ਗਾਰ ਵਿਕਾਸ ਵਿਭਾਗ (ਈ. ਡੀ. ਡੀ.) ਨੂੰ 220,000 ਡਾਲਰ ਦਾ ਨੁਕਸਾਨ ਹੋਇਆ ਹੈ।

ਹਰਦੀਪ ਸਿੰਘ (44) ਅਤੇ ਅਮਨਦੀਪ ਕੌਰ (36) ’ਤੇ ਦੋਸ਼ ਹੈ ਕਿ ਉਨ੍ਹਾਂ ਨੇ ਆਪਣੇ ਕਰਮਚਾਰੀਆਂ ਨੂੰ ਸੁਤੰਤਰ ਠੇਕੇਦਾਰ ਦੱਸ ਕੇ 1.4 ਮਿਲੀਅਨ ਡਾਲਰ ਦੀ ਤਨਖ਼ਾਹ ਦੀ ਬਜਾਏ ਸੱਬਹਾਲਰ ਵਜੋਂ ਦਿੱਤੇ ਅਤੇ ਤਨਖ਼ਾਹ ਵਜੋਂ 105,811 ਡਾਲਰ ਦਿੱਤੇ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਵੱਡੀਆਂ ਟਰਕਿੰਗ ਕੰਪਨੀਆਂ (ਕਾਰਪੋਰੇਟ) ਨੇ ਛੋਟੀਆਂ ਕੰਪਨੀਆਂ ਦਾ ਇਸ ਕਾਰੋਬਾਰ ਵਿੱਚੋਂ ਸਫਾਇਆ ਕਰਨ ਲਈ ਅਜਿਹੇ ਕਨੂੰਨ ਬਦਲਾਅ ਦਿੱਤੇ ਹਨ ਜਿੱਥੇ ਸੱਬਹਾਲਰ ਨੂੰ ਵੀ ਕਰਮਚਾਰੀ ਵਾਂਗ ਤਨਖ਼ਾਹ ਦੇਣੀ ਪੈਂਦੀ ਹੈ ਜਿਸ ਕਾਰਣ ਵਰਕ ਕੰਮਪਨਸ਼ੇਸ਼ਨ ਕਰਾਉਣ ਨਾਲ ਖ਼ਰਚਾ ਇੰਨਾ ਵੱਧ ਜਾਂਦਾ ਹੈ ਕਿ ਪੰਜਾਬੀ ਟਰਕਿੰਗ ਕੰਪਨੀਆਂ ਜਿਸ ਰੇਟ ਲੋਡ ਚੁੱਕਦੀਆਂ ਹਨ ਉਹਨਾਂ ਨੂੰ ਮੁਨਾਫ਼ਾ ਹੋ ਹੀ ਨਹੀਂ ਸਕਦਾ। ਪੰਜਾਬੀ ਜਾਂ ਇਹ ਹਰਦੀਪ ਸਿੰਘ ਅਤੇ ਅਮਨਦੀਪ ਕੌਰ ਨੇ ਕੋਈ ਧੋਖਾਧੜੀ ਨਹੀਂ ਕੀਤੀ ਸਗੋਂ ਬਦਲਿਆ ਕਨੂੰਨ ਮੰਨਿਆ ਨਹੀਂ। ਇਹ ਸੱਬਹਾਲਰ ਨਾਲ ਕੋਈ ਹੇਰਾ-ਫੇਰੀ ਨਹੀਂ। ਤਕਰੀਬਨ 90% ਪੰਜਾਬੀ ਕੰਪਨੀਆਂ ਕਾਰੋਬਾਰ ਵਿੱਚ ਰਹਿਣ ਲਈ ਇਸ ਤਰਾਂ ਹੀ ਕਰ ਰਹੀਆਂ ਹਨ। ਇਸ ਦੇ ਹੱਲ ਲਈ ਕੁੱਝ ਹੱਲ ਹੋ ਸਕਦੇ ਸਨ ਪਰ ਪੰਜਾਬੀ ਬੰਦੇ ਅਣਗਹਿਲੀ ਕਰਕੇ ਅਜਿਹੇ ਕਨੂੰਨਾਂ ਵੱਲ ਧਿਆਨ ਨਹੀਂ ਦਿੰਦੇ ਅਤੇ ਸੱਬਹਾਲਰ ਵੀ ਆਪਣਾ ਭੁਗਤਾਨ ਤਨਖ਼ਾਹ ਵਾਂਗ ਟੈਕਸ ਕਟਾ ਕੇ ਨਹੀਂ ਲੈਣਾ ਚਾਹੁੰਦੇ। ਇਸ ਵਿੱਚ ਇਕੱਲਾ ਮਾਲਕ ਹੀ ਕਸੂਰਵਾਰ ਨਹੀਂ।

# ਰਾਸ਼ਟਰਪਤੀ ਟਰੰਪ ਨੇ ਚੋਟੀ ਦੇ ਡਾਕਟਰ ਫੌਸੀ ਨੂੰ ਕਿਹਾ ‘ਡਿਜ਼ਾਸਟਰ’

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸਰਕਾਰ ਦੇ ਲਾਗ ਦੀਆਂ ਬਿਮਾਰੀਆਂ ਬਾਰੇ ਚੋਟੀ ਦੇ ਮਾਹਿਰ ਡਾ ਐਨਥਨੀ ਫੌਸੀ ਦੀ ਤਿੱਖੀ ਅਲੋਚਨਾ ਕਰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਸ ਨੂੰ ‘ਡਿਜ਼ਾਸਟਰ’ ਦਾ ਰੁਤਬਾ ਦਿੱਤਾ ਹੈ। ਰਾਸ਼ਟਰਪਤੀ ਦਾ ਇਹ ਪ੍ਰਤੀਕਰਮ ਡਾ. ਫੌਸੀ ਵੱਲੋਂ ਇਕ ਇੰਟਰਵਿਊ ਦੌਰਾਨ ਰਾਸ਼ਟਰਪਤੀ ਟਰੰਪ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਉਣ ਉੱਪਰ ਕੀਤੀ ਗਈ ਟਿੱਪਣੀ ਤੋਂ ਬਾਅਦ ਆਇਆ ਹੈ। ਡਾ. ਫੌਸੀ ਨੇ ਕਿਹਾ ਸੀ ਕਿ ਰਾਸ਼ਟਰਪਤੀ ਦੀ ਰਿਪੋਰਟ ਪਾਜ਼ੇਟਿਵ ਆਉਣ ’ਤੇ ਉਨਾਂ ਨੂੰ ਕੋਈ ਹੈਰਾਨੀ ਨਹੀਂ ਹੋਈ ਹੈ ਕਿਉਂਕਿ ਰਾਸ਼ਟਰਪਤੀ ਨੇ ਅਕਸਰ ਮਾਸਕ ਨਹੀਂ ਪਾਇਆ। ਆਪਣੇ ਚੋਣ ਮੁਹਿੰਮ ਸਟਾਫ਼ ਨਾਲ ਇਕ ਕਾਨਫ਼ਰੰਸ ਦੌਰਾਨ ਟਰੰਪ ਨੇ ਕਿਹਾ ਕਿ ਫੌਸੀ ਜਦੋਂ ਵੀ ਟੈਲੀਵਿਜ਼ਨ ਉੱਪਰ ਆਉਂਦੇ ਹਨ ਤਾਂ ਉਹ ‘ਬੰਬ’ ਸੁੱਟਦੇ ਹਨ ਪਰੰਤੂ ਜੇਕਰ ਫੌਸੀ ਨੂੰ ਕਿਹਾ ਜਾਵੇ ਕਿ ਉਹ ਤਬਾਹੀ ਦਾ ਦੂਜਾ ਨਾਂ ਹੈ ਤਾਂ ਇਹ ਅੱਤਕਥਨੀ ਨਹੀਂ ਹੋਵੇਗੀ। ਰਾਸ਼ਟਰਪਤੀ ਨੇ ਕਿਹਾ ਕਿ ਲੋਕ ਮਹਾਂਮਾਰੀ ਬਾਰੇ ਸੁਣਨਾ ਨਹੀਂ ਚਾਹੁੰਦੇ ਇਸ ਲਈ ਫੌਸੀ ਵਰਗੇ ਸਿਹਤ ਮਾਹਿਰ ਸਾਨੂੰ ਇਕੱਲਿਆਂ ਛੱਡ ਦੇਣ। ਡਾ. ਫੌਸੀ 1984 ਤੋਂ ‘ਨੈਸ਼ਨਲ ਇੰਸਟੀਚਿਊਟ ਆਫ ਏਲਰਜੀ ਐਂਡ ਇਨਫੈਕਟੀਅਸ ਡਸੀਜ਼’ ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹ ਅਕਸਰ ਕੋਰੋਨਾ ਬਾਰੇ ਰਾਸ਼ਟਰਪਤੀ ਦੀ ਪਹੁੰਚ ਦੀ ਅਲੋਚਨਾ ਕਰਦੇ ਰਹੇ ਹਨ।

# ਭਾਰਤੀ ਮੂਲ ਦੇ ਅਮਰੀਕੀਆਂ ਦੀ ਵੱਡੀ ਬਹੁਗਿਣਤੀ ਬਾਈਡੇਨ ਦੀ ਹਮਾਇਤੀ: ਸਰਵੇ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਭਾਰਤੀ ਮੂਲ ਦੇ ਅਮਰੀਕੀਆਂ ਦੀ ਵੱਡੀ ਬਹੁਗਿਣਤੀ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕ੍ਰੈਟਿਕ ਉਮੀਦਵਾਰ ਜੋ ਬਾਈਡੇਨ ਤੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਕਮਲਾ ਹੈਰਿਸ ਨੂੰ ਵੋਟ ਪਾਉਣਾ ਚਾਹੁੰਦੀ ਹੈ। ਇਹ ਪ੍ਰਗਟਾਵਾ ਇਕ ਤਾਜ਼ਾ ਸਰਵੇ ਵਿਚ ਹੋਇਆ ਹੈ। 2020 ਇੰਡੀਅਨ ਅਮੈਰੀਕਨ ਐਟੀਚਿਊਟ ਸਰਵੇ ਅਨੁਸਾਰ 72% ਭਾਰਤੀ-ਅਮਰੀਕੀ ਭਾਈਚਾਰਾ ਬਾਈਡੇਨ ਤੇ ਕਮਲਾ ਹੈਰਿਸ ਨੂੰ ਵੋਟ ਪਾਉਣੀ ਚਾਹੁੰਦਾ ਹੈ ਜਦ ਕਿ 22% ਡੋਨਾਲਡ ਟਰੰਪ ਦੇ ਹੱਕ ਵਿਚ ਹਨ। 3% ਕਿਸੇ ਤੀਸਰੇ ਉਮੀਦਵਾਰ ਨੂੰ ਵੋਟ ਪਾਉਣਾ ਚਾਹੁੰਦੇ ਹਨ ਜਦ ਕਿ 3% ਵੋਟ ਪਾਉਣ ਦਾ ਇਰਾਦਾ ਨਹੀਂ ਰੱਖਦੇ। ਇਹ ਸਰਵੇ ਕਾਰਨੀਜ ਇੰਡੋਮੈਂਟ ਫਾਰ ਇੰਟਰਨੈਸ਼ਨਲ ਪੀਸ ਜੌਹਨ ਹੋਪਕਿਨਜ ਯੁਨੀਵਰਸਿਟੀ ਤੇ ਯੁਨੀਵਰਸਿਟੀ ਆਫ ਪੈਨਸਿਲਵਾਨੀਆ ਦੀ ਭਾਈਵਾਲੀ ਨਾਲ ਪੋਲਿੰਗ ਕੰਪਨੀ ‘ਯੂ ਗੌਵ’ ਦੁਆਰਾ ਕੀਤਾ ਗਿਆ। ਦ ਟਾਈਮਜ਼ ਅਨੁਸਾਰ ਭਾਰਤੀ ਮੂਲ ਦੀ ਅਮਰੀਕਨ ਕਮਲਾ ਹੈਰਿਸ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਮੈਦਾਨ ਵਿਚ ਉਤਾਰਨ ਕਾਰਨ ਫਲੋਰੀਡਾ, ਮਿਸ਼ੀਗਨ ਤੇ ਪੈਨਸਿਲਵਾਨੀਆ ਵਰਗੇ ਰਾਜਾਂ ਵਿਚ ਵੋਟਰਾਂ ਦਾ ਝੁਕਾਅ ਡੈਮੋਕ੍ਰੈਟਿਕ ਉਮੀਦਵਾਰਾਂ ਵੱਲ ਵਧਿਆ ਹੈ। ਸਰਵੇ ਅਨੁਸਾਰ 45% ਵੋਟਰਾਂ ਨੇ ਸੰਕੇਤ ਦਿੱਤਾ ਹੈ ਕਿ ਕਮਲਾ ਹੈਰਿਸ ਦੀ ਉਪ ਰਾਸ਼ਟਰਪਤੀ ਵਜੋਂ ਨਾਮਜ਼ਦਗੀ ਨੇ ਨਵੰਬਰ ਚੋਣਾਂ ਵਿਚ ਉਨਾਂ ਲਈ ਉਮੀਦਵਾਰਾਂ ਦੀ ਚੋਣ ਸਬੰਧੀ ਰਾਹ ਸੌਖਾ ਕਰ ਦਿੱਤਾ ਹੈ। ਜਦ ਕਿ 10% ਨੇ ਕਿਹਾ ਹੈ ਕਿ ਕਮਲਾ ਹੈਰਿਸ ਉਨਾਂ ਲਈ ਕੋਈ ਮੁੱਦਾ ਨਹੀਂ ਹੈ। ਹਾਲਾਂ ਕਿ ਸਰਵੇ ਵਿਚ ਪਹਿਲਾਂ ਦੀ ਤੁਲਨਾ ’ਚ ਟਰੰਪ ਦੇ ਹੱਕ ਵਿਚ ਸਮਰਥਨ ਵਧਿਆ ਹੈ ਪਰ ਸਮੁੱਚੇ ਤੌਰ ’ਤੇ ਵੱਡੀ ਤਾਦਾਦ ਵਿਚ ਭਾਰਤੀ ਮੂਲ ਦੇ ਅਮਰੀਕੀ ਡੈਮੋਕਰੈਟਿਕ ਉਮੀਦਵਾਰਾਂ ਦੇ ਹੱਕ ਵਿਚ ਨਜ਼ਰ ਆ ਰਹੇ ਹਨ।

# ਅਦਾਲਤ ਨੇ ਭਾਰਤੀ ਮੂਲ ਦੀ ਅਮਰੀਕੀ ਡਾਕਟਰ ਵਿਰੁੱਧ ਲਾਏ ਦੋਸ਼ ਕੀਤੇ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸੈਕਰਾਮੈਂਟੋ ਦੀ ਇਕ ਸੰਘੀ ਅਦਾਲਤ ਨੇ ਭਾਰਤੀ ਮੂਲ ਦੀ ਅਮਰੀਕੀ ਨਿਊਰੋਲੋਜਿਸਟ ਡਾਕਟਰ ਫਿਰਦੋਸ ਸ਼ੇਖ ਵਿਰੁੱਧ ਦਾਇਰ ਪਟੀਸ਼ਨ ਰੱਦ ਕਰ ਦਿੱਤੀ। ਡਾਕਟਰ ਸ਼ੇਖ ਜੋ ਕਿ ਪ੍ਰਸਿੱਧ ਨਿਊਰੋਲੋਜਿਸਟ ਹੈ, ਵਿਰੁੱਧ ਬੰਧੂਆ ਮਜ਼ਦੂਰੀ ਦੇ ਦੋਸ਼ ਲਾਏ ਗਏ ਸਨ ਤੇ ਇਸ ਸਬੰਧੀ ਵੱਡੀ ਪੱਧਰ ਉੱਪਰ ਖ਼ਬਰਾਂ ਵੀ ਪ੍ਰਕਾਸ਼ਿਤ ਹੋਈਆਂ ਸਨ। ਡਾਕਟਰ ਸ਼ੇਖ ਵੱਲੋਂ ਖ਼ੁਦ ਤੇ ਉਨਾਂ ਦੇ ਵਕੀਲ ਵੱਲੋਂ ਇਨਾਂ ਦੋਸ਼ਾਂ ਦਾ ਨਿਰੰਤਰ ਵਿਰੋਧ ਕੀਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਡਾਕਟਰ ਨਿਰਦੋਸ਼ ਹੈ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਸਰਕਾਰੀ ਧਿਰ ਡਾਕਟਰ ਸ਼ੇਖ ਦੇ ਨਿਰਦੋਸ਼ ਹੋਣ ਵਿਰੁੱਧ ਲੋੜੀਂਦੇ ਸਬੂਤ ਦੇਣ ਵਿਚ ਨਾਕਾਮ ਰਹੀ ਹੈ ਜਿਸ ਕਾਰਨ ਕੇਸ ਦੀ ਸੁਣਵਾਈ ਵਿਚ ਵੀ ਦੇਰੀ ਹੋਈ ਹੈ। ਅਦਾਲਤ ਇਸ ਕੇਸ ਨੂੰ ਸਿਰੇ ਤੋਂ ਖ਼ਾਰਜ ਕਰਦੀ ਹੈ। ਫ਼ੈਸਲੇ ਉਪਰੰਤ ਡਾ. ਸ਼ੇਖ ਨੇ ਕਿਹਾ ਕਿ ‘ਇਹ ਸਾਰਾ ਮੁਕੱਦਮਾ ਮੇਰੇ ਤੇ ਮੇਰੇ ਪਰਿਵਾਰ ਲਈ ਡਰਾਉਣਾ ਸੀ। ਮੈ ਪਿਛਲੇ ਸਾਲਾਂ ਤੋਂ ਆਪਣੇ ਆਪ ਨੂੰ ਨਿਰੱਦੋਸ਼ ਸਾਬਤ ਕਰਨ ਦੀ ਕੋਸ਼ਿਸ਼ ਕਰਦੀ ਰਹੀ ਹਾਂ। ਮੈ ਕੇਸ ਰੱਦ ਕਰਨ ਲਈ ਅਦਾਲਤ ਦਾ ਧੰਨਵਾਦ ਕਰਦੀ ਹਾਂ।‘

# ਭਾਰਤੀ ਮੂਲ ਦੀ ਮੁਟਿਆਰ ਨੇ ਲੱਭਿਆ ਕਰੋਨਾ ਦਾ ਇਲਾਜ

## ਜਿੱਤੇ 25 ਹਜ਼ਾਰ ਡਾਲਰ, ਇਹ ਰਾਸ਼ੀ '3 ਐੱਮ ਯੰਗ ਸਾਈਂਟਿਸਟ ਚੈਲੇਂਜ' ਵਿਚ ਟੌਪ 10 ਵਿਚ ਆਉਣ ਲਈ ਮਿਲੀ

**ਵਾਸ਼ਿੰਗਟਨ/ਏ.ਟੀ.ਨਿਊਜ਼:** ਭਾਰਤੀ ਮੂਲ ਦੀ ਅਮਰੀਕੀ ਕੁੜੀ ਨੇ ਇਕ ਵਿਲੱਖਣ ਖੋਜ ਦੇ ਲਈ 25,000 ਅਮਰੀਕੀ ਡਾਲਰ ਦਾ ਇਨਾਮ ਜਿੱਤਿਆ ਹੈ। ਇਹ ਖੋਜ ਕੋਵਿਡ-19 ਦਾ ਇਕ ਸੰਭਾਵਿਤ ਇਲਾਜ ਪ੍ਰਦਾਨ ਕਰ ਸਕਦੀ ਹੈ। ਅਨਿਕਾ ਚੇਬਰੋਲੂ (14) ਨੂੰ ਇਹ ਰਾਸ਼ੀ '3 ਐੱਮ ਯੰਗ ਸਾਈਂਟਿਸਟ ਚੈਲੇਂਜ' ਵਿਚ ਟੌਪ 10 ਵਿਚ ਆਉਣ ਲਈ ਮਿਲੀ ਹੈ।



ਇਹ ਅਮਰੀਕਾ ਦਾ ਇਕ ਪ੍ਰਮੁੱਖ 'ਸੈਕੰਡਰੀ ਸਕੂਲ ਵਿਗਿਆਨ' ਮੁਕਾਬਲਾ ਹੈ। '3ਐੱਮ' ਮਿਨੇਸੋਟਾ ਸਥਿਤ ਇਕ ਅਮਰੀਕੀ ਨਿਰਮਾਣ ਕੰਪਨੀ ਹੈ। '3ਐੱਮ ਚੈਲੇਂਜ ਵੈਬਸਾਈਟ' ਦੇ ਮੁਤਾਬਿਕ ਪਿਛਲੇ ਸਾਲ ਇਕ ਗੰਭੀਰ ਇਨਫਲੂਐਂਜਾ ਇਨਫੈਕਸ਼ਨ ਨਾਲ ਜੂਝਣ ਦੇ ਬਾਅਦ ਅਨਿਕਾ ਨੇ ਯੰਗ ਸਾਈਂਟਿਸਟ ਚੈਲੇਂਜ ਵਿਚ ਹਿੱਸਾ ਲੈਣ ਦਾ ਫ਼ੈਸਲਾ ਲਿਆ। ਉਹ ਇਨਫਲੂਐਂਜਾ ਦਾ ਇਲਾਜ ਲੱਭਣਾ ਚਾਹੁੰਦੀ ਸੀ। ਕੋਵਿਡ-19 ਦੇ ਬਾਅਦ ਸਭ ਬਦਲ ਗਿਆ ਅਤੇ ਉਸ ਨੇ ਸਾਰਸ-ਕੋਵਿ-2 ਇਨਫੈਕਸ਼ਨ 'ਤੇ ਧਿਆਨ ਕੇਂਦਰਿਤ ਕੀਤਾ। ਉਸ ਨੂੰ ਇਨਾਮ ਦੀ ਰਾਸ਼ੀ ਦੇ ਨਾਲ ਹੀ '3ਐੱਮ' ਦਾ ਖ਼ਾਸ ਮਾਰਗ ਦਰਸ਼ਨ ਵੀ ਮਿਲਿਆ ਹੈ। ਇਹ ਜਾਨਲੇਵਾ ਵਾਇਰਸ ਆਪਣੇ ਪ੍ਰੋਟੀਨ ਨਾਲ ਹੀ ਫੈਲਦਾ ਹੈ। ਇਸ ਪ੍ਰੋਟੀਨ ਨੂੰ ਹੀ ਕਿਰਿਆਹੀਣ ਕਰਨ ਲਈ ਅਨਿਕਾ ਨੇ ਇਕ ਅਣੂ ਦੀ ਖੋਜ ਕਰ ਲਈ ਹੈ। ਅਨਿਕਾ ਨੇ ਆਪਣੀ ਲੀਡ ਅਣੂ ਦੀ ਖੋਜ ਵਿਚ ਇਨ-ਸਿਲਿਕੋ ਵਿਧੀ ਦੀ ਵਰਤੋਂ ਕੀਤੀ ਹੈ ਜੋ ਚੋਣਵੇਂ ਤੌਰ 'ਤੇ ਸਾਰਸ-ਕੋਵਿ-2 ਵਾਇਰਸ ਦੇ ਸਪਾਈਕ ਪ੍ਰੋਟੀਨ ਨਾਲ ਜੁੜ ਸਕਦੀ ਹੈ। ਅਨਿਕਾ ਨੇ ਦੱਸਿਆ,'ਮੈਂ ਇਕ ਅਣੂ ਨੂੰ ਵਿਕਸਿਤ ਕੀਤਾ ਜੋ ਵਾਇਰਸ ਦੇ ਉਸ ਪ੍ਰੋਟੀਨ ਦੇ ਨਾਲ ਜੁੜ ਸਕਦਾ ਹੈ ਅਤੇ ਇਸ ਦੇ ਬਾਅਦ ਇਹ ਪ੍ਰੋਟੀਨ ਆਪਣਾ ਕੰਮ ਕਰਨਾ ਬੰਦ ਕਰ ਦੇਵੇਗਾ।' ਅਨਿਕਾ ਨੇ ਦੱਸਿਆ ਕਿ 8ਵੀਂ ਜਮਾਤ ਵਿਚ ਉਸ ਨੇ ਆਪਣਾ ਪ੍ਰਾਜੈਕਟ ਜਮਾਂ ਕਰਵਾ ਦਿੱਤਾ ਸੀ।

# ਕੈਲੀਫੋਰਨੀਆ ਵਿਚ ਵੋਟ ਬਕਸੇ ਨੂੰ ਲੱਗੀ ਅੱਗ ਵਿਚ 100 ਦੇ ਆਸ ਪਾਸ ਵੋਟਾਂ ਸੜੀਆਂ,

## 'ਐਫ ਬੀ ਆਈ' ਕਰੇਗੀ ਘਟਨਾ ਦੀ ਜਾਂਚ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** 3 ਨਵੰਬਰ ਨੂੰ ਹੋ ਰਹੀ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਵਾਪਰੀ ਇਕ ਘਟਨਾ ਵਿਚ ਵੋਟਾਂ ਵਾਲੇ ਇਕ ਬਕਸੇ ਨੂੰ ਅੱਗ ਲੱਗ ਗਈ, ਜਿਸ ਵਿਚ 100 ਵੋਟਾਂ ਨਸ਼ਟ ਹੋ ਜਾਣ ਦਾ ਅਨੁਮਾਨ ਹੈ। ਸਮਝਿਆ ਜਾਂਦਾ ਹੈ ਕਿ ਕਿਸੇ ਸ਼ਰਾਰਤੀ ਅਨਸਰ ਵੱਲੋਂ ਬਕਸੇ ਨੂੰ ਅੱਗ ਲਾਈ ਗਈ ਹੈ। ਇਹ ਘਟਨਾ ਲਾਸ ਏਂਜਲਸ ਦੇ ਪੂਰਬ ਵਿਚ ਤਕਰੀਬਨ 20 ਕਿੱਲੋਮੀਟਰ ਦੂਰ ਨੀਮ ਸ਼ਹਿਰੀ ਖੇਤਰ ਲਤੀਨੋ ਬਹੁਗਿਣਤੀ ਵਾਲੇ ਕਸਬੇ ਬਲਡਵਿਨ ਪਾਰਕ ਵਿਚ ਵਾਪਰੀ। ਲਾਸ ਏਂਜਲਸ ਕਾਊਂਟੀ ਦੇ ਅਧਿਕਾਰੀ ਅੱਗ ਲੱਗਣ ਦੀ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੇ ਹਨ। ਲਾਸ ਏਂਜਲਸ ਕਾਊਂਟੀ ਦੇ ਸੁਪਰਵਾਈਜ਼ਰ ਹਿਲਡਾ ਐਲ ਸੋਲਿਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਬਲਡਵਿਨ ਪਾਰਕ ਲਾਇਬਰੇਰੀ ਵੱਲੋਂ ਮੁਹੱਈਆ ਕਰਵਾਏ ਇਕ ਸਰਕਾਰੀ 'ਬੈਲਟ ਡਰਾਪ ਬੌਕਸ' ਨੂੰ ਸਾੜਨ ਦੀ ਘਟਨਾ ਵੋਟਰਾਂ ਨੂੰ ਵੋਟ ਨਾ ਪਾਉਣ ਦੇਣ ਦੀ ਕੋਸ਼ਿਸ਼ ਹੈ। ਉਨਾਂ ਕਿਹਾ, ਕਿ ਇਸ ਦੇ ਨਾਲ ਹੀ ਇਸ ਘਟਨਾ ਤੋਂ ਸਾਡੀ ਚੋਣਾਂ ਦੀ ਸੁਰੱਖਿਆ ਉੱਪਰ ਵੀ ਸਵਾਲ ਖੜੇ ਹੋਏ ਹਨ। ਸੁਪਰਵਾਈਜਰ ਨੇ ਕਿਹਾ, ਕਿ ਸਾਡੇ ਲੋਕਤੰਤਰ ਨਾਲ ਛੇੜਛਾੜ ਕਰਨ ਜਾਂ ਛੇੜਛਾੜ ਦੀ ਕੋਸ਼ਿਸ਼ ਕਰਨ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਕਾਊਂਟੀ ਦੇ ਰਜਿਸਟਰਾਰ ਦਫ਼ਤਰ ਨੇ ਐਫ ਬੀ ਆਈ ਤੇ ਅਟਾਰਨੀ ਜਨਰਲ ਨੂੰ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ। ਹਾਲਾਂ ਕਿ ਇਹ ਸਪਸ਼ਟ ਨਹੀਂ ਹੋ ਸਕਿਆ ਅੱਗ ਵਿਚ ਕਿੰਨੀਆਂ ਵੋਟਾਂ ਸੜੀਆਂ ਹਨ ਜਾਂ ਪ੍ਰਭਾਵਿਤ ਹੋਈਆਂ ਹਨ ਪਰੰਤੂ ਬਲਡਵਿਨ ਪਾਰਕ ਦੇ ਮੇਅਰ ਮੈਨੂਏਲ ਲੋਜ਼ਾਨੋ ਨੇ ਕਿਹਾ ਹੈ ਕਿ ਬਕਸੇ ਵਿਚ 100 ਦੇ ਆਸ ਪਾਸ ਵੋਟਾਂ ਸਨ ਜੋ ਨਸ਼ਟ ਹੋ ਗਈਆਂ। ਬਕਸੇ ਨੂੰ ਬੰਦ ਕਰ ਦਿੱਤਾ ਗਿਆ ਹੈ ਤਾਂ ਜੋ ਹੋਰ ਲੋਕਾਂ ਨੂੰ ਇਸ ਬਕਸੇ ਵਿਚ ਵੋਟਾਂ ਪਾਉਣ ਤੋਂ ਰੋਕਿਆ ਜਾ ਸਕੇ। ਇਕ ਚਸ਼ਮਦੀਦ ਗਵਾਹ ਅਨੁਸਾਰ, 'ਉਸ ਨੇ ਅੱਗ ਬੁਝਾਊ ਅਮਲੇ ਨੂੰ ਵੋਟ ਬਕਸੇ ਵਿਚੋਂ ਦਰਜਨਾਂ ਵੋਟਾਂ ਕੱਢਦਿਆਂ ਵੇਖਿਆ ਹੈ।

# ਟਰੰਪ ਤੇ ਬਾਰੇਟ ਦੀ ਸੁਪਰੀਮ ਕੋਰਟ ਵਿਚ ਨਾਮਜ਼ਦਗੀ ਵਿਰੁੱਧ ਔਰਤਾਂ ਵੱਲੋਂ ਵਿਸ਼ਾਲ ਮਾਰਚ।

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) :** ਤਕਰੀਬਨ 4 ਸਾਲ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੇ ਪਹਿਲੇ ਦਿਨ ਉਨਾਂ ਵਿਰੁੱਧ ਹੋਏ ਵਿਸ਼ਵ ਪੱਧਰ 'ਤੇ ਪ੍ਰਦਰਸ਼ਨਾਂ ਤੋਂ ਬਾਅਦ ਔਰਤਾਂ ਵੱਲੋਂ ਵਾਸ਼ਿੰਗਟਨ, ਡੀ ਸੀ ਵਿਚ ਕੱਢੇ ਗਏ ਮਾਰਚ ਵਿਚ ਹਜ਼ਾਰਾਂ ਲੋਕਾਂ ਨੇ ਨਿੱਜੀ ਤੌਰ 'ਤੇ ਆਨ ਲਾਈਨ ਹਿੱਸਾ ਲਿਆ। ਇਹ ਮਾਰਚ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨਾਂ ਵੱਲੋਂ ਸੁਪਰੀਮ ਕੋਰਟ ਲਈ ਨਾਮਜ਼ਦ ਜੱਜ ਐਮੀ ਕੋਨੇ ਬਾਰੇਟ ਵਿਰੁੱਧ ਕੱਢਿਆ ਗਿਆ ਤੇ ਇਸ ਦਾ ਮਕਸਦ ਲੋਕਾਂ ਨੂੰ ਵੋਟਾਂ ਪਾਉਣ ਲਈ ਉਤਸ਼ਾਹਿਤ ਕਰਨਾ ਵੀ ਸੀ। ਇਸ ਮਾਰਚ ਦੇ ਪ੍ਰਬੰਧਕਾਂ ਅਨੁਸਾਰ ਅਜਿਹੇ ਮਾਰਚ ਸਾਰੇ 50 ਰਾਜਾਂ ਵਿਚ ਹੋਣ ਦੀ ਸੰਭਾਵਨਾ ਹੈ। ਔਰਤਾਂ ਦੇ ਮਾਰਚ ਦੀ ਕਾਰਜਕਾਰੀ ਡਾਇਰੈਕਟਰ ਰਾਚੇਲ ਕਾਰਮੋਨਾ ਨੇ ਮਾਰਚ ਤੋਂ ਪਹਿਲਾਂ ਕਿਹਾ ਕਿ '2017 ਵਿਚ ਕੱਢਿਆ ਗਿਆ ਔਰਤਾਂ ਦਾ ਪਹਿਲਾ ਮਾਰਚ ਇਤਿਹਾਸਕ ਸੀ ਤੇ ਹੁਣ 4 ਸਾਲ ਬਾਅਦ ਚੋਣਾਂ ਤੱਕ 17 ਦਿਨ ਇਹ ਮਾਰਚ ਕੱਢੇ ਜਾਣਗੇ। ਅਸੀਂ ਜਿੱਥੋਂ ਸ਼ੁਰੂ ਕੀਤਾ ਸੀ ਉੱਥੇ ਹੀ ਖ਼ਤਮ ਕਰਨ ਜਾ ਰਹੇ ਹਾਂ।'



ਔਰਤਾਂ ਦੇ ਐਡਵੋਕੇਸੀ ਗਰੁੱਪ ਅਲਟਰਾ ਵਾਇਓਲੈਟ ਵਿਚ ਕੰਮ ਕਰਦੀ ਰੀਪ੍ਰੋਡੱਕਟਿਵ ਰਾਈਟਸ ਕੰਪੇਨਜ ਦੀ ਡਾਇਰੈਕਟਰ ਸੋਨਜਾ ਸਪੂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, ਕਿ ਡੋਨਾਲਡ ਟਰੰਪ ਕੋਲ ਅਹੁਦਾ ਛੱਡਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ। ਇਹ ਔਰਤਾਂ ਸਦਕਾ ਸੰਭਵ ਹੋਵੇਗਾ ਵਿਸ਼ੇਸ਼ ਕਰਕੇ ਕਾਲੀਆਂ, ਭੂਰੀਆਂ ਤੇ ਇੱਥੋਂ ਦੀਆਂ ਮੂਲ ਵਾਸੀ ਔਰਤਾਂ ਇਸ ਨੂੰ ਸੰਭਵ ਬਣਾਉਣਗੀਆਂ। ਪ੍ਰਬੰਧਕਾਂ ਨੇ ਕਿਹਾ ਹੈ ਕਿ ਮਾਰਚ ਵਿਚ ਹਿੱਸਾ ਲੈਣ ਵਾਲੇ ਸਾਰੇ ਲੋਕਾਂ ਨੂੰ ਮਾਸਕ ਪਾਉਣਾ ਪਵੇਗਾ ਤੇ ਸਮਾਜਿਕ ਦੂਰੀ ਬਣਾ ਕੇ ਰੱਖਣੀ ਪਵੇਗੀ। ਦੂਸਰੇ ਪਾਸੇ ਬਾਰੇਟ ਦੇ ਸਮਰਥਨ ਵਿਚ ਵੀ ਮਾਰਚ ਕੱਢੇ ਜਾਣ ਦੀ ਖ਼ਬਰ ਹੈ।

# ਸਿੱਖ ਸੰਘਰਸ਼ ਖਿਲਾਫ ਸਰਕਾਰ ਤੋਂ ਹਥਿਆਰ ਲੈ ਕੇ ਲੜਨ ਵਾਲੇ ਕਾਮਰੇਡ ਬਲਵਿੰਦਰ ਦਾ ਕਤਲ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਦਰਬਾਰ ਸਾਹਿਬ 'ਤੇ ਭਾਰਤੀ ਹਮਲੇ ਤੋਂ ਬਾਅਦ ਪੰਜਾਬ ਅਤੇ ਸਿੱਖਾਂ ਦੇ ਹੱਕਾਂ ਲਈ ਲੜੇ ਗਏ ਹਥਿਆਰਬੰਦ ਸੰਘਰਸ਼ ਵਿਚ ਭਾਰਤ ਸਰਕਾਰ ਤੋਂ ਹਥਿਆਰ ਲੈ ਕੇ ਸਿੱਖ ਨੌਜਵਾਨਾਂ ਖਿਲਾਫ ਸਰਕਾਰ ਦੇ ਮੋਢੇ ਨਾਲ ਮੋਢਾ ਲਾ ਕੇ ਲੜਨ ਵਾਲੇ ਕਾਮਰੇਡਾਂ ਵਿਚੋਂ ਇਕ ਬਲਵਿੰਦਰ ਨਾਮੀਂ ਕਾਮਰੇਡ ਨੂੰ ਅੱਜ ਭਿੱਖੀਵਿੰਡ ਨੇੜੇ ਉਸਦੇ ਘਰੇ ਕਤਲ ਕਰ ਦਿੱਤਾ ਗਿਆ। ਕਾਮਰੇਡ ਬਲਵਿੰਦਰ ਨੂੰ ਭਾਰਤ ਸਰਕਾਰ ਨੇ ਸਿੱਖ ਸੰਘਰਸ਼ ਖਿਲਾਫ ਕੀਤੇ ਕੰਮਾਂ ਲਈ ਸ਼ੌਰਿਆ ਚੱਕਰ ਇਨਾਮ ਨਾਲ ਵੀ ਸਨਮਾਨਿਤ ਕੀਤਾ ਸੀ।

62 ਸਾਲਾ ਕਾਮਰੇਡ ਬਲਵਿੰਦਰ ਵੱਲੋਂ ਆਪਣੀ ਰਿਹਾਇਸ਼ ਵਿਚ ਚਲਾਏ ਜਾ ਰਹੇ ਸਕੂਲ ਦੇ ਦਰਵਾਜ਼ੇ 'ਤੇ ਅੱਜ ਦੋ ਮੋਟਰ ਸਾਈਕਲ ਸਵਾਰ ਆਏ ਤੇ ਉਹਨਾਂ ਕਾਮਰੇਡ ਬਲਵਿੰਦਰ ਦੇ 5 ਗੋਲੀਆਂ ਮਾਰੀਆਂ ਤੇ ਫਰਾਰ ਹੋ ਗਏ। ਕਾਮਰੇਡ ਬਲਵਿੰਦਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕਾਮਰੇਡ ਬਲਵਿੰਦਰ ਨੂੰ ਉਸਦੇ ਹੋਰ ਸਾਥੀ ਕਾਮਰੇਡਾਂ ਵਾਂਗ ਲੰਬਾ ਸਮਾਂ ਪੰਜਾਬ ਪੁਲਸ ਦੀ ਸੁਰੱਖਿਆ ਮਿਲੀ ਰਹੀ ਸੀ। ਪਰ ਪਿਛਲੇ ਕੁੱਝ ਸਮੇਂ ਤੋਂ ਉਸਦੀ ਸੁਰੱਖਿਆ ਹਟਾ ਲਈ ਗਈ ਸੀ।

# ਜਲੰਧਰ ਦੇ ਆਲੂਆਂ ਦੇ ਵਪਾਰੀ 'ਹਰਦੇਵ ਸਿੰਘ ਸੰਘਾ' ਦੀ ਮੌਤ ਤੇ ਗਹਿਰਾ ਦੁੱਖ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਦੇਸ਼ ਵਿਦੇਸ਼ ਦੇ ਪ੍ਰਵਾਸੀ ਪੰਜਾਬੀਆਂ ਨੂੰ ਹਰਦੇਵ ਸਿੰਘ ਸੰਘਾ (83) ਦੀ ਮੌਤ ਦੀ ਖ਼ਬਰ ਸੁਣ ਕੇ ਗਹਿਰਾ ਦੁੱਖ ਲੱਗਾ ਕਿਉਂਕਿ ਉਹ ਕਿਸਾਨਾਂ ਦੇ ਸੰਘਰਸ਼ ਦੇ ਵੱਡੇ ਹਾਮੀ ਸਨ, ਜਿਨਾਂ ਦੀ ਮੌਤ ਨਾਲ ਸੰਘਰਸ਼ ਨੂੰ ਵੱਡਾ ਨੁਕਸਾਨ ਹੋਵੇਗਾ। ਸਿਆਟਲ ਦੇ ਨਾਮਵਰ ਕਾਰੋਬਾਰੀ ਜਗਪਾਲ ਸਿੰਘ 'ਜੇਗ ਬੱਸਰਾ' ਜਾਣਕਾਰੀ ਦਿੰਦੇ ਹੋਏ ਦੱਸਿਆ: ਕਿ ਹਰਦੇਵ ਸਿੰਘ ਸੰਘਾ ਨੂੰ ਆਲੂਆਂ ਦੇ ਵਪਾਰ ਦਾ 'ਕਿੰਗ' ਦੱਸਿਆ ਜਾਂਦਾ ਸੀ, ਜਿਨਾਂ ਨੇ ਆਲੂਆਂ ਦੇ ਵਪਾਰ ਨੂੰ ਭਾਰਤ ਦੇ ਕੋਨੇ ਕੋਨੇ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿਚ ਵੀ ਆਲੂਆਂ ਦੇ ਕਾਰੋਬਾਰ ਵਿਚ ਵੱਡਾ ਯੋਗਦਾਨ ਪਾਇਆ। ਭਾਰਤ ਤੋਂ ਜਸਵਿੰਰ ਸਿੰਘ ਸਰੋਆ



ਨੇ ਦੱਸਿਆ: ਕਿ ਹਰਦੇਵ ਸਿੰਘ ਸੰਘਾ ਸਾਊ, ਮਿਹਨਤੀ ਤੇ ਕਾਰੋਬਾਰੀ ਇਨਸਾਨ ਸਨ।

ਕੈਨੇਡਾ ਸਰੀ ਤੋਂ ਪ੍ਰਭਦੇਵ ਸਿੰਘ ਖਹਿਰਾ, ਸੁਖਪਾਲ ਸਿੰਘ ਖਹਿਰਾ, ਕਿਸ਼ਨ ਧਾਮੀ, ਜਗਜੀਤ ਸਿੰਘ ਤੂਰ, ਸੁਖਦੇਵ ਸਿੰਘ ਸੰਧੂ, ਬਲਕਾਰ ਸਿੰਘ ਕੰਗ, ਸੁਖਰਾਜ ਸਿੰਘ, ਬਲਰਾਜ ਸਿੰਘ ਖਹਿਰਾ, ਸੁਖਦੇਵ ਸਿੰਘ ਨਾਹਲ, ਜਗਦੇਵ ਸਿੰਘ ਖਹਿਰਾ ਤੋਂ ਇਲਾਵਾ ਸਿਆਟਲ ਤੋਂ ਜੈਗ ਬੱਸਰਾ, ਉਂਕਾਰ ਸਿੰਘ ਭੰਡਾਲ, ਬਲਜੀਤ ਸਿੰਘ ਸੋਹਲ, ਦਰਸ਼ਨ ਸਿੰਘ ਬੜਾ ਪਿੰਡ, ਕਾਕਾ ਬਲਵਿੰਦਰ ਸਿੰਘ ਫੋਟੋਗ੍ਰਾਫਰ, ਜਗਤਾਰ ਸਿੰਘ ਸਰੋਆ, ਇਕਬਾਲ ਸਿੰਘ ਸਰੋਆ ਤੇ ਕੁਲਵੰਤ ਸ਼ਾਹ ਨੇ ਦੁੱਖ ਪ੍ਰਗਟ ਕਰਦਿਆਂ ਦੱਸਿਆ ਕਿ ਹਰਦੇਵ ਸਿੰਘ ਸੰਘਾ ਨੇ ਆਲੂਆਂ ਦੇ ਵਪਾਰ ਵਿਚ ਵਾਧਾ ਕਰਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਹਰਦੇਵ ਸਿੰਘ ਸੰਘਾ ਆਪਣੇ ਪਿੱਛੇ ਪਤਨੀ, ਦੋ ਲੜਕੇ, ਪੋਤੇ ਪੋਤਰੀਆਂ ਛੱਡ ਗਏ ਹਨ। ਜਿਨਾਂ 1960 ਤੋਂ ਆਲੂਆਂ ਦਾ ਵਪਾਰ ਸ਼ੁਰੂ ਕਰਕੇ ਭਾਰਤ ਦੇ ਕੋਨੇ ਕੋਨੇ ਵਿਚ ਪਹੁੰਚਾਇਆ।

# ਅਮਰੀਕਾ 'ਚ 70 ਸਾਲ ਬਾਅਦ, ਕਿਸੇ ਬੀਬੀ ਨੂੰ ਮਿਲੀ ਮੌਤ ਦੀ ਸਜ਼ਾ

## ✪ ਕੋਰਟ ਨੇ ਕਤਲ ਤੇ ਅਗਵਾ ਕਰਨ ਉੱਤੇ ਦੋਸ਼ੀ ਠਹਿਰਾਇਆ

## ✪ ਕੁੱਤਾ ਖ਼ਰੀਦਣ ਦੇ ਬਹਾਨੇ, ਘਰ ਵਿਚ ਕੀਤਾ ਪ੍ਰਵੇਸ਼



**ਨਿਊਯਾਰਕ/ਏ.ਟੀ.ਨਿਊਜ਼:** ਅਮਰੀਕਾ ਵਿਚ ਕਰੀਬ 70 ਸਾਲ ਬਾਅਦ ਕਿਸੇ ਬੀਬੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਅਦਾਲਤ ਦੇ ਹੁਕਮਾਂ ਉੱਤੇ ਹੁਣ 8 ਦਸੰਬਰ ਨੂੰ ਜਾਨਲੇਵਾ ਇੰਜੈੱਕਸ਼ਨ ਦੇ ਕੇ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਅਦਾਲਤ ਨੇ ਇਸ ਬੀਬੀ ਨੂੰ ਇਕ ਗਰਭਵਤੀ ਦੀ ਹੱਤਿਆ ਤੇ ਉਸ ਦੇ ਪੇਟ ਨੂੰ ਕੱਟਕੇ ਬੱਚੇ ਨੂੰ ਅਗਵਾ ਕਰਨ ਦਾ ਦੋਸ਼ੀ ਪਾਇਆ। ਹਾਲਾਂਕਿ ਵਕੀਲ ਨੇ ਉਸ ਨੂੰ ਬਚਾਉਣ ਦਾ ਯਤਨ ਕੀਤਾ, ਪਰ ਜੱਜ ਨੇ ਇਕ ਨਾ ਸੁਣੀ। ਇਹ ਮਾਮਲਾ ਸਾਲ 2004 ਦਾ ਹੈ। ਪੁਲਿਸ ਅਨੁਸਾਰ, 'ਲਿਸਾ ਮਾਂਟਗੋਮੇਰੀ ਪਾਲਤੂ ਕੁੱਤਾ ਖ਼ਰੀਦਣ ਦੇ ਬਹਾਨੇ ਮਿਸੋਰੀ ਸਥਿਤ 23 ਸਾਲ ਸਟੀਨੇਟ ਦੇ ਘਰ ਪਹੁੰਚੀ।' 36 ਸਾਲ ਮਾਂਟਗੋਮੇਰੀ ਨੇ ਸਭ ਤੋਂ ਪਹਿਲਾਂ 8 ਮਹੀਨੇ ਦੀ ਗਰਭਵਤੀ ਸਟੀਨੇਟ ਦਾ ਰੱਸੀ ਨਾਲ ਗਲ਼ਾ ਕੱਟ ਕੇ ਹੱਤਿਆ ਕਰ ਦਿੱਤੀ। ਇਸ ਦੇ ਬਾਅਦ ਉਸ ਨੇ ਸਟੀਨੇਟ ਦਾ ਪੇਟ ਪਾੜ ਕੇ ਬੱਚੇ ਨੂੰ ਲੈ ਕੇ ਫ਼ਰਾਰ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕੀਤਾ ਤੇ ਫੜੇ ਜਾਣ ਦੇ ਬਾਅਦ ਮੋਂਟਗੋਮਰੀ ਨੇ ਮਿਸੋਰੀ ਦੀ ਕੋਰਟ ਵਿਚ ਆਪਣਾ ਗੁਨਾਹ ਸਵੀਕਾਰ ਕੀਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਵਪਾਰੀਆਂ ਵੱਲੋਂ ਯੂਪੀ, ਬਿਹਾਰ ਤੋਂ ਪੰਜਾਬ ਵਿਚ ਝੋਨੇ ਦੀ ਸਮਗਲਿੰਗ ਜਾਰੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਵਿਚ ਜਿੱਥੇ ਇਕ ਪਾਸੇ ਕਿਸਾਨ ਆਪਣੀ ਮੰਡੀ ਨੂੰ ਬਚਾਉਣ ਲਈ ਸੜਕਾਂ ’ਤੇ ਬੈਠੇ ਹਨ ਉੱਥੇ ਵਪਾਰੀਆਂ ਵੱਲੋਂ ਧੜਾਧੜ ਯੂਪੀ ਅਤੇ ਬਿਹਾਰ ਵਰਗੇ ਸੂਬਿਆਂ ਤੋਂ ਸਸਤੇ ਝੋਨੇ ਦੀ ਖਰੀਦ ਕਰਕੇ ਪੰਜਾਬ ਵਿਚ ਸਮਗਲਿੰਗ ਕੀਤੀ ਜਾ ਰਹੀ ਹੈ। ਇਸ ਨਾਲ ਜਿੱਥੇ ਪੰਜਾਬ ਸਰਕਾਰ ਨੂੰ ਚੂਨਾ ਲੱਗ ਰਿਹਾ ਹੈ ਉੱਥੇ ਇਸ ਦਾ ਪੰਜਾਬ ਦੇ ਕਿਸਾਨਾਂ ਦੀ ਫਸਲ ਦੀ ਖਰੀਦ ’ਤੇ ਵੀ ਵੱਡਾ ਮਾਰੂ ਅਸਰ ਪਵੇਗਾ।

ਪਟਿਆਲਾ ਦੇ ਐੱਸਐੱਸਪੀ ਵਿਕਰਮਜੀਤ ਦੁੱਗਲ ਨੇ ਦੱਸਿਆ ਕਿ ਸੂਹ ਦੇ ਆਧਾਰ ’ਤੇ ਜ਼ਿਲੇ ਦੀ ਪੁਲੀਸ ਨੇ ਪੰਜਾਬ-ਹਰਿਆਣਾ ਦੀ ਹੱਦ ਨਾਲ ਲੱਗਦੇ ਸ਼ੰਭੂ, ਪਿਹੋਵਾ, ਬਲਬੇੜਾ, ਚੀਕਾ, ਢਾਬੀ ਗੁੱਜਰਾਂ ਅਤੇ ਪਾਤੜਾਂ ਰਸਤੇ ਲਿਆਂਦੇ ਜਾ ਰਹੇ 32 ਟਰੱਕ ਕਾਬੂ ਕਰਕੇ 20 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 13 ਮਾਮਲੇ ਦਰਜ ਕੀਤੇ ਹਨ।

ਪੰਜਾਬ ਮੰਡੀ ਬੋਰਡ, ਮਾਲ ਵਿਭਾਗ ਅਤੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਅਤੇ ਪੁਲੀਸ ਪ੍ਰਸ਼ਾਸਨ ਨੇ ਅੱਜ ਸਾਂਝੀ ਕਾਰਵਾਈ ਕਰਦਿਆਂ 32 ਟਰੱਕਾਂ ਰਾਹੀਂ ਬਾਹਰਲੇ ਰਾਜਾਂ ਤੋਂ ਲਿਆਂਦੀ ਗਈ 822.5 ਟਨ ਝੋਨੇ ਦੀ ਫ਼ਸਲ ਜ਼ਬਤ ਕੀਤੀ ਹੈ।



ਡੀਐੱਫਐੱਸਸੀ ਹਰਸ਼ਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਇਸ ਨਾਲ ਜਿਥੇ ਮਾਰਕਿਟ ਫੀਸ ਚੋਰੀ ਕਰ ਕੇ ਪੰਜਾਬ ਦੇ ਖ਼ਜ਼ਾਨੇ ਨੂੰ ਚੂਨਾ ਲਾਇਆ ਜਾਂਦਾ ਹੈ, ਉਥੇ ਹੀ ਇਹ ਅਸਿੱਧੇ ਤੌਰ ’ਤੇ ਪੰਜਾਬ ਦੇ ਕਿਸਾਨਾਂ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਜ਼ਿਆਦਾਤਰ ਝੋਨੇ ਦੀਆਂ ਲੱਦੀਆਂ ਵੱਡੀਆਂ ਗੱਡੀਆਂ ਯੂਪੀ ਅਤੇ ਬਿਹਾਰ ਤੋਂ ਪੰਜਾਬ ਆ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਯੂਪੀ ਅਤੇ ਬਿਹਾਰ ਵਰਗੇ ਸੂਬਿਆਂ ਵਿਚ ਝੋਨੇ ਦੀ ਫਸਲ ਦਾ ਮੁੱਲ 900 ਤੋਂ 1000 ਰੁਪਏ ਪ੍ਰਤੀ ਕੁਇੰਟਲ ਹੈ।

ਪੰਜਾਬ ਵਿਚ ਝੋਨੇ ਦਾ ਮੁੱਲ 1888 ਰੁਪਏ ਪ੍ਰਤੀ ਕੁਇੰਟਲ ਹੈ। ਯੂਪੀ ਅਤੇ ਬਿਹਾਰ ਤੋਂ ਸਸਤੇ ਮੁੱਲ ਝੋਨਾ ਖਰੀਦਣ ਮਗਰੋਂ ਆਵਾਜਾਈ ਦਾ ਖਰਚ ਪਾ ਕੇ ਵੀ ਵਪਾਰੀ ਨੂੰ ਇਹ ਝੋਨਾ 1150 ਰੁਪਏ ਪ੍ਰਤੀ ਕੁਇੰਟਲ ਦੇ ਕਰੀਬ ਪੈ ਰਿਹਾ ਹੈ ਜਿਸਨੂੰ ਉਹ ਪੰਜਾਬ ਲਿਆ ਕੇ ਮਹਿੰਗੇ ਭਾਅ ਵੇਚ ਵੱਡਾ ਮੁਨਾਫਾ ਖੱਟ ਰਹੇ ਹਨ।

## ਬਲਵੰਤ ਸਿੰਘ ਮੁਲਤਾਨੀ ਮਾਮਲੇ ’ਚ ਸੁਮੇਧ ਸੈਣੀ ਦੇ ਸਹਿਯੋਗੀ ਐਸਐਚਓ ਦੇ ਗ੍ਰਿਫਤਾਰੀ ਵਰੰਟ ਜਾਰੀ ਹੋਏ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬਲਵੰਤ ਸਿੰਘ ਮੁਲਤਾਨੀ ਅਗਵਾ ਅਤੇ ਕਤਲ ਮਾਮਲੇ ’ਚ ਮੁਹਾਲੀ ਅਦਾਲਤ ਨੇ ਚੰਡੀਗੜ੍ਹ ਦੇ ਸੈਕਟਰ-17 ਥਾਣਾ ਦੇ ਤਤਕਾਲੀ ਐੱਸਐੱਚਓ ਕੇ.ਆਈ.ਪੀ. ਸਿੰਘ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਪੀੜਤ ਪਰਿਵਾਰ ਵੱਲੋਂ ਲਗਾਤਾਰ ਇਸ ਐਸਐਚਓ ਖਿਲਾਫ ਕਾਰਵਾਈ ਕਰਨ ਲਈ ਅਦਾਲਤ ਨੂੰ ਅਪੀਲਾਂ ਕੀਤੀਆਂ ਜਾ ਰਹੀਆਂ ਸਨ। ਸਾਬਕਾ ਡੀਜੀਪੀ ਸੁਮੇਧ ਸੈਣੀ ਖ਼ਿਲਾਫ਼ ਮੁਹਾਲੀ ਦੇ ਮਟੌਰ ਥਾਣੇ ਵਿੱਚ 302, 364 ਸਮੇਤ ਹੋਰਨਾਂ ਸਖ਼ਤ ਧਰਾਵਾਂ ਤਹਿਤ ਦਰਜ ਕੇਸ ਤਹਿਤ ਜਾਰੀ ਗ੍ਰਿਫ਼ਤਾਰੀ ਵਾਰੰਟ ਵਾਪਸ ਲੈਣ ਦੇ ਮਾਮਲੇ ਦੀ ਸੁਣਵਾਈ ਅੱਗੇ ਟਲ ਗਈ ਹੈ। ਸੈਣੀ ਨੇ ਆਪਣੇ ਵਕੀਲ ਰਾਹੀਂ ਮੁਹਾਲੀ ਅਦਾਲਤ ’ਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ ਜਦੋਂ ਸੁਪਰੀਮ ਕੋਰਟ ਵੱਲੋਂ ਉਸ ਦੀ ਗ੍ਰਿਫ਼ਤਾਰੀ ’ਤੇ ਰੋਕ ਲਗਾਈ ਗਈ ਹੈ ਤਾਂ ਉਸ ਖ਼ਿਲਾਫ਼ ਕੁਝ ਦਿਨ ਪਹਿਲਾਂ ਜਾਰੀ ਹੋਏ ਗ੍ਰਿਫ਼ਤਾਰੀ ਵਾਰੰਟ ਵਾਪਸ ਲਏ ਜਾਣ।

## ਭਾਜਪਾ ਮੰਤਰੀ ਨੇ ਸਿੱਖਾਂ ਨੂੰ ਦਿੱਤੀਆਂ ਸ਼ਰੇਆਮ ਧਮਕੀਆਂ ਤੇ ਬੋਲੇ ਮੰਦੇ ਬੋਲ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਵਿਚ ਸਿੱਖਾਂ ਉੱਤੇ ਹਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਤਾਜ਼ਾ ਘਟਨਾ ਮੱਧ ਪ੍ਰਦੇਸ਼ ਤੋਂ ਸਾਹਮਣੇ ਆਈ ਹੈ ਜਿੱਥੇ ਸੱਤਾ ਦੇ ਹੰਕਾਰ ਵਿਚ ਆਏ ਭਾਜਪਾ ਦੇ ਮੰਤਰੀ ਨੇ ਸਿੱਖਾਂ ਨੂੰ ਧਮਕੀ ਦਿੱਤੀ ਅਤੇ ਮਾੜੇ ਬੋਲ ਬੋਲੇ। ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਦੇ ਮੰਤਈ ਬਰਿੰਜਿੰਦਰ ਯਾਦਵ ਦੀ ਇਹ ਕਰਤੂਤ ਕੈਮਰੇ ਵਿਚ ਵੀ ਕੈਦ ਹੋ ਗਈ ਹੈ।ਵੀਡੀਓ ਵਿਚ ਸਪਸ਼ਟ ਨਜ਼ਰ ਆ ਰਿਹਾ ਹੈ ਕਿ ਭਾਜਪਾ ਦਾ ਮੰਤਰੀ ਸਿੱਖਾਂ ਨੂੰ ਇਸ ਗੱਲ ਲਈ ਧਮਕਾ ਰਿਹਾ ਹੈ ਕਿ ਸਿੱਖ ਭਾਈਚਾਰਾ ਉਹਨਾਂ ਨੂੰ ਵੋਟਾਂ ਨਹੀਂ ਪਾਉਂਦਾ ਅਤੇ ਉਹ ਸਾਰੀਆਂ ਹੱਦਾਂ ਲੰਘਦਿਆਂ ਭਾਈਚਾਰੇ ਨੂੰ ਮੰਦੇ ਬੋਲ ਵੀ ਬੋਲਦਾ ਹੈ। ਫਿਲਹਾਲ ਇਸ ਮੰਤਰੀ ’ਤੇ ਕਿਸੇ ਵੀ ਤਰਾਂ ਦੀ ਕਾਰਵਾਈ ਹੋਣ ਦੀ ਰਿਪੋਰਟ ਨਹੀਂ ਹੈ।

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment

ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਭਗਵੇਂ ਟੋਲੇ ਨੇ, ਫ਼ੌਜ ਨੂੰ ਵੀ ਫ਼ਿਰਕੂ ਵਾਦ ਨਾਲ ਜੋੜਿਆ

## ✪ ਮੁਸਲਮਾਨ ਫ਼ੌਜੀਆਂ ਨੂੰ ਕੀਤਾ ਬਦਨਾਮ ✪ 120 ਸਾਬਕਾ ਮਿਲਟਰੀ ਅਫ਼ਸਰਾਂ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇ

**ਨਵੀਂ ਦਿੱਲੀ/ਏ.ਟੀ.ਨਿਊਜ਼:** 120 ਸਾਬਕਾ ਮਿਲਟਰੀ ਅਫ਼ਸਰਾਂ ਨੇ ਰਾਸ਼ਟਰਪਤੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਇਹ ਝੂਠਾ ਪ੍ਰਾਪੇਗੰਡਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਤੇ ਫ਼ੌਰੀ ਕਾਰਵਾਈ ਕਰਨ ਕਿ ਭਾਰਤੀ ਫ਼ੌਜ ਵਿਚ ਇਕ 'ਮੁਸਲਮ ਰਜਮੈਂਟ' ਹੁੰਦੀ ਸੀ, ਜਿਸ ਨੇ 1965 ਦੀ ਜੰਗ ਵਿਚ ਪਾਕਿਸਤਾਨ ਖ਼ਿਲਾਫ਼ ਲੜਨ ਤੋਂ ਨਾਂਹ ਕਰ ਦਿੱਤੀ ਸੀ। ਰਾਸ਼ਟਰਪਤੀ, ਜਿਹੜੇ ਭਾਰਤੀ ਫ਼ੌਜਾਂ ਦੇ ਸੁਪਰੀਮ ਕਮਾਂਡਰ ਵੀ ਹਨ, ਨੂੰ ਇਨਾਂ ਅਫ਼ਸਰਾਂ ਨੇ ਫ਼ੌਜ ਦੇ ਸੈਕੂਲਰ ਤੇ ਗੈਰ-ਸਿਆਸੀ ਕਿਰਦਾਰ ਦੀ ਰਾਖੀ ਯਕੀਨੀ ਬਣਾਉਣ ਲਈ ਵੀ ਕਿਹਾ ਹੈ। ਇਹ ਪੱਤਰ ਨੇਵੀ ਦੇ ਸਾਬਕਾ ਮੁਖੀ ਐਡਮਿਰਲ ਐਲ ਰਾਮਦਾਸ ਨੇ ਲਿਖਿਆ ਹੈ ਤੇ 119 ਸਾਬਕਾ ਅਫ਼ਸਰਾਂ ਨੇ ਇਸ ਦੀ ਤਾਈਦ ਕੀਤੀ ਹੈ। ਰਾਸ਼ਟਰਪਤੀ ਦੇ ਨਾਲ-ਨਾਲ ਭਾਰਤ ਦੇ ਚੀਫ਼ ਜਸਟਿਸ ਐੱਸ ਏ ਬੋਬੜੇ, ਰੱਖਿਆ ਮੰਤਰੀ ਰਾਜਨਾਥ ਸਿੰਘ, ਚੀਫ ਆਫ ਡਿਫੈਂਸ ਸਟਾਫ ਬਿਪਿਨ ਰਾਵਤ ਤੇ ਤਿੰਨਾਂ ਸੈਨਾਵਾਂ ਦੇ ਮੁਖੀਆਂ ਨੂੰ ਸੰਬੋਧਤ ਪੱਤਰ ਵਿਚ ਉਨਾਂ ਧਿਆਨ ਦਿਵਾਇਆ ਹੈ ਕਿ ਇਸ ਝੂਠ ਦੀ ਮੁਹਿੰਮ ਦੀ ਜੜ 'ਐਟ ਦੀ ਰੇਟ ਆਫ 120 ਕਰੋੜ ਹਿੰਦੂਸ-ਵਰਲਡ ਹਿੰਦੂਸ ਯੂਨਾਈਟਿਡ' ਨਾਂਅ ਦਾ ਅਕਾਊਂਟ ਹੋਲਡਰ ਹੈ, ਜਿਸ ਨੇ ਮਈ 2013 ਵਿਚ ਟਵੀਟ ਕਰਕੇ ਇਹ ਦਾਅਵਾ ਕੀਤਾ ਸੀ ਕਿ 1965 ਵਿਚ ਭਾਰਤੀ ਫ਼ੌਜ 'ਚ ਮੁਸਲਮ ਰਜਮੈਂਟ ਹੁੰਦੀ ਸੀ, ਜਿਸ ਨੇ ਪਾਕਿਸਤਾਨ ਵਿਰੁੱਧ ਲੜਨ ਤੋਂ ਨਾਂਹ ਕਰ ਦਿੱਤੀ ਸੀ ਤੇ ਫਿਰ ਇਸ ਰਜਮੈਂਟ ਨੂੰ ਭੰਗ ਕਰ ਦਿੱਤਾ ਗਿਆ ਸੀ। ਸਾਬਕਾ ਅਫ਼ਸਰਾਂ ਮੁਤਾਬਿਕ ਮੁਸਲਮ ਰਜਮੈਂਟ ਭਾਰਤੀ ਫ਼ੌਜ ਵਿਚ ਕਦੇ ਰਹੀ ਹੀ ਨਹੀਂ। ਮੁਸਲਮ ਫ਼ੌਜੀ ਹਮੇਸ਼ਾ ਬਹੁ-ਜਮਾਤੀ ਰਜਮੈਂਟਾਂ ਵਿਚ ਸਾਥੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜੇ। ਪੱਤਰ ਵਿਚ ਕੁਆਰਟਰ ਮਾਸਟਰ ਹੌਲਦਾਰ ਅਬਦੁੱਲ ਹਮੀਦ ਦੀ ਮਿਸਾਲ ਦਿੱਤੀ ਗਈ ਹੈ, ਜਿਸ ਨੂੰ 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਆਂਸਲ ਉਤਾੜ ਵਿਚ ਦਿਖਾਏ ਗਏ ਬੇਮਿਸਾਲ ਹੌਸਲੇ ਲਈ ਮਰਨ ਉਪਰੰਤ, ਦੇਸ਼ ਦੇ ਸਭ ਤੋਂ ਵੱਡੇ ਫ਼ੌਜੀ ਸਨਮਾਨ ਪਰਮਵੀਰ ਚੱਕਰ ਨਾਲ ਨਿਵਾਜਿਆ ਗਿਆ ਸੀ। ਪੱਤਰ ਵਿਚ 1965 ਦੀ ਜੰਗ ਲੜਨ ਵਾਲਿਆਂ ਮੇਜਰ (ਬਾਅਦ ਵਿਚ ਲੈਫਟੀਨੈਂਟ ਜਨਰਲ) ਮੁਹੰਮਦ ਜ਼ਕੀ ਤੇ ਮੇਜਰ ਅਬਦੁੱਲ ਰਫੀ ਖਾਨ ਦਾ ਵੀ ਜ਼ਿਕਰ ਕੀਤਾ ਗਿਆ ਹੈ। ਦੋਹਾਂ ਨੂੰ ਵੀਰ ਚੱਕਰ ਨਾਲ ਨਿਵਾਜਿਆ ਗਿਆ ਸੀ। ਮੇਜਰ ਰਫੀ ਖਾਨ ਨੇ ਉਸ ਪਾਕਿਸਤਾਨੀ ਡਵੀਜ਼ਨ ਨਾਲ ਲੜਾਈ ਲੜੀ ਸੀ, ਜਿਸ ਦੀ ਅਗਵਾਈ ਉਸ ਦੇ ਅੰਕਲ ਮੇਜਰ ਜਨਰਲ ਸਾਹਿਬਜ਼ਾਦਾ ਯਾਕੂਬ ਖ਼ਾਨ ਕਰ ਰਹੇ ਸਨ। ਅਜਿਹੀਆਂ ਹਨ; ਮੁਸਲਮ ਯੋਧਿਆਂ ਦੀਆਂ ਗਾਥਾਵਾਂ। ਬ੍ਰਿਗੇਡੀਅਰ ਮੁਹੰਮਦ ਉਸਮਾਨ, ਜਿਸ ਨੂੰ ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਆ ਜਾਣ ਲਈ ਖ਼ੁਦ ਪ੍ਰੇਰਿਆ ਸੀ, ਦੀ ਮਿਸਾਲ ਦਿੰਦਿਆਂ ਪੱਤਰ ਵਿਚ ਕਿਹਾ ਗਿਆ ਹੈ ਕਿ ਉਹ ਕਸ਼ਮੀਰ ਵਿਚ ਪਾਕਿਸਤਾਨੀ ਘੁਸਪੈਠ ਦਾ ਮੁਕਾਬਲਾ ਕਰਨ ਵਾਲਾ ਸਭ ਤੋਂ ਸੀਨੀਅਰ ਅਫ਼ਸਰ ਸੀ ਤੇ ਸ਼ਹਾਦਤ ਤੋਂ ਬਾਅਦ ਉਸ ਦੀ ਬਹਾਦਰੀ ਨੂੰ ਮਹਾਵੀਰ ਚੱਕਰ ਨਾਲ ਨਿਵਾਜਿਆ ਗਿਆ ਸੀ। ਉਸ ਨੂੰ ਦਿੱਲੀ ਵਿਚ ਜਾਮੀਆ ਮਿਲੀਆਂ ਇਸਲਾਮੀਆ 'ਚ ਦਫ਼ਨਾਇਆ ਗਿਆ। ਸਾਬਕਾ ਅਫ਼ਸਰਾਂ ਨੇ ਕਿਹਾ ਹੈ ਕਿ ਝੂਠੀਆਂ ਪੋਸਟਾਂ ਭਾਰਤੀ ਫ਼ੌਜ 'ਤੇ ਹਮਲਾ ਹਨ। ਪੱਤਰ ਦੇ ਅਖੀਰ ਵਿਚ ਸਾਬਕਾ ਅਫ਼ਸਰਾਂ ਨੇ ਮੰਗ ਕੀਤੀ ਹੈ ਕਿ 'ਮੁਸਲਮ ਰਜਮੈਂਟ' ਦੀ ਚਰਚਾ ਕਰਨ ਵਾਲੇ ਲੋਕਾਂ ਦਾ ਪਤਾ ਲਾ ਕੇ ਉਨਾਂ ਵਿਰੁੱਧ ਕੌਮ-ਵਿਰੋਧੀ ਸਰਗਰਮੀਆਂ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਜਾਵੇ, ਸੋਸ਼ਲ ਮੀਡੀਆ ਪਲੇਟਫ਼ਾਰਮਾਂ (ਫੇਸਬੁੱਕ ਤੇ ਟਵਿਟਰ) ਨੂੰ ਚਿਤਾਵਨੀ ਜਾਰੀ ਕੀਤੀ ਜਾਵੇ, ਜਿਨਾਂ ਨੇ ਅਜਿਹੀਆਂ ਪੋਸਟਾਂ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਅਤੇ ਸਾਰੀਆਂ ਸੂਬਾ ਸਰਕਾਰਾਂ ਨੂੰ ਸੋਸ਼ਲ ਮੀਡੀਆ ਵਿਚ ਅਜਿਹੇ ਝੂਠੇ ਤੇ ਦੇਸ਼-ਧ੍ਰੋਹੀ ਸੁਨੇਹੇ ਘੁੰਮਾਉਣ ਵਾਲਿਆਂ ਖ਼ਿਲਾਫ਼ ਫ਼ੌਰੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਜਾਵੇ। ਹੋਰ ਤਾਂ ਸਾਰੇ ਖੇਤਰਾਂ ਵਿਚ ਝੂਠੀਆਂ ਪੋਸਟਾਂ ਦਾ ਚਲਨ ਆਮ ਹੈ, ਪਰ ਮੁਸਲਮਾਨਾਂ ਨੂੰ ਬਦਨਾਮ ਕਰਨ ਵਾਲਿਆਂ ਨੇ ਫ਼ੌਜ ਨੂੰ ਵੀ ਨਹੀਂ ਬਖ਼ਸ਼ਿਆ। ਦੇਖਣਾ ਹੋਵੇਗਾ; ਕਿ ਰਾਸ਼ਟਰਪਤੀ ਇਸ ਮਾਮਲੇ ਵਿਚ ਕਿੰਨੀ ਛੇਤੀ ਤੇ ਕਿਹੜਾ ਫੁਰਮਾਨ ਜਾਰੀ ਕਰਦੇ ਹਨ।

# ਭਾਰਤ ਸਰਕਾਰ ਵੱਲੋਂ ਮਨੁੱਖੀ ਹੱਕਾਂ ਦੇ ਰਾਖਿਆਂ ਦੀ ਅਵਾਜ਼ ਦਬਾਉਣ 'ਤੇ ਯੂਐਨ ਫਿਕਰਮੰਦ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਵਿਚ ਗ਼ੈਰ ਸਰਕਾਰੀ ਸੰਸਥਾਵਾਂ ਨੂੰ ਵਿਦੇਸ਼ਾਂ ਵਿਚੋਂ ਚੰਦਾ ਭੇਜਣ 'ਤੇ ਰੋਕ ਅਤੇ ਸਮਾਜਿਕ ਕਾਰਕੁਨਾਂ ਦੀ ਗ੍ਰਿਫ਼ਤਾਰੀ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਹਾਈ ਕਮਿਸ਼ਨਰ ਮਿਸ਼ੇਲ ਬਾਚੇਲੈ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਮਨੁੱਖੀ ਅਧਿਕਾਰਾਂ ਦੇ ਰੱਖਵਾਲਿਆਂ ਤੇ ਗ਼ੈਰ ਸਰਕਾਰੀ ਸੰਸਥਾਵਾਂ ਦੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ।

ਸ੍ਰੀਮਤੀ ਬਾਚੇਲੈ ਨੇ ਕਿਹਾ ਕਿ ਭਾਰਤ ਵੱਡੀ ਆਬਾਦੀ ਵਾਲਾ ਦੇਸ਼ ਹੈ, ਜਿੱਥੇ ਲੋਕ ਦੇਸ਼ ਵਿੱਚ ਤੇ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਖੜਦੇ ਹਨ ਪਰ ਉਨਾਂ ਚਿੰਤਾ ਜ਼ਾਹਰ ਕੀਤੀ ਕਿ ਭਾਰਤ ਵਿਚ ਕਾਨੂੰਨ ਦੀ ਵਰਤੋਂ ਇਨਾਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਵਾਸਤੇ ਕੀਤੀ ਜਾ ਰਹੀ ਹੈ।

ਉਧਰ, ਭਾਰਤ ਦੇ ਰਵੱਈਏ ਨੂੰ ਜਾਇਜ਼ ਦਸਦਿਆਂ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਕਿਹਾ ਕਿ 'ਫੌਰਨ ਕੰਟਰੀਬਿਊਸ਼ਨ ਰੈਗੂਲੇਸ਼ਨ ਐਕਟ (ਐੱਫਸੀਆਰਏ) ਨਾਲ ਸਬੰਧਤ ਮੁੱਦੇ 'ਤੇ ਯੂਐੱਨ ਹਾਈ ਕਮਿਸ਼ਨਰ ਦੀ ਟਿੱਪਣੀ ਉਨਾਂ ਦੇ ਧਿਆਨ ਵਿੱਚ ਹੈ। ਉਹਨਾਂ ਦੋਸ਼ ਲਾਇਆ ਕਿ ਮਨੁੱਖੀ ਅਧਿਕਾਰਾਂ ਦੀ ਆੜ ਹੇਠ ਕਾਨੂੰਨ ਦੀ ਉਲੰਘਣਾ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੀਆਂ ਅਜਿਹੀਆਂ ਕਾਰਵਾਈਆਂ ਕਰਕੇ ਹੀ ਵਿਸ਼ਵ ਪੱਧਰ 'ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਕੰਮ ਕਰਨ ਵਾਲੀ ਸੰਸਥਾ ਐਮਨੇਸਟੀ ਇੰਟਰਨੈਸ਼ਨਲ ਨੇ ਭਾਰਤ ਵਿਚਲੇ ਆਪਣੇ ਸਾਰੇ ਦਫਤਰ ਬੰਦ ਕਰ ਦਿੱਤੇ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਲੋਕਾਂ ਖਿਲਾਫ ਯੂਏਪੀਏ ਵਰਗੇ ਕਾਲੇ ਕਾਨੂੰਨਾਂ ਅਧੀਨ ਮਾਮਲੇ ਦਰਜ ਕੀਤੇ ਗਏ ਹਨ ਜੋ ਮਨੁੱਖੀ ਹੱਕਾਂ ਲਈ ਅਵਾਜ਼ ਚੁੱਕਦੇ ਹਨ।

# ਰੈਂਟਨ ਗੁਰੂਘਰ 'ਚ ਦੋ ਧੜਿਆਂ ਵਿਚ ਝੜਪਾਂ

## ✪ ਪੱਗਾਂ ਲੱਥੀਆਂ, ਬੇਸਬਾਲ, ਬੱਲੇ 'ਤੇ ਤਲਵਾਰਾਂ ਦੀ ਹੋਈ ਵਰਤੋਂ ✪ ਕਈ ਜ਼ਖ਼ਮੀ, ਪੁਲਿਸ ਨੇ ਦਖ਼ਲਅੰਦਾਜ਼ੀ ਕਰ ਕੇ ਮਾਹੌਲ ਸ਼ਾਂਤ ਕੀਤਾ

**ਸਿਆਟਲ/ਏ.ਟੀ.ਨਿਊਜ਼:** ਯੂਐੱਸਏ ਦੀ ਵਾਸ਼ਿੰਗਟਨ ਸਟੇਟ ਵਿੱਚ ਰੈਂਟਨ ਸ਼ਹਿਰ (ਸਿਆਟਲ) ਵਿਖੇ ਗੁਰਦੁਆਰਾ ਸਿੰਘ ਸਭਾ ਵਿੱਚ ਐਤਵਾਰ ਦੌਰਾਨ ਦੋ ਧੜਿਆਂ ਵਿਚ ਖ਼ੂਨੀ ਝੜਪ ਹੋਈ। ਇਸ ਲੜਾਈ ਵਿੱਚ ਬੇਸਬਾਲ, ਬੱਲੇ ਅਤੇ ਤਲਵਾਰਾਂ ਦੀ ਖੁੱਲ ਕੇ ਵਰਤੋਂ ਹੋਈ। ਜਿਸ ਵਿੱਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਅਮਰੀਕਾ ਤੋਂ ਪਰਵਾਸੀ ਪੰਜਾਬੀਆਂ ਨੇ ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ, ਕਿ "ਗੁਰਦੁਆਰੇ ਨੂੰ ਕਿਸੇ ਤਰਾਂ ਦਾ ਕੋਈ ਨੁਕਸਾਨ ਨਹੀਂ ਪਹੁੰਚਿਆ।"

ਘਟਨਾ ਦਾ ਪਤਾ ਚੱਲਦੇ ਹੀ ਰੈਂਟਨ ਪੁਲਿਸ ਅਤੇ ਰੈਂਟਨ ਫਾਇਰ ਫਾਈਟਰਜ਼ ਮੌਕੇ ਉੱਤੇ ਪੁੱਜੇ ਅਤੇ ਸਥਿਤੀ 'ਤੇ ਕਾਬੂ ਪਾਇਆ। ਉਨਾਂ ਕਿਹਾ ਕਿ ਇਹ ਘਟਨਾ ਗੁਰੂਘਰ ਦੇ ਲੰਗਰ ਹਾਲ ਵਿੱਚ ਹੋਈ ਹੈ ਅਤੇ ਦੋ ਗੁੱਟਾਂ ਵਿਚਕਾਰ ਜਮ ਕੇ ਝਗੜਾ ਹੋਇਆ ਹੈ। ਉਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਝਗੜਾ ਹੋ ਚੁੱਕਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇੱਕ ਧੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਨਾਰਾਜ਼ ਚੱਲ ਰਿਹਾ ਹੈ ਅਤੇ ਕਮੇਟੀ ਵੱਲੋਂ ਦੂਜੇ ਧੜੇ ਦੀ ਪੁਸ਼ਤ ਪਨਾਹੀ ਦੇ ਸ਼ੱਕ ਕਾਰਨ ਹੀ ਇਹ ਝਗੜਾ ਹੋਇਆ ਹੈ। ਇਸ ਲੜਾਈ ਵਿਚ ਕਈਆਂ ਦੀਆਂ ਪੱਗਾਂ ਲੱਥ ਗਈਆਂ ਅਤੇ ਕਈਆਂ ਦੇ ਸੱਟਾਂ ਲੱਗੀਆਂ । ਪੁਲਿਸ ਨੇ ਦਖ਼ਲਅੰਦਾਜ਼ੀ ਕਰ ਕੇ ਮਾਹੌਲ ਸ਼ਾਂਤ ਕੀਤੀ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ


28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਪ੍ਰਵਾਸੀ ਪੰਜਾਬੀਆਂ ਵੱਲੋਂ ਕਿਸਾਨਾਂ ਨੂੰ ਇੱਕਮੁੱਠ ਤੇ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦੀ ਅਪੀਲ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:**
ਪ੍ਰਵਾਸੀ ਪੰਜਾਬੀਆਂ ਵੱਲੋਂ ਕਿਸਾਨਾਂ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ, ਕਿਉਂਕਿ 90 ਫ਼ੀਸਦੀ ਲੋਕ ਕਿਸਾਨੀ ਪਰਿਵਾਰਾਂ ਵਿਚੋਂ ਰੋਜ਼ੀ ਰੋਟੀ ਖ਼ਾਤਰ ਵਿਦੇਸ਼ਾਂ ਵਿਚ ਵਸੇ ਹੋਏ ਹਨ। ਕਿਸਾਨੀ ਪਰਿਵਾਰ ਨਾਲ ਸਬੰਧਤ ਤੇ ਪਾਰਕ ਤੇ ਰੀਕ੍ਰੇਸ਼ਨ ਲੈਥਰੋਪ ਦੇ ਕਮਿਸ਼ਨਰ ਅਜੀਤ ਸਿੰਘ ਸੰਧੂ ਨੇ ਸੁਝਾਓ ਦੇਂਦੇ ਹੋਏ ਦੱਸਿਆ ਕਿ ਕਿਸਾਨ ਸਾਰੇ ਦੇਸ਼ ਦਾ ਅੰਨਦਾਤਾ ਹੈ ਜਿਨਾਂ ਨੂੰ ਨਿਸ਼ਾਨੇ ਦੀ ਪ੍ਰਾਪਤੀ ਲਈ ਇੱਕਮੁੱਠ ਤੇ ਇੱਕਜੁੱਟ ਹੋ ਕੇ ਸੰਘਰਸ਼ ਜਾਰੀ ਰੱਖਦਾ ਚਾਹੀਦਾ ਹੈ। ਸਰਕਾਰ ਵੱਲੋਂ ਕਿਸਾਨਾਂ ਵਿਚ ਪਾੜੋ ਤਾੜ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਰਾਜਨੀਤਕ ਪਾਰਟੀਆਂ ਆਪਣਾ ਲਾਹਾ ਲੈਣ ਲਈ ਅੱਗੇ ਆਉਣਗੀਆਂ ਜਿਨਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਸਿੱਖ ਸੇਵਾ ਫਾਉਂਡੇਸ਼ਨ ਅਮਰੀਕਾ ਦੇ ਚੇਅਰਮੈਨ ਬਹਾਦਰ ਸਿੰਘ ਨੇ ਦੱਸਿਆ ਕਿ ਸਰਕਾਰ ਨੂੰ ਪਾਸ ਕੀਤੇ ਕਿਸਾਨੀ ਬਿਲ ਰੱਦ ਕਰਨੇ ਚਾਹੀਦੇ ਹਨ। ਗੁਰਦੁਆਰਾ ਮੈਰੀਸਵੈਲ ਦੇ ਸਟੇਜ ਸਕੱਤਰ ਗੁਰਬਿੰਦਰ ਸਿੰਘ ਰਿੱਪੀ ਧਾਲੀਵਾਲ ਨੇ ਕਿਹਾ ਕਿ ਭਾਰਤ ਸਰਕਾਰ ਦਾ ਧੱਕਾ ਸਹਿਣ ਨਹੀਂ ਕੀਤਾ ਜਾਵੇਗਾ। ਕੇਂਦਰ ਸਰਕਾਰ ਕਹਿੰਦੀ ਹੈ ਕਿ ਕਿਸਾਨਾਂ ਦੇ ਭਲੇ ਲਈ ਬਿਲ ਬਣਾਇਆ ਹੈ। ਜੇਕਰ ਕਿਸਾਨਾਂ ਨੂੰ ਪਸੰਦ ਨਹੀਂ ਤਾਂ ਬਿੱਲ ਰੱਦ ਕਰ ਦੇਣਾ ਚਾਹੀਦਾ ਹੈ। ਸਮੁੱਚੇ ਵਿਸ਼ਵ ਦੇ ਪ੍ਰਵਾਸੀ ਪੰਜਾਬੀ ਕਿਸਾਨਾਂ ਦਾ ਸਮਰਥਨ ਕਰ ਰਹੇ ਹਨ।



# ਕੈਨੇਡਾ ’ਚ ਕਪੂਰਥਲਾ ਦੇ ਇਕ ਨੌਜਵਾਨ ਵਿਦਿਆਰਥੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ



**ਨਿਊਯਾਰਕ/ਓਂਟਾਰੀਓ (ਰਾਜ ਗੋਗਨਾ):** ਬੀਤੇ ਦਿਨ ਕੈਨੇਡਾ ਦੇ ਸੂਬੇ ਓਂਟਾਰੀਓ ਦੇ ਸ਼ਹਿਰ ਕਿਚਨਰ ਵਿਖੇ ਪੜਾਈ ਕਰਨ ਆਏ ਇਕ ਨੌਜਵਾਨ ਕੁਲਜੀਤ ਸਿੰਘ ਦੀ ਮੌਤ ਹੋ ਜਾਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਕੰਮ ਤੋਂ ਘਰ ਆਉਣ ਤੋਂ ਬਾਅਦ ਸੁੱਤੇ ਪਏ ਹੀ ਨੌਜਵਾਨ ਨੂੰ ਦਿਲ ਦਾ ਦੌਰਾ ਪੈ ਗਿਆ। ਨੌਜਵਾਨ ਡੇਢ ਕੁ ਸਾਲ ਪਹਿਲਾਂ ਹੀ ਪੜਨ ਲਈ ਕੈਨੇਡਾ ਆਇਆ ਸੀ ਅਤੇ ਕਾਨੇਸਟੋਗਾ ਕਾਲਜ ਵਿਖੇ ਪੜਾਈ ਕਰ ਰਿਹਾ ਸੀ। ਨੌਜਵਾਨ ਦਾ ਪੰਜਾਬ ਤੋਂ ਪਿਛੋਕੜ ਕਪੂਰਥਲਾ ਨਾਲ ਸਬੰਧਤ ਸੀ । ਉਸ ਦੇ ਪਿਤਾ ਦਾ ਨਾਂ ਬਲਵਿੰਦਰ ਸਿੰਘ ਤੇ ਉਹ ਕਪੂਰਥਲਾ ਦੀ ਨਾਮਦੇਵ ਕਾਲੋਨੀ ਵਿਚ ਰਹਿੰਦੇ ਹਨ। ਬਲਵਿੰਦਰ ਸਿੰਘ ਕਪੂਰਥਲਾ ਵਿੱਚ ਇਕ ਡੇਅਰੀ ਚਲਾਉਂਦੇ ਹਨ। ਜਾਣਕਾਰੀ ਮੁਤਾਬਕ ਨੌਜਵਾਨ ਤਿੰਨ ਭੈਣਾਂ ਦਾ ਭਰਾ ਸੀ। ਬਹੁਤ ਸਾਰੇ ਨੌਜਵਾਨ ਵਧੀਆ ਭਵਿੱਖ ਲਈ ਵਿਦੇਸ਼ ਜਾ ਕੇ ਪੜਾਈ ਤੇ ਨੌਕਰੀ ਕਰਨ ਲਈ ਜਾਂਦੇ ਹਨ ਪਰ ਕਈ ਵਾਰ ਕਿਸਮਤ ਅਜਿਹਾ ਖੇਡ ਖੇਡਦੀ ਹੈ ਕਿ ਪਰਿਵਾਰ ਉਨਾਂ ਤੋਂ ਹਮੇਸ਼ਾ ਲਈ ਹੀ ਵਿੱਛੜ ਜਾਂਦੇ ਹਨ। ਇਸ ਸਮੇਂ ਪਰਿਵਾਰ ’ਤੇ ਜੋ ਬੀਤ ਰਹੀ ਹੈ, ਉਸ ਨੂੰ ਸ਼ਬਦਾਂ ਵਿਚ ਲਿਖਿਆ ਨਹੀਂ ਜਾ ਸਕਦਾ। ਕੈਨੇਡਾ ਤੇ ਪੰਜਾਬ ਵੱਸਦਾ ਭਾਈਚਾਰਾ ਨੌਜਵਾਨ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰ ਰਿਹਾ ਹੈ। ਭਾਈਚਾਰੇ ਵੱਲੋਂ ਗੋਫੰਡ ਮੀ ਦੀ ਸਾਈਟ ਤੇ ਉਸ ਦੀ ਮ੍ਰਿਤਕ ਦੇਹ ਭੇਜਣ ਲਈ ਫ਼ੰਡ ਇਕੱਠਾ ਕੀਤਾ ਜਾ ਰਿਹਾ ਹੈ ਤਾਂ ਕਿ ਉਸ ਦਾ ਸਾਰਾ ਪਰਿਵਾਰ ਉਸ ਦੇ ਅੰਤਿਮ ਦਰਸ਼ਨ ਕਰ ਸਕੇ।

# ਸਾਬਕਾ ਮੰਤਰੀ ਸਾਂਪਲਾ ਨੂੰ ਕਿਸਾਨਾਂ ਨੇ ਘੇਰਿਆ



**ਜਲੰਧਰ/ਏ.ਟੀ.ਨਿਊਜ਼:** ਮੰਗਲਵਾਰ ਨੂੰ ਕਿਸਾਨਾਂ ਵੱਲੋਂ ਖੇਤੀ ਕਾਨੂੰਨਾਂ ਵਿਰੁੱਧ, ਸਾਬਕਾ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਦਾ ਘਿਰਾਓ ਕੀਤਾ ਗਿਆ। ਵਿਜੇ ਸਾਂਪਲਾ ਸਥਾਨਕ ਸਰਕਟ ਹਾਊਸ ਵਿਖੇ ਪ੍ਰੈੱਸ ਕਾਨਫ਼ਰੰਸ ਕਰਨ ਵਾਲੇ ਸਨ। ਇਸ ਦੀ ਜਾਣਕਾਰੀ ਮਿਲਣ ’ਤੇ ਕਿਸਾਨਾਂ ਵੱਲੋਂ ਸਰਕਟ ਹਾਊਸ ਦਾ ਘਿਰਾਓ ਕੀਤਾ ਗਿਆ। ਖੇਤੀ ਸੁਧਾਰ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨ ਲਗਾਤਾਰ ਪੰਜਾਬ ’ਚ ਆਗੂਆਂ ਦਾ ਘਿਰਾਓ ਕਰ ਰਹੇ ਹਨ।

# ਸਿਆਟਲ ਦੇ ਲਿਖਾਰੀ ਹਰਦਿਆਲ ਸਿੰਘ ਚੀਮਾ ਦੀ ਪੁਸਤਕ ‘ਬਾਲਾਂ ਵਿਚੋਂ ਰੱਬ ਲੱਭਿਆ’ ਲੋਕ ਅਰਪਣ




**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਾਬਕਾ ਪ੍ਰਧਾਨ ਅਤੇ ਲਿਖਾਰੀ ਹਰਦਿਆਲ ਸਿੰਘ ਚੀਮਾ ਨੇ ਹੁਣ ਤੱਕ 16 ਪੁਸਤਕਾਂ ਲਿਖ ਚੁੱਕੇ ਹਨ ਅਤੇ 50 ਗੀਤ ਰਿਕਾਰਡ ਹੋ ਚੁੱਕੇ ਹਨ। ਹਰਦਿਆਲ ਸਿੰਘ ਚੀਮਾ ਨੇ ਦੱਸਿਆ: ਕਿ ਸਿੱਖ ਗੁਰੂਆਂ ਦੀਆਂ ਸੰਖੇਪ ਜੀਵਨੀਆਂ ਅਤੇ ‘ਬਾਲਾਂ ਵਿਚੋਂ ਰੱਬ ਲੱਭਿਆ’ ਬੱਚਿਆਂ ਨੂੰ ਸਮਰਪਿਤ ਕਰਕੇ ਲਿਖੀਆਂ ਗਈਆਂ ਹਨ। ਉਨਾਂ ਕਵਿਤਾ ਦੇ ਰੂਪ ਵਿਚ ਦੱਸਿਆ ‘ਭਾਲ ਰਹੇ ਸਾਂ, ਬੜੇ ਚਿਰ ਦੇ, ਹੱਸਣ ਤਾਂ ਮੂੰਹੋਂ ਫੁੱਲ ਕਿਰਦੇ। **ਜਿਸ ਨੂੰ ਪ੍ਰੇਮ ਚੇਟਕ ਦੀ ਹੋਵੇ, ਫਲ ਪਾਉਂਦਾ ਸੋਈ। ਬਾਲਾਂ ਵਿਚੋਂ ਰੱਬ ਲੱਭਿਆ, ਸਾਨੂੰ ਹੋਰ ਨਾ ਤ੍ਰਿਸ਼ਨਾ ਕੋਈ।**
ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਡਾ. ਜੇ.ਬੀ. ਸਿੰਘ, ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ, ਸਕੱਤਰ ਬਲਿਹਾਰ ਲੇਹਲ ਨੇ ਚੀਮਾ ਦੀਆਂ ਲਿਖਤਾਂ ਦੀ ਸ਼ਲਾਘਾ ਕੀਤੀ। ਹਰਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਹਰਦਿਆਲ ਸਿੰਘ ਚੀਮਾ ਨੇ ਆਪਣੀਆਂ ਲਿਖਤਾਂ ਨਾਲ ਸਿਆਟਲ ਦਾ ਮਾਣ ਵਧਾਇਆ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਓਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

Capital services
CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Sir Speedy Tustin Printers to the Community

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਭਾਰਤ ਵਿਚ ਵਿਕਦੇ ਹਨ; ਸਿਆਸਤ ਦਾਨ

## ✪ ਗੁਜਰਾਤ ਅਸੰਬਲੀ ਦੀ ਚੋਣ ਲੜ ਰਹੇ ਇਕ ਉਮੀਦਵਾਰ ਨੂੰ ਚਾਰ ਮਹੀਨੇ ਪਹਿਲਾਂ ਅਸੰਬਲੀ ਤੋਂ ਅਸਤੀਫ਼ਾ ਦੇਣ ਲਈ 52 ਕਰੋੜ ਰੁਪਏ ਦੀ ਹੋਈ ਪੇਸ਼ਕਸ਼

## ✪ ਮੱਧ ਪ੍ਰਦੇਸ਼ ਵਿਚ 25 ਕਾਂਗਰਸੀ ਵਿਧਾਇਕਾਂ ਨੇ ਅਸਤੀਫ਼ੇ ਦੇ ਕੇ ਭਾਜਪਾ ਸਰਕਾਰ ਬਣਵਾਈ, ਹੁਣ ਇਹ ਸਾਰੇ ਭਾਜਪਾ ਦੀ ਟਿਕਟ 'ਤੇ ਚੋਣ ਲੜ ਰਹੇ ਨੇ

**ਦਿੱਲੀ /ਏ.ਟੀ.ਨਿਊਜ਼ :** ਗੁਜਰਾਤ ਵਿਚ ਅਸੰਬਲੀ ਦੀ ਜ਼ਿਮਨੀ ਚੋਣ ਲੜ ਰਹੇ ਇਕ ਉਮੀਦਵਾਰ ਨੇ ਇਹ ਦਾਅਵਾ ਕੀਤਾ, 'ਕਿ ਚਾਰ ਮਹੀਨੇ ਪਹਿਲਾਂ ਉਸ ਨੂੰ ਅਸੰਬਲੀ ਤੋਂ ਅਸਤੀਫ਼ਾ ਦੇਣ ਲਈ 52 ਕਰੋੜ ਰੁਪਏ ਦੀ ਪੇਸ਼ਕਸ਼ ਹੋਈ ਸੀ।' ਵਿਧਾਇਕਾਂ ਤੋਂ ਥੋਕ ਵਿਚ ਅਸਤੀਫ਼ੇ ਦਿਵਾ ਕੇ ਲੋਕਾਂ ਦੇ ਫ਼ਤਵੇ ਦੀ ਬੇਇੱਜ਼ਤੀ ਕਰਨ ਸਬੰਧੀ ਬਹਿਸ ਮੁੜ ਭਖਾ ਦਿੱਤੀ ਹੈ। ਰਾਜ ਸਭਾ ਚੋਣਾਂ ਮੌਕੇ ਜੂਨ ਵਿਚ ਕਾਂਗਰਸੀ ਵਿਧਾਇਕ ਵਜੋਂ ਅਸਤੀਫ਼ਾ ਦੇਣ ਤੋਂ ਬਾਅਦ ਅਕਸ਼ੈ ਪਟੇਲ ਹੁਣ ਗੁਜਰਾਤ ਦੀ ਕਰਜਨ ਸੀਟ ਤੋਂ ਭਾਜਪਾ ਉਮੀਦਵਾਰ ਹੈ। ਉਸ ਨੇ ਇਕ ਟੀ ਵੀ ਚੈਨਲ ਨੂੰ ਕਿਹਾ, 'ਆਪੋਜ਼ੀਸ਼ਨ (ਕਾਂਗਰਸ) ਦੇ ਆਗੂ ਪਾਰੇਸ਼ ਧਨਾਨੀ ਨੇ ਕਿਹਾ ਹੈ ਕਿ ਮੈਨੂੰ 16 ਕਰੋੜ ਵਿਚ ਖ਼ਰੀਦਿਆ ਗਿਆ ਸੀ। ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ। ਮੈਨੂੰ ਇਕ ਫਾਰਮ ਹਾਊਸ ਵਿਚ ਹੋਈ ਮੀਟਿੰਗ ਵਿਚ 52 ਕਰੋੜ ਰੁਪਏ ਪੇਸ਼ ਕੀਤੇ ਗਏ ਸਨ, ਪਰ ਮੈਂ ਪੇਸ਼ਕਸ਼ ਠੁਕਰਾ ਦਿੱਤੀ ਸੀ। ਮੈਂ ਅਜਿਹਾ ਧੰਦਾ ਨਹੀਂ ਕਰਦਾ। ਮੈਂ ਆਪਣੇ ਬਿਜ਼ਨਸ ਤੋਂ ਪੈਸੇ ਕਮਾਏ ਹਨ। ਮੇਰੀਆਂ ਖੰਡ ਮਿੱਲਾਂ ਹਨ। ਭਾਜਪਾ ਨੂੰ ਰਾਜ ਸਭਾ ਦੀ ਤੀਜੀ ਸੀਟ ਜਿਤਾਉਣ ਲਈ 8 ਕਾਂਗਰਸੀ ਵਿਧਾਇਕਾਂ ਨੇ ਅਸਤੀਫ਼ੇ ਦਿੱਤੇ ਸਨ, ਜਿਨ੍ਹਾਂ ਵਿਚੋਂ 5 ਭਾਜਪਾ ਦੀ ਟਿਕਟ 'ਤੇ ਜ਼ਿਮਨੀ ਚੋਣ ਲੜ ਰਹੇ ਹਨ। ਪਟੇਲ ਨੇ ਇਹ ਨਹੀਂ ਦੱਸਿਆ ਕਿ ਉਸ ਨੂੰ 52 ਕਰੋੜ ਕਿਸ ਨੇ ਪੇਸ਼ ਕੀਤੇ ਸੀ, ਪਰ ਗੁਜਰਾਤ ਹੈ ਤਾਂ ਉਸ ਆਗੂ ਦਾ ਸੂਬਾ ਹੀ, ਜਿਸ ਨੇ ਕਿਹਾ ਸੀ 'ਨਾ ਖਾਊਂਗਾ, ਨਾ ਖਾਨੇ ਦੂੰਗਾ।' ਗੁਜਰਾਤ ਵਰਗੀ ਕਹਾਣੀ ਮੱਧ ਪ੍ਰਦੇਸ਼ ਦੀ ਵੀ ਹੈ, ਜਿੱਥੇ 25 ਕਾਂਗਰਸੀ ਵਿਧਾਇਕਾਂ ਨੇ ਅਸਤੀਫ਼ੇ ਦੇ ਕੇ ਭਾਜਪਾ ਦੀ ਸਰਕਾਰ ਬਣਵਾ ਦਿੱਤੀ ਤੇ ਹੁਣ ਇਹ ਸਾਰੇ ਭਾਜਪਾ ਦੀ ਟਿਕਟ 'ਤੇ ਜ਼ਿਮਨੀ ਚੋਣ ਲੜ ਰਹੇ ਹਨ। ਇਸੇ ਤਰ੍ਹਾਂ ਕਰਨਾਟਕ ਵਿਚ ਕਾਂਗਰਸ-ਜਨਤਾ ਦਲ (ਸੈਕੂਲਰ) ਦੀ ਸਰਕਾਰ ਉਲਟਾਉਣ ਲਈ ਅਸਤੀਫ਼ਾ ਦੇਣ ਵਾਲੇ ਇਨ੍ਹਾਂ ਪਾਰਟੀਆਂ ਦੇ 17 ਵਿਚੋਂ 15 ਵਿਧਾਇਕਾਂ ਨੂੰ ਭਾਜਪਾ ਨੇ ਆਪਣੀ ਟਿਕਟ 'ਤੇ ਜ਼ਿਮਨੀ ਚੋਣ ਲੜਵਾਈ ਸੀ। ਦੋਹੀਂ ਥਾਈਂ ਭਾਜਪਾ ਨੇ ਦਾਅਵਾ ਕੀਤਾ ਕਿ ਉਸ ਨੇ ਦਲ ਬਦਲੀ ਨਹੀਂ ਕਰਵਾਈ, ਕਾਂਗਰਸ ਦੀ ਅੰਦਰੂਨੀ ਲੜਾਈ ਕਾਰਨ ਹੀ ਉਸ ਦੀਆਂ ਸਰਕਾਰਾਂ ਡਿੱਗੀਆਂ। ਇਹ ਸਰਕਾਰਾਂ ਡਿੱਗਣ ਤੋਂ ਪਹਿਲਾਂ ਕਰਨਾਟਕ ਦੇ ਦਲ ਬਦਲੂਆਂ ਨੂੰ ਮਹਾਰਾਸ਼ਟਰ ਦੇ ਹੋਟਲਾਂ ਵਿਚ ਰੱਖਿਆ ਗਿਆ। ਉਦੋਂ ਮਹਾਰਾਸ਼ਟਰ ਵਿਚ ਭਾਜਪਾ ਦੀ ਸਰਕਾਰ ਸੀ। ਮੱਧ ਪ੍ਰਦੇਸ਼ ਦੇ ਦਲ ਬਦਲੂਆਂ ਨੂੰ ਕਰਨਾਟਕ ਵਿਚ ਰੱਖਿਆ ਗਿਆ, ਜਿੱਥੇ ਭਾਜਪਾ ਦੀ ਸਰਕਾਰ ਬਣ ਚੁੱਕੀ ਸੀ। ਅਦਾਲਤਾਂ ਨੇ ਇਸ ਘਟਨਾ ਚੱਕਰ ਨੂੰ ਜਮਹੂਰੀਅਤ ਲਈ ਖ਼ਤਰਾ ਨਹੀਂ ਮੰਨਿਆ। ਕਰਨਾਟਕ ਵਿਚ ਮੁੱਖ ਮੰਤਰੀ ਬਣਨ ਵਾਲੇ ਬੀ ਐੱਸ ਯੇਦੀਯੁਰੱਪਾ ਤੇ ਮੱਧ ਪ੍ਰਦੇਸ਼ ਵਿਚ ਮੁੱਖ ਮੰਤਰੀ ਬਣਨ ਵਾਲੇ ਸ਼ਿਵਰਾਜ ਸਿੰਘ ਚੌਹਾਨ ਨੇ ਮੰਨਿਆ ਕਿ ਉਹ ਕਾਂਗਰਸੀ ਵਿਧਾਇਕਾਂ ਦੀਆਂ 'ਕੁਰਬਾਨੀਆਂ' ਕਰਕੇ ਸੱਤਾ ਵਿਚ ਪਰਤੇ ਹਨ ਤੇ ਇਨ੍ਹਾਂ ਦਾ ਖ਼ਿਆਲ ਰੱਖਣਾ ਪੈਣਾ। ਕਈ ਵਿਧਾਇਕਾਂ ਨੂੰ ਤਾਂ ਇਨ੍ਹਾਂ ਨੇ ਮੁੱਖ ਮੰਤਰੀ ਬਣਨ ਤੋਂ ਫ਼ੌਰੀ ਬਾਅਦ ਮੰਤਰੀ ਬਣਾ ਦਿੱਤਾ ਸੀ। ਕਾਂਗਰਸ ਨੇ ਉਦੋਂ ਦੋਸ਼ ਲਾਇਆ ਸੀ ਕਿ ਹਰੇਕ ਵਿਧਾਇਕ ਨੂੰ 20 ਤੋਂ 25 ਕਰੋੜ ਵਿਚ ਖ਼ਰੀਦਿਆ ਗਿਆ ਸੀ। ਪਟੇਲ ਦੇ ਦਾਅਵੇ ਤੋਂ ਇਹ ਦੋਸ਼ ਔਧਾ ਸੀ। ਭਾਜਪਾ ਦੇ ਕੇਂਦਰੀ ਸੱਤਾ ਵਿਚ ਆਉਣ ਤੋਂ ਬਾਅਦ ਦਲ ਬਦਲੀ ਦਾ ਨਵਾਂ ਤਰੀਕਾਕਾਰ ਸਾਹਮਣੇ ਆਇਆ ਹੈ। ਪਹਿਲਾਂ ਕਿਸੇ ਪਾਰਟੀ ਦੇ ਵਿਧਾਇਕ ਦਲ ਬਦਲੀ ਵਿਰੋਧੀ ਕਾਨੂੰਨ ਤੋਂ ਬਚਣ ਲਈ ਲੋੜੀਂਦੀ ਗਿਣਤੀ ਵਿਚ ਟੁੱਟ ਕੇ ਕਿਸੇ ਦੂਜੀ ਪਾਰਟੀ ਦੀ ਜਾਂ ਆਪਣੀ ਸਰਕਾਰ ਬਣਾਉਂਦੇ ਸਨ, ਪਰ ਹੁਣ ਵਿਧਾਇਕਾਂ ਨੂੰ ਧਨ ਦੇ ਕੇ ਅਸਤੀਫ਼ੇ ਦਿਵਾ ਕੇ ਸਰਕਾਰ ਨੂੰ ਘੱਟਗਿਣਤੀ ਵਿਚ ਲਿਆ ਕੇ ਸੁੱਟਿਆ ਜਾਂਦਾ ਹੈ ਤੇ ਫਿਰ ਹੋਰ ਤਿਕੜਮਾਂ ਕਰਕੇ ਆਪਣੀ ਸਰਕਾਰ ਬਣਾ ਲਈ ਜਾਂਦੀ ਹੈ। ਹੁੰਦਾ ਇਹ ਸਭ ਸੰਵਿਧਾਨ ਤੇ ਜਮਹੂਰੀਅਤ ਨੂੰ ਬਚਾਉਣ ਦੇ ਨਾਂਅ ਉੱਤੇ ਹੈ। ਮੱਧ ਪ੍ਰਦੇਸ਼ ਦੇ ਲੋਕਾਂ ਨੇ 15 ਸਾਲ ਤੋਂ ਰਾਜ ਕਰਦੀ ਭਾਜਪਾ ਨੂੰ ਸੱਤਾ ਤੋਂ ਲਾਹਿਆ ਸੀ, ਪਰ ਉਸ ਨੇ 15 ਮਹੀਨਿਆਂ ਵਿਚ ਹੀ ਕਾਂਗਰਸ ਸਰਕਾਰ ਤੋੜ ਦਿੱਤੀ। ਸਰਕਾਰਾਂ ਉਲਟਾਉਣ ਦੇ ਮਾਮਲੇ ਵਿਚ ਕਾਂਗਰਸ ਦਾ ਰਿਕਾਰਡ ਵੀ ਚੰਗਾ ਨਹੀਂ ਰਿਹਾ। ਉਸ ਨੇ ਵੀ ਕਾਫ਼ੀ ਮਨਮਾਨੀਆਂ ਕੀਤੀਆਂ ਸਨ, ਪਰ ਸੱਤਾ ਉੱਤੇ ਕਬਜ਼ੇ ਲਈ ਜਮਹੂਰੀ ਅਸੂਲਾਂ ਤੇ ਸੰਵਿਧਾਨਕ ਵਿਵਸਥਾਵਾਂ ਦੀਆਂ ਜਿਸ ਤਰ੍ਹਾਂ ਭਾਜਪਾ ਧੱਜੀਆਂ ਉਡਾ ਰਹੀ ਹੈ, ਉਹ ਆਏ ਦਿਨ ਨਵਾਂ ਰਿਕਾਰਡ ਬਣਦਾ ਹੈ। ਕਹਿਣ ਨੂੰ ਸਰਕਾਰਾਂ ਪੰਜ ਸਾਲਾਂ ਲਈ ਚੁਣੀਆਂ ਜਾਂਦੀਆਂ ਹਨ, ਪਰ ਹੁਣ ਕੋਈ ਦਾਅਵਾ ਨਹੀਂ ਕਰ ਸਕਦਾ ਕਿ ਇਹ ਪੰਜ ਸਾਲ ਚੱਲਣਗੀਆਂ। ਇਹ ਭਾਜਪਾ ਦੀ ਇੱਛਾ 'ਤੇ ਹੈ ਕਿ ਉਹ ਕਦੋਂ ਵਿਧਾਇਕਾਂ ਤੋਂ ਅਸਤੀਫ਼ੇ ਦਿਵਾ ਕੇ ਸਰਕਾਰ ਨੂੰ ਘੱਟ ਗਿਣਤੀ ਵਿਚ ਕਰਵਾ ਦੇਵੇ ਤੇ ਮੁੜ ਆਪ ਕੁਰਸੀ ਮੱਲ ਲਵੇ। ਹੈਰਾਨੀ ਵਾਲੀ ਗੱਲ ਨਹੀਂ ਕਿ ਪਿਛਲੇ ਛੇ ਸਾਲਾਂ ਵਿਚ ਆਪੋਜ਼ੀਸ਼ਨ ਪਾਰਟੀਆਂ ਦੇ ਕਰੀਬ 100 ਵਿਧਾਇਕ ਅਸਤੀਫ਼ੇ ਦੇ ਕੇ ਕਮਲ ਦਾ ਫੁੱਲ ਖਿੜਾ ਚੁੱਕੇ ਹਨ। ਦਰਹਕੀਕਤ ਦਲ ਬਦਲੀ ਰੋਕੂ ਕਾਨੂੰਨ ਦਲਦਲੀ ਬਣ ਚੁੱਕਿਆ ਹੈ। ਦਲ ਬਦਲੀ ਕਰਾਉਣੀ ਬਹੁਤ ਹੀ ਸੌਖੀ ਤੇ ਕਰਨੀ ਬਹੁਤ ਹੀ ਫ਼ਾਇਦੇਮੰਦ ਹੋ ਗਈ ਹੈ। ਅਸਤੀਫ਼ਾ ਦਿਓ, ਮੁੜ ਵਿਧਾਇਕ ਬਣਨ ਦੀ ਘੱਟੋ-ਘੱਟ ਛੇ ਮਹੀਨੇ ਦੀ ਸ਼ਰਤ ਤੱਕ ਮੰਤਰੀ ਰਹੋ ਅਤੇ ਫਿਰ ਹਾਕਮ ਪਾਰਟੀ ਵੱਲੋਂ ਜ਼ਿਮਨੀ ਚੋਣ ਵਿਚ ਉਮੀਦਵਾਰ ਬਣ ਜਾਓ। ਲੋਕਤੰਤਰ ਵਿੱਚ ਚੱਲ ਰਿਹਾ ਇਹ ਧਨਤੰਤਰ ਦਰਸਾਉਂਦਾ ਹੈ ਕਿ ਸੱਤਾ ਲੋਭੀ ਸਿਆਸਤਦਾਨਾਂ ਦਾ ਇਖ਼ਲਾਕ ਕਿੰਨਾ ਡਿਗ ਗਿਆ ਹੈ।

# ਮਹਾਰਾਸ਼ਟਰ ਦੇ ਗਵਰਨਰ ਕੋਸ਼ਿਆਰੀ ਫਿਰਕੂਵਾਦ ਦੇ ਰਾਹ ਉੱਪਰ

## ✪ ਗਵਰਨਰ ਸਾਹਿਬ ਨੇ ਸੈਕੂਲਰਿਜ਼ਮ ਦਾ ਮਜ਼ਾਕ ਉਡਾਉਂਦਿਆਂ ਮੁੱਖ ਮੰਤਰੀ ਨੂੰ ਪੁੱਛਿਆ, 'ਕਿ ਜੇਕਰ ਬਾਰ ਤੇ ਰੈਸਟੋਰੈਂਟ ਖੋਲੇ ਜਾ ਸਕਦੇ ਹਨ ਤਾਂ ਦੇਵੀ-ਦੇਵਤਿਆਂ ਦੇ ਤਾਲੇ ਬੰਦ ਕਿਉਂ ਨੇ ?'

**ਮੁੰਬਈ/ਏ.ਟੀ.ਨਿਊਜ਼:** ਪਿਛਲੇ ਦਿਨੀਂ ਮਹਾਰਾਸ਼ਟਰ ਦੇ ਗਵਰਨਰ ਭਗਤ ਸਿੰਘ ਕੋਸ਼ਿਆਰੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਕੋਰੋਨਾ ਮਹਾਂਮਾਰੀ ਕਾਰਨ ਮੰਦਰ ਨਾ ਖੋਲੇ ਜਾਣ ਸੰਬੰਧੀ ਚਿੱਠੀ ਲਿਖੀ ਸੀ। ਉਨ੍ਹਾਂ ਆਪਣੀ ਚਿੱਠੀ ਵਿੱਚ ਕੁਝ ਅਜਿਹੀਆਂ ਟਿੱਪਣੀਆਂ ਕਰ ਦਿੱਤੀਆਂ, ਜਿਹੜੀਆਂ ਇਸ ਅਹੁਦੇ ਉੱਤੇ ਬੈਠੇ ਵਿਅਕਤੀ ਲਈ ਸ਼ੋਭਾ ਨਹੀਂ ਦਿੰਦੀਆਂ। ਇਸ ਚਿੱਠੀ ਵਿੱਚ ਗਵਰਨਰ ਸਾਹਿਬ ਨੇ ਸੈਕੂਲਰਿਜ਼ਮ ਦਾ ਮਜ਼ਾਕ ਉਡਾਉਂਦਿਆਂ ਮੁੱਖ ਮੰਤਰੀ ਨੂੰ ਇਹ ਪੁੱਛ ਲਿਆ, ਕਿ ਕੀ ਹੁਣ ਉਹ ਸੈਕੂਲਰ ਹੋ ਗਏ ਹਨ। ਨਾਲ ਹੀ ਉਨ੍ਹਾਂ ਲਿਖਿਆ ਕਿ ਤੁਸੀਂ ਤਾਂ ਹਿੰਦੂਤਵ ਦੇ ਵੱਡੇ ਚੈਂਪੀਅਨ ਬਣਦੇ ਹੁੰਦੇ ਸੀ ਤੇ ਭਗਵਾਨ ਰਾਮ ਦੇ ਭਗਤ ਸੀ ਅਤੇ ਸਹੁੰ ਚੁੱਕਣ ਤੋਂ ਬਾਅਦ ਸਭ ਤੋਂ ਪਹਿਲਾਂ ਅਯੁੱਧਿਆ ਜਾ ਕੇ ਭਗਵਾਨ ਰਾਮ ਦੇ ਦਰਸ਼ਨ ਕੀਤੇ ਸਨ। ਉਨ੍ਹਾਂ ਆਪਣੀ ਚਿੱਠੀ ਵਿੱਚ ਲਿਖਿਆ ਕਿ 'ਜੇਕਰ ਬਾਰ ਤੇ ਰੈਸਟੋਰੈਂਟ ਖੋਲੇ ਜਾ ਸਕਦੇ ਹਨ ਤਾਂ ਦੇਵੀ-ਦੇਵਤਿਆਂ ਨੂੰ ਤਾਲੇ ਬੰਦ ਕਿਉਂ ਕੀਤਾ ਹੋਇਆ ਹੈ ?' ਇਸ ਚਿੱਠੀ ਵਿੱਚ ਸਿਰਫ਼ ਮੰਦਰਾਂ ਦਾ ਜ਼ਿਕਰ ਹੈ, ਕਿਤੇ ਵੀ ਮਸਜਿਦ ਜਾਂ ਚਰਚ ਦੀ ਕੋਈ ਚਰਚਾ ਨਹੀਂ ਕੀਤੀ ਗਈ।

ਗਵਰਨਰ ਵੱਲੋਂ ਲਿਖੀ ਇਸ ਮਰਿਆਦਾ ਰਹਿਤ ਚਿੱਠੀ ਉੱਤੇ ਮੁੱਖ ਮੰਤਰੀ ਊਧਵ ਠਾਕਰੇ ਤੇ ਐੱਨ ਸੀ ਪੀ ਮੁਖੀ ਸ਼ਰਦ ਪਵਾਰ ਨੇ ਸਖ਼ਤ ਪ੍ਰਤੀਕ੍ਰਿਆ ਪ੍ਰਗਟ ਕੀਤੀ ਹੈ। ਮੁੱਖ ਮੰਤਰੀ ਨੇ ਚਿੱਠੀ ਦੇ ਜਵਾਬ ਵਿੱਚ ਗਵਰਨਰ ਨੂੰ ਲਿਖੇ ਖ਼ਤ ਵਿੱਚ ਉਨ੍ਹਾਂ ਨੂੰ ਮੋੜਵਾਂ ਸਵਾਲ ਕੀਤਾ ਹੈ ਕਿ ਤੁਹਾਡੇ ਕਹਿਣ ਦਾ ਮਤਲਬ ਹੈ ਮੰਦਰ ਨੂੰ ਖੋਲਣਾ ਹਿੰਦੂਤਵ ਹੈ ਤੇ ਨਾ ਖੋਲਣਾ ਸੈਕੂਲਰਿਜ਼ਮ ? ਉਨ੍ਹਾਂ ਇਹ ਵੀ ਲਿਖਿਆ ਹੈ ਕਿ ਤੁਹਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸੈਕੂਲਰਿਜ਼ਮ ਸੰਵਿਧਾਨ ਦਾ ਅਟੁੱਟ ਅੰਗ ਹੈ, ਜਿਸ ਦੀ ਸਹੁੰ ਚੁੱਕ ਕੇ ਹੀ ਤੁਸੀਂ ਇਸ ਅਹੁਦੇ ਉੱਤੇ ਬਿਰਾਜਮਾਨ ਹੋ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕਿਹਾ: ਕਿ ਲੋਕਾਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਦੇ ਹੋਏ ਸਾਨੂੰ ਉਨ੍ਹਾਂ ਦੇ ਜੀਵਨ ਦੀ ਰਾਖੀ ਨੂੰ ਪਹਿਲ ਦੇਣੀ ਪਵੇਗੀ। ਇਸ ਲਈ ਲਾਕਡਾਊਨ ਨੂੰ ਖੋਲਣਾ ਹਾਲ ਦੀ ਘੜੀ ਸੰਭਵ ਨਹੀਂ ਹੈ। ਐੱਨ ਸੀ ਪੀ ਮੁਖੀ ਸ਼ਰਦ ਪਵਾਰ ਨੇ ਗਵਰਨਰ ਦੀ ਇਸ ਕਾਰਵਾਈ ਉੱਤੇ ਇਤਰਾਜ਼ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖੀ ਹੈ। ਉਨ੍ਹਾਂ ਲਿਖਿਆ ਹੈ ਕਿ ਗਵਰਨਰ ਨੇ ਜਿਸ ਤਰ੍ਹਾਂ ਦੀ ਭਾਸ਼ਾ ਲਿਖੀ ਤੇ ਫਿਰ ਚਿੱਠੀ ਨੂੰ ਜਨਤਕ ਕੀਤਾ, ਇਹ ਉਨ੍ਹਾਂ ਦੇ ਅਹੁਦੇ ਮੁਤਾਬਿਕ ਠੀਕ ਨਹੀਂ ਹੈ। ਉਨ੍ਹਾਂ ਕਿਹਾ, ਕਿ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸੈਕੂਲਰਿਜ਼ਮ ਸ਼ਬਦ ਹੈ, ਜੋ ਸਭ ਧਰਮਾਂ ਪ੍ਰਤੀ ਬਰਾਬਰ ਦੇ ਵਿਹਾਰ ਦੀ ਗੱਲ ਕਰਦਾ ਹੈ।

ਅਸਲ ਵਿੱਚ ਠਾਕਰੇ ਤੇ ਪਵਾਰ ਜਿਸ ਸੈਕੂਲਰਿਜ਼ਮ ਦੀ ਗੱਲ ਕਰ ਰਹੇ ਹਨ, ਸੰਘ ਦੀ ਪਾਠਸ਼ਾਲਾ ਵਿੱਚ ਪੜ੍ਹੇ ਕੋਸ਼ਿਆਰੀ ਦਾ ਉਸ ਨਾਲ ਕੋਈ ਲਾਗਾ-ਦੇਗਾ ਨਹੀਂ ਹੈ। ਉਹ ਤਾਂ ਸੰਵਿਧਾਨ ਦੇ ਸੈਕੂਲਰਿਜ਼ਮ ਦੀ ਇਮਾਰਤ ਨੂੰ ਤਹਿਸ-ਨਹਿਸ ਕਰਕੇ ਉਸ ਉੱਤੇ ਹਿੰਦੂਤਵ ਦੀ ਇਮਾਰਤ ਖੜੀ ਕਰਨ ਲਈ ਯਤਨਸ਼ੀਲ ਹਨ। ਇਸ ਲਈ ਸੰਘੀ ਵਿਚਾਰਧਾਰਾ ਨਾਲ ਜੁੜੇ ਹਰ ਵਿਅਕਤੀ ਨੂੰ ਜਦੋਂ ਵੀ ਮੌਕਾ ਮਿਲਦਾ ਹੈ, ਉਹ ਧਰਮ ਨਿਰਪੱਖਤਾ ਉੱਤੇ ਵਾਰ ਕਰਨ ਤੋਂ ਖੁੰਝਦਾ ਨਹੀਂ। ਮੌਜੂਦਾ ਹਾਕਮਾਂ ਲਈ ਸੰਵਿਧਾਨ ਤੇ ਇਸ ਨਾਲ ਜੁੜੀਆਂ ਸੰਸਥਾਵਾਂ ਓਨਾ ਚਿਰ ਹੀ ਸਹਿਣਯੋਗ ਹਨ, ਜਿੰਨਾ ਚਿਰ ਉਹ ਉਨ੍ਹਾਂ ਦੇ ਹਿੰਦੂਤਵ ਦੇ ਏਜੰਡੇ ਲਈ ਸਹਾਈ ਰਹਿੰਦੀਆਂ ਹਨ, ਜਦੋਂ ਹੀ ਉਹ ਉਨ੍ਹਾਂ ਦੇ ਰਾਹ ਵਿੱਚ ਰੋੜਾ ਬਣਨ ਦੀ ਕੋਸ਼ਿਸ਼ ਕਰਨਗੀਆਂ, ਉਨ੍ਹਾਂ ਨੂੰ ਲਾਂਭੇ ਕਰ ਦਿੱਤਾ ਜਾਵੇਗਾ। ਉਨ੍ਹਾਂ ਨੂੰ ਪਤਾ ਹੈ ਕਿ ਸੰਵਿਧਾਨ ਨੂੰ ਪਰੇ ਕੀਤੇ ਬਿਨਾਂ ਹਿੰਦੂਤਵ ਏਜੰਡਾ ਲਾਗੂ ਕਰਨਾ ਸੰਭਵ ਨਹੀਂ ਹੈ, ਇਸ ਲਈ ਜਦੋਂ ਵੀ ਮੌਕਾ ਮਿਲਦਾ ਹੈ, ਉਹ ਇਸ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਅਸਲ ਵਿੱਚ ਸੰਘੀ ਟੋਲੇ ਨੂੰ ਲੋਕਾਂ ਦੀ ਮੌਜੂਦਾ ਜ਼ਿੰਦਗੀ ਤੇ ਉਨ੍ਹਾਂ ਦੀਆਂ ਲੋੜਾਂ ਨਾਲ ਕੋਈ ਲੈਣਾ-ਦੇਣਾ ਨਹੀਂ, ਉਨ੍ਹਾਂ ਨੂੰ ਤਾਂ ਲੋਕਾਂ ਦੇ ਅਗਲੇ ਜਨਮ ਦੀ ਚਿੰਤਾ ਹੈ। ਇਸੇ ਕਾਰਨ ਸੰਵਿਧਾਨ, ਸੰਸਦ ਤੇ ਹੋਰ ਸੰਵਿਧਾਨਕ ਸੰਸਥਾਵਾਂ ਦੇ ਮੁਕਾਬਲੇ ਉਨ੍ਹਾਂ ਨੂੰ ਭਗਵਾਨ, ਮੰਦਰ ਤੇ ਧਾਰਮਿਕ ਪਰੰਪਰਾਵਾਂ ਦੀ ਵੱਧ ਚਿੰਤਾ ਰਹਿੰਦੀ ਹੈ।

# ਸਿੱਧੂ ਕੋਲ ਨੇ 'ਕਰੋੜਾਂ ਦੀਆਂ ਕਾਰਾਂ'

## ਬੇਹੱਦ ਲਗਜ਼ੂਰਿਅਸ ਜ਼ਿੰਦਗੀ ਜਿਉਂਦੇ ਨੇ ਸਿੱਧੂ



**ਨਵੀਂ ਦਿੱਲੀ/ਏ.ਟੀ.ਨਿਊਜ਼:** ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਬੀਤੇ ਦਿਨੀਂ ਆਪਣਾ 57ਵਾਂ ਜਨਮਦਿਨ ਮਨਾਇਆ । ਸਿੱਧੂ ਦਾ ਜਨਮ 20 ਅਕਤੂਬਰ, 1963 ਨੂੰ ਹੋਇਆ। ਇਕ ਕ੍ਰਿਕਟਰ ਦੇ ਤੌਰ 'ਤੇ ਆਪਣਾ ਕੈਰੀਅਰ ਸ਼ੁਰੂ ਕਰਨ ਤੋਂ ਬਾਅਦ ਨਵਜੋਤ ਕਾਮੇਡੀ ਸ਼ੋਅ ਵਿਚ ਬਤੌਰ ਜੱਜ ਵੀ ਨਜ਼ਰ ਆਏ। ਇਸ ਉਪਰੰਤ ਉਨ੍ਹਾਂ ਨੇ ਪੰਜਾਬ ਦੀ ਸਿਆਸਤ ਵੱਲ ਰੁਖ਼ ਕੀਤਾ। ਦੱਸ ਦੇਈਏ; ਕਿ ਸਿੱਧੂ ਬੇਹੱਦ ਲਗਜ਼ੂਰਿਅਸ ਜ਼ਿੰਦਗੀ ਜਿਉਂਦੇ ਹਨ ਅਤੇ ਇਸ ਲਾਈਫ਼ ਸਟਾਈਲ ਵਿਚ ਉਨ੍ਹਾਂ ਦੀਆਂ ਲਗਜ਼ਰੀ ਕਾਰਾਂ ਦੀ ਅਹਿਮ ਭੂਮਿਕਾ ਹੈ। ਟੋਯਟਾ ਫਾਰਚੂਨਰ: ਟੋਯਟਾ ਫਾਰਚੂਨਰ ਭਾਰਤ ਦੀ ਇਕ ਬੇਹੱਦ ਹੀ ਪਾਪੂਲਰ ਫੁਲ ਐਕਯੂਵੀ ਹੈ, ਜਿਸ ਵਿਚ 2755ਸੀਸੀ ਦੇ 4 ਸਿਲੰਡਰ ਇੰਜਣ ਲਾਏ ਗਏ ਹਨ ਜੋ 3400 ਆਰਪੀਐਮ 'ਤੇ 177ਪੀਐਸ ਦੀ ਪਾਵਰ ਅਤੇ 1400-2600 ਆਰਪੀਐਮ 'ਤੇ 420 ਐਨਐਮ ਦਾ ਟਾਰਕ ਜੈਨਰੇਟ ਕਰਦੀ ਹੈ। ਭਾਰਤ ਵਿਚ ਫਾਰਚੂਨਰ ਦੀ ਕੀਮਤ 2783000 ਤੋਂ 3360000 ਰੁਪਏ ਕੀਮਤ (ਐਕਸ ਸ਼ੋਅਰੂਮ) ਹੈ। ਟੋਯਟਾ ਲੈਂਡ ਕਰੂਜ਼ਰ : ਸਿਆਸਤਦਾਨਾਂ ਕੋਲ ਟੋਯਟਾ ਲੈਂਡ ਕਰੂਜ਼ਰ ਬੇਹੱਦ ਹੀ ਹਰਮਨਪਿਆਰੀ ਐਸਯੂਵੀ ਹੈ। ਇੰਜਣ ਦੀ ਗੱਲ ਕਰੀਏ ਤਾਂ ਇਸ ਐਸਯੂਵੀ ਵਿਚ 4461ਸੀਸੀ ਦਾ ਵੀ8 ਡੀਜ਼ਲ ਇੰਜਣ ਲੱਗਾ ਹੈ। ਜੇ ਕੀਮਤ ਦੀ ਗੱਲ ਕਰੀਏ ਤਾਂ ਲੈਂਡ ਕਰੂਜ਼ਰ ਨੂੰ 1.46 ਕਰੋੜ ਰੁਪਏ ਵਿਚ ਖਰੀਦਿਆ ਜਾ ਸਕਦਾ ਹੈ।

# ਵਾਲਮੀਕੀ ਸਮਾਜ ਦੇ 50 ਪਰਿਵਾਰਾਂ ਨੇ ਹਾਥਰਸ ਕਾਂਡ ਤੋਂ ਦੁਖੀ ਹੋਕੇ ਅਪਣਾਇਆ 'ਬੋਧ ਧਰਮ'

## ਚਾਰੇ ਦੋਸ਼ੀ ਅਲੀਗੜ੍ਹ ਜੇਲ ਵਿਚ ਬੰਦ

**ਗਾਜ਼ੀਆਬਾਦ/ਏ.ਟੀ.ਨਿਊਜ਼:** ਉੱਤਰ ਪ੍ਰਦੇਸ਼ ਦੇ ਹਾਥਰਸ ਕਾਂਡ ਤੋਂ ਦੁਖੀ ਵਾਲਮੀਕੀ ਸਮਾਜ ਦੇ 50 ਪਰਿਵਾਰਾਂ ਦੇ 236 ਲੋਕਾਂ ਨੇ ਬੋਧ ਧਰਮ ਅਪਣਾ ਲਿਆ। ਮਾਮਲਾ ਗਾਜ਼ੀਆਬਾਦ ਦੇ ਕਰਹੇੜਾ ਇਲਾਕੇ ਦਾ ਹੈ। ਬੀਤੀ 14 ਅਕਤੂਬਰ ਨੂੰ ਇਲਾਕੇ 'ਚ ਰਹਿਣ ਵਾਲੇ ਵਾਲਮੀਕੀ ਸਮਾਜ ਦੇ 236 ਲੋਕ ਇੱਕਜੁੱਟ ਹੋਏ ਅਤੇ ਉਨ੍ਹਾਂ ਨੇ ਬਾਬਾ ਸਾਹਿਬ ਅੰਬੇਡਕਰ ਦੇ ਪੜਪੋਤੇ ਰਾਜਰਤਨ ਅੰਬੇਡਕਰ ਦੀ ਮੌਜੂਦਗੀ 'ਚ ਬੋਧ ਧਰਮ ਦੀ ਦੀਕਸ਼ਾ ਲਈ। ਇਨ੍ਹਾਂ ਪਰਿਵਾਰਾਂ ਦਾ ਦੋਸ਼ ਹੈ ਕਿ ਹਾਥਰਸ ਕਾਂਡ ਤੋਂ ਉਹ ਕਾਫ਼ੀ ਜ਼ਿਆਦਾ ਦੁਖੀ ਹੋਏ ਹਨ। ਦੋਸ਼ ਇਹ ਵੀ ਹੈ ਕਿ ਲਗਾਤਾਰ ਆਰਥਿਕ ਤੰਗੀ ਨਾਲ ਜੂਝਣ ਦੇ ਬਾਵਜੂਦ ਇਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਹੁੰਦੀ ਹੈ। ਇਨ੍ਹਾਂ ਲੋਕਾਂ ਨੇ ਦੋਸ਼ ਲਗਾਇਆ ਕਿ ਹਰ ਜਗ੍ਹਾ ਇਨ੍ਹਾਂ ਦੀ ਅਣਦੇਖੀ ਕੀਤੀ ਜਾਂਦੀ ਹੈ।

ਇਕ ਧੀ ਨਾਲ ਸਮੂਹਕ ਜਬਰ ਜ਼ਿਨਾਹ ਤੋਂ ਬਾਅਦ ਕਤਲ ਨਾਲ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ। ਫ਼ਿਲਹਾਲ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਕਰ ਰਹੀ ਹੈ। ਚਾਰੇ ਦੋਸ਼ੀ ਅਲੀਗੜ੍ਹ ਜੇਲ 'ਚ ਬੰਦ ਹਨ।

# ਭਾਰਤੀ ਕਿਸਾਨਾਂ ਨਾਲ ਇੱਕਮੁੱਠ ਤਾਂ ਦਰਸਾਉਂਦੀ ਇਕੱਤਰਤਾ : ਸੈਲਮਾ ਵਿਖੇ





**ਹਰਜਿੰਦਰ ਢੇਸੀ/ਏ.ਟੀ.ਨਿਊਜ਼:** ਭਾਰਤ ਸਰਕਾਰ ਵੱਲੋਂ ਖੇਤੀ ਸਬੰਧੀ ਪਾਸ ਕੀਤੇ ਤਾਜ਼ਾ ਬਿਲ ਭਾਰਤ ਅਤੇ ਪੂਰੀ ਦੁਨੀਆ ਵਿਚ ਤਿੱਖੀ ਬਹਿਸ ਦੇ ਮੁੱਦਾ ਬਣੇ ਹੋਏ ਹਨ। ਭਾਰਤ ਦੇ ਕਿਸਾਨ ਪੰਜਾਬ, ਹਰਿਆਣਾ ਅਤੇ ਹੋਰ ਸੂਬਿਆਂ ਵਿਚ ਇਨਾਂ ਬਿਲਾਂ ਦੇ ਖ਼ਿਲਾਫ਼ ਇਕ ਭਖਵੀਂ ਜੱਦੋ-ਜਹਿਦ ਕਰ ਰਹੇ ਹਨ। ਇਨਾਂ ਬਿਲਾਂ ਅਤੇ ਕਿਸਾਨਾਂ ਦੇ ਸੰਘਰਸ਼ ਨੇ ਵਿਦੇਸ਼ਾਂ ਵਿਚ ਵੱਸਦੇ ਭਾਰਤੀ ਭਾਈਚਾਰੇ ਵਿਚ ਵੀ ਕਿਸਾਨਾਂ ਅਤੇ ਸਮੁੱਚੀ ਖੇਤੀਬਾੜੀ ਦੇ ਭਵਿੱਖ ਬਾਰੇ ਚਿੰਤਾ ਜਗਾ ਦਿੱਤੀ ਹੈ। ਜਿਸ ਦਾ ਪ੍ਰਗਟਾਵਾ ਵੱਖ- ਵੱਖ ਦੇਸ਼ਾਂ ਅਤੇ ਸ਼ਹਿਰਾਂ ਵਿਚ ਹੋ ਰਹੇ ਰੋਸ ਮੁਜ਼ਾਹਰਿਆਂ ਤੋਂ ਜ਼ਾਹਿਰ ਹੈ। ਇਹੋ ਜਿਹਾ ਇਕ ਰੋਸ ਇਕੱਠ ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਚ ਹੋਇਆ, ਜਿਸ ਵਿਚ ਇਲਾਕੇ ਭਰ ਵਿਚੋਂ ਲੋਕ ਸ਼ਾਮਲ ਹੋਏ। ਸੈਲਮਾ ਗੁਰਦੁਆਰਾ ਸਾਹਿਬ ਦੇ ਖੁੱਲੇ ਹਵਾਦਾਰ ਸ਼ੈਡ ਥੱਲੇ ਕੋਵਿਡ -19 ਦੇ ਚਲਦਿਆਂ ਸਾਰੀਆਂ ਸਾਵਧਾਨੀਆਂ ਵਰਤਦਿਆਂ, ਸੈਂਕੜੇ ਪੁਰਸ਼ਾਂ ਅਤੇ ਇਸਤਰੀਆਂ ਨੇ ਹਿੱਸਾ ਲਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਸੈਲਮਾ ਗੁਰੂਘਰ ਦੀ ਕਮੇਟੀ ਵੱਲੋਂ ਨਰਿੰਦਰ ਸਿੰਘ ਗਿੱਲ ਨੇ ਸਭ ਨੂੰ ਜੀ ਆਇਆਂ ਕਿਹਾ। ਇਕ ਹੋਰ ਕਿਸਾਨ ਭਜਨ ਸਿੰਘ ਸਹੋਤਾ ਨੇ ਜਿੱਥੇ ਭਾਰਤ ਦੇ ਕਿਸਾਨਾਂ ਨਾਲ ਇਕਮੁਠਤਾ ਜਤਾਈ ਅਤੇ ਲੋਕਲ ਕਿਸਾਨਾਂ ਦੀਆਂ ਮੁਸ਼ਕਲਾਂ ਵੱਲ ਵੀ ਧਿਆਨ ਦਿਵਾਇਆ। ਐਨ ਆਰ ਆਈ ਸਭਾ ਦੇ ਤਾਜ਼ਾ ਚੁਣੇ ਹੋਏ ਪ੍ਰਧਾਨ ਕਿਰਪਾਲ ਸਿੰਘ ਸਹੋਤਾ (ਪਾਲ ਸਹੋਤਾ) ਨੇ ਭਾਰਤ ਵਿਚ ਕਿਸਾਨਾਂ ਨਾਲ ਹੋ ਰਹੇ ਧੱਕੇ ਪ੍ਰਤੀ ਸਾਵਧਾਨ ਕੀਤਾ। ਸ. ਸੁਖਦੇਵ ਸਿੰਘ ਸਿੱਧੂ ਨੇ ਦੱਸਿਆ; ਕਿ ਕਿਸਾਨੀ ਦੇ ਮਸਲੇ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਂਦੇ ਰਹੇ ਹਨ। ਸ. ਗੁਰਦੀਪ ਸਿੰਘ ਅਣਖੀ ਨੇ ਕਿਸਾਨਾਂ ਮਸਲਿਆਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕਿਹਾ ਕਿ ਕਿਸਾਨਾਂ ਨੂੰ ਆਪਣੇ ਹੱਕਾਂ ਦੀ ਪਹਿਰੇਦਾਰੀ ਲਗਾਤਾਰ ਕਰਨੀ ਹੋਵੇਗੀ ਕਿਉਂਕਿ ਸਮਾਜ ਦੇ ਜਿਹੜੇ ਹਿੱਸੇ ਜਾਗਦੇ ਨਹੀਂ ਉਹ ਹਮੇਸ਼ਾ ਦਬਾਏ ਜਾਂਦੇ ਹਨ। ਸ. ਕੁੰਦਨ ਸਿੰਘ ਨੇ ਕਿਸਾਨਾਂ ਦੇ ਅੰਦੋਲਨ ਨੂੰ ਸਮਰਪਿਤ ਇਕ ਕਵਿਤਾ ਗਾ ਕੇ ਸੁਣਾਈ। ਖੇਤੀ ਮਾਹਿਰ ਅਤੇ ਫਰਿਜਨੋ ਸਟੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਗੁਰਰੀਤ ਬਰਾੜ ਨੇ ਖੇਤੀ ਸਬੰਧੀ ਨਵੀਂ ਸੋਚ ਅਪਨਾਉਣ ਅਤੇ ਨਵੀਆਂ ਨੀਤੀਆਂ ਨੂੰ ਸਹੀ ਨੀਤ ਨਾਲ ਲਾਗੂ ਕਰਨ ਦੀ ਗੱਲ ਕਹੀ। ਸ. ਅਮਰੀਕ ਸਿੰਘ ਵਿਰਕ ਨੇ ਭਾਰਤ ਦੇ ਕਿਸਾਨਾਂ ਦੀ ਜੱਦੋ-ਜਹਿਦ ਦੀ ਹਮਾਇਤ ਵਿਚ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆਂ ਵੱਲੋਂ ਪਾਸ ਕੀਤਾ ਮਤਾ ਪੜ ਕੇ ਸੁਣਾਇਆ ਅਤੇ ਸ. ਕਿਰਪਾਲ ਸਿੰਘ ਸਹੋਤਾ ਨੂੰ ਸੌਂਪਿਆ। ਪ੍ਰਸਿੱਧ ਗਾਇਕ ਸ. ਰਾਜ ਬਰਾੜ ਨੇ ਕਿਸਾਨੀ ਬਾਰੇ ਇਕ ਖ਼ੂਬਸੂਰਤ ਗੀਤ ਸੁਣਾਇਆ। ਸੁਰਿੰਦਰ ਮੰਢਾਲੀ ਨੇ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਤਿੰਨਾਂ ਬਿੱਲਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਉਨਾਂ ਵਿਚਲੇ ਲੋਕ ਵਿਰੋਧੀ ਪੱਖ ਉਜਾਗਰ ਕੀਤੇ। ਇਹ ਕਾਨੂੰਨ ਲਾਗੂ ਹੋ ਜਾਣ ਤੇ ਕਿਸਾਨਾਂ ਦੇ ਹੱਥ ਹੌਲੀ ਹੌਲੀ ਵੱਢੇ ਜਾਣਗੇ। ਇਹ ਕਾਨੂੰਨ ਕਿਸਾਨਾਂ ਦੀ ਜ਼ਮੀਨ ਨੂੰ ਕਾਰਪੋਰੇਟ ਘਰਾਨਿਆਂ ਵੱਲੋਂ ਹੜੱਪ ਕਰਨ ਦਾ ਕਾਨੂੰਨੀ ਜ਼ਰੀਆਂ ਹਨ ਅਤੇ ਕਿਸਾਨਾਂ ਦੇ ਨਾਲ ਨਾਲ, ਮਜ਼ਦੂਰਾਂ, ਆੜਤੀਆ ਅਤੇ ਹੋਰ ਤਬਕਿਆਂ ਨੂੰ ਵੀ ਪ੍ਰਭਾਵਿਤ ਕਰਨਗੇ। ਇਨਾਂ ਨੂੰ ਰੋਕਣ ਦਾ ਇੱਕੋ ਹੱਲ ਕਿਸਾਨਾਂ, ਮਜ਼ਦੂਰਾਂ ਅਤੇ ਸਮੂਹ ਲੋਕਾਂ ਦਾ ਏਕਾ ਹੀ ਹੈ।

ਸ. ਸਾਧੂ ਸਿੰਘ ਸੰਘਾ, ਰਣਜੀਤ ਸਿੰਘ ਗਿੱਲ ਨੇ ਆਪਣੇ ਸੰਖੇਪ ਭਾਸ਼ਣ ਵਿਚ ਭਾਰਤੀ ਕਿਸਾਨਾਂ ਨਾਲ ਆਪਣੀ ਇਕਮੁਠਤਾ ਜਿਤਾਈ। ਸੰਤੋਖ ਮਿਨਹਾਸ ਨੇ ਪੂਰੇ ਸ਼ਾਂਤਮਈ ਢੰਗ ਨਾਲ ਚੱਲ ਰਹੇ ਕਿਸਾਨ ਅੰਦੋਲਨ ਤੇ ਤਸੱਲੀ ਜਤਾਈ। ਡਾ. ਮਲਕੀਤ ਸਿੰਘ ਕਿੰਗਰਾ ਨੇ ਬੀਤੇ ਸਮੇਂ ਵਿਚ ਹੋਏ ਕਿਸਾਨ ਸੰਘਰਸ਼ਾਂ ਦਾ ਜ਼ਿਕਰ ਕਰਦਿਆਂ ਜੱਦੋ-ਜਹਿਦ ਦੀ ਲਗਾਤਾਰਤਾ ’ਤੇ ਜ਼ੋਰ ਦਿੱਤਾ। ਹਰਜਿੰਦਰ ਢੇਸੀ, ਸ਼ਰਨਜੀਤ ਧਾਲੀਵਾਲ, ਹਰਿੰਦਰ ਮੰਢਾਲੀ ਅਤੇ ਨਰਿੰਦਰ ਸੁਜੋਂ ਨੇ ਭਾਵਪੂਰਨ ਕਵਿਤਾਵਾਂ ਸੁਣਾਈਆਂ। ਪਾਸ ਕੀਤੇ ਗਏ ਮਤੇ ਵਿਚ ਕਿਸਾਨ ਮਸਲਿਆਂ ਦੇ ਢੁਕਵੇਂ ਹੱਲ ਲਈ ਸੁਝਾਵਾਂ ਤੋਂ ਇਲਾਵਾ, ਇਸਤਰੀ ਵਰਗ ਤੇ ਹੋ ਰਹੀ, ਅਣਮਨੁੱਖੀ ਹਿੰਸਾ ਅਤੇ ਬਲਾਤਕਾਰਾਂ ’ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਸਰਕਾਰ ਤੋਂ ਇਸ ਤੇ ਸਖ਼ਤ ਐਕਸ਼ਨ ਲੈਣ ਦੀ ਮੰਗ ਕੀਤੀ ਗਈ। ਭਾਰਤ ਦੀਆਂ ਧਾਰਮਿਕ ਤੇ ਸਮਾਜਿਕ ਘੱਟਗਿਣਤੀਆਂ ਖ਼ਾਸ ਕਰ ਦਲਿਤਾਂ ਵਿਰੁੱਧ ਹੋ ਰਹੇ, ਅੱਤਿਆਚਾਰਾਂ ਵਿਰੁੱਧ ਤੁਰੰਤ ਐਕਸ਼ਨ ਲੈਣ ਅਤੇ ਸਭ ਲੋਕਾਂ ਦੇ ਮੁੱਢਲੇ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਦੀ ਮੰਗ ਕੀਤੀ। ਇਹ ਮਤਾ ਭਾਰਤ ਸਰਕਾਰ ਤੱਕ ਪੁੱਜਦਾ ਕਰਨ ਲਈ ਭਾਰਤੀ ਕੌਂਸਲ ਜਨਰਲ ਨੂੰ ਭੇਜਿਆਂ ਜਾਵੇਗਾ। ਅਖੀਰ ਵਿਚ ਪਰਗਟ ਸਿੰਘ ਧਾਲੀਵਾਲ ਵੱਲੋਂ ਇਸ ਪ੍ਰੋਗਰਾਮ ਵਿਚ ਪਹੁੰਚੇ ਸਭ ਸੱਜਣਾਂ ਅਤੇ ਬੀਬੀਆਂ ਦਾ ਧੰਨਵਾਦ ਕੀਤਾ ਅਤੇ ਕਿਸਾਨਾਂ ਦੇ ਮਸਲਿਆਂ ਬਾਰੇ ਜਾਗਰੂਕ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਸੈਂਟਰਲ ਕੈਲੀਫੋਰਨੀਆਂ ਦੇ ਕਿਸਾਨਾਂ ਵੱਲੋਂ ਬਣਾਈ ਜਾ ਰਹੀ ਇਕ ਸੰਸਥਾ ਪੰਜਾਬੀ ਅਮੈਰੀਕਨ ਗਰੋਅਰ ਗਰੁੱਪ (♦177) ਹੈ ਦੀ ਵੀ ਗੱਲ ਕੀਤੀ ਗਈ। ਇਹ ਸੰਸਥਾ ਲੋਕਲ ਕਿਸਾਨੀ ਮਸਲਿਆਂ ਬਾਰੇ ਕੰਮ ਕਰੇਗੀ। ਸਾਰੇ ਫੰਕਸ਼ਨ ਦੌਰਾਨ ਸਾਰੇ ਸਰੋਤਿਆਂ ਨੇ ਮਾਸਕ ਪਾਈ ਰੱਖੇ, ਹੱਥ ਮਿਲਾਉਣ ਤੋਂ ਗੁਰੇਜ਼ ਅਤੇ 6 ਫੁੱਟ ਦੀ ਵਿੱਥ ’ਤੇ ਬੈਠ ਕੇ ਕੋਵਿਡ ਸਬੰਧੀ ਸਾਵਧਾਨੀਆਂ ਦਾ ਪਾਲਣ ਕੀਤਾ। ਸੁਰਿੰਦਰ ਮੰਢਾਲੀ ਨੇ ਜੀ.ਟੀ.ਵੀ. ਦੇ ਸੰਜੀਵ ਕੁਮਾਰ, ਜਸ ਟੀ.ਵੀ. ਦੇ ਜਗਤਾਰ ਜੱਗੀ ਅਤੇ ਗੁਰਦੀਪ ਸਿੰਘ ਸ਼ੇਰਗਿਲ ਦਾ ਇਸ ਪ੍ਰੋਗਰਾਮ ਨੂੰ ਕਵਰ ਕਰਨ ਲਈ ਧੰਨਵਾਦ ਕੀਤਾ। ਉਨਾਂ ਨੇ ਨਰਿੰਦਰ ਸੁਜੋਂ ਅਤੇ ਕੁਲਦੀਪ ਸੁਜੋਂ ਜੋ ਪਰਿਵਾਰਾਂ ਸਮੇਤ ਬੇ-ਏਰੀਏ ਤੋਂ ਪਹੁੰਚੇ ਅਤੇ ਕੁਲਦੀਪ ਸਿੰਘ ਅਟਵਾਲ ਮਰਸਿਡ ਤੋਂ ਪਹੁੰਚਣ ’ਤੇ ਖ਼ਾਸ ਧੰਨਵਾਦ ਕੀਤਾ।




HOTHI FREIGHTLINES
HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਬਠਿੰਡਾ ਥਰਮਲ ਦੀ ਪੰਜਾਬੀ ਕਿਸਾਨਾਂ ਦੀ ਜ਼ਮੀਨ ਕਾਰਪੋਰੇਟਾਂ ਨੂੰ ਇਕ ਰੁਪਏ ਲੀਜ਼ ’ਤੇ ਦਿੱਤੀ ਜਾਵੇਗੀ

*ਪੰਜਾਬ ਦੀ ਆਰਥਿਕ ਲੁੱਟ ਸਿਰਫ ਭਾਰਤ ਦੀ ਕੇਂਦਰ ਸਰਕਾਰ ਹੀ ਨਹੀਂ, ਬਲਕਿ ਪੰਜਾਬ ਦੀਆਂ ਸਰਕਾਰਾਂ ਵੀ ਲਗਾਤਾਰ ਕਰ ਰਹੀਆਂ ਹਨ। ਇਸ ਦੀ ਤਾਜ਼ਾ ਉਦਾਹਰਨ ਬਠਿੰਡੇ ਦੇ ਥਰਮਲ ਪਲਾਂਟ ਦੀ ਜ਼ਮੀਨ ਨਾਲ ਜੁੜੀ ਮਿਲ ਰਹੀ ਹੈ। ਨਾਮੀਂ ਪੱਤਰਕਾਰ ਚਰਨਜੀਤ ਭੁੱਲਰ ਦੀ ਇਹ ਹੇਠਲੀ ਰਿਪੋਰਟ ਜੋ ਅਸੀਂ www.viapunjab.blogspot.com ਤੋਂ ਧੰਨਵਾਦ ਸਹਿਤ ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਦੀ ਜਾਣਕਾਰੀ ਹਿੱਤ ਇੱਥੇ ਛਾਪ ਰਹੇ ਹਾਂ, ਇਸ ਮਸਲੇ ’ਤੇ ਕਈ ਨਵੇਂ ਪੱਖ ਉਜਾਗਰ ਕਰਦੀ ਹੈ।*

**- ਚਰਨਜੀਤ ਭੁੱਲਰ**

ਪੰਜਾਬ ਸਰਕਾਰ ਵੱਲੋਂ ਬਠਿੰਡਾ ਥਰਮਲ ਦੀ ਜ਼ਮੀਨ ਕਾਰਪੋਰੇਟਾਂ ਨੂੰ ਇੱਕ ਰੁਪਏ ਲੀਜ਼ ’ਤੇ ਦਿੱਤੀ ਜਾਏਗੀ ਜਿਸ ਜ਼ਮੀਨ ਦੀ ਬਾਜ਼ਾਰੀ ਕੀਮਤ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਬਣਦੀ ਹੈ। ਪਾਵਰਕੌਮ ਹੱਥੋਂ ਇਹ ਜ਼ਮੀਨ ਖੁਸ ਗਈ ਹੈ ਅਤੇ ਜ਼ਮੀਨ ਦਾ ਇੰਤਕਾਲ 16 ਸਤੰਬਰ ਨੂੰ ਪੂਡਾ ਦੇ ਨਾਮ ਹੋ ਚੁੱਕਾ ਹੈ। ਪੰਜਾਬ ਕੈਬਨਿਟ ਨੇ ਥਰਮਲ ਜ਼ਮੀਨ ’ਤੇ ‘ਬਲਕ ਡਰੱਗ ਪਾਰਕ’ ਬਣਾਏ ਜਾਣ ਦਾ 17 ਸਤੰਬਰ ਨੂੰ ਫੈਸਲਾ ਲਿਆ ਸੀ।

ਉਸ ਤੋਂ ਪਹਿਲਾਂ ਦੀ ਕੈਬਨਿਟ ਵਿਚ ਪਾਵਰਕੌਮ ਦੀ ਜ਼ਮੀਨ ਪੂਡਾ ਨੂੰ 80:20 ਸਕੀਮ ਤਹਿਤ ਦੇਣ ’ਤੇ ਮੋਹਰ ਲਾਈ ਸੀ। ਪਾਵਰਕੌਮ ਨੂੰ ਜ਼ਮੀਨ ਦੀ ਪੂਰੀ ਕੀਮਤ ਅਤੇ ਪੂਡਾ ਕੋਲੋਂ ਮੁਨਾਫ਼ੇ ਚੋਂ ਵੀ 80 ਫੀਸਦੀ ਹਿੱਸੇਦਾਰੀ ਮਿਲਣੀ ਸੀ। ਵੇਰਵਿਆਂ ਅਨੁਸਾਰ ਹੁਣ ਪਾਵਰਕੌਮ ਦੇ ‘ਬੋਰਡ ਆਫ ਡਾਇਰੈਕਟਰਜ਼’ ਦੀ ਬਿਨਾਂ ਪ੍ਰਵਾਨਗੀ ਅਤੇ ਬਿਨਾਂ ਕਿਸੇ ਐਗਰੀਮੈਂਟ ਤੋਂ ਬਠਿੰਡਾ ਥਰਮਲ ਦੀ ਜ਼ਮੀਨ ਦਾ ਇੰਤਕਾਲ ਪੂਡਾ ਦੇ ਨਾਮ ਚੜ ਗਿਆ ਹੈ।

ਪਾਵਰਕੌਮ ਵੱਲੋਂ ਇਸ ਜ਼ਮੀਨ ’ਤੇ ਪਹਿਲਾਂ ਸੋਲਰ ਪਲਾਂਟ ਅਤੇ ਫਿਰ ਬਾਇਓਮਾਸ ਪਲਾਂਟ ਲਾਏ ਜਾਣ ਦੀ ਤਜਵੀਜ਼ ਸੀ ਜੋ ਸਰਕਾਰ ਨੇ ਰੱਦ ਕਰ ਦਿੱਤੀ। ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਥਰਮਲ ਜ਼ਮੀਨ ’ਤੇ ‘ਬਲਕ ਡਰੱਗ ਪਾਰਕ’ ਬਣਾਉਣਾ ਚਾਹੁੰਦੇ ਹਨ। ਕੇਂਦਰ ਸਰਕਾਰ ਨੇ 20 ਮਾਰਚ 2020 ਨੂੰ ‘ਬਲਕ ਡਰੱਗ ਪਾਰਕ’ ਸਕੀਮ ਨੂੰ ਪ੍ਰਵਾਨਗੀ



ਦਿੱਤੀ ਹੈ। ਸਕੀਮ ਅਨੁਸਾਰ ਜੋ ਰਾਜ ਸਰਕਾਰ ਸਭ ਤੋਂ ਵੱਧ ਸਹੂਲਤਾਂ ਦੇਵੇਗੀ, ਉਸ ਨੂੰ ਇਹ ਪ੍ਰੋਜੈਕਟ ਕੇਂਦਰ ਤੋਂ ਮਿਲੇਗਾ। ਬਲਕ ਡਰੱਗ ਪਾਰਕ ਲਈ ਕੇਂਦਰ ਸਰਕਾਰ ਨੇ ਦਿਸ਼ਾ ਨਿਰਦੇਸ਼ 27 ਜੁਲਾਈ ਨੂੰ ਜਾਰੀ ਕੀਤੇ ਹਨ।

ਇਨਾਂ ਦਿਸ਼ਾ ਨਿਰਦੇਸ਼ਾਂ ਤਹਿਤ 100 ਨੰਬਰ ਰੱਖੇ ਹਨ। ਵੱਧ ਸਹੂਲਤਾਂ ਦੇਣ ਵਾਲੇ ਸੂਬੇ ਦੀ ਮੈਰਿਟ ਉੱਚੀ ਬਣੇਗੀ। ਪੰਜਾਬ ਸਰਕਾਰ ਨੇ ਆਪਣੀ ਮੈਰਿਟ ਬਣਾਉਣ ਲਈ ਕਾਰਪੋਰੇਟਾਂ ਨੂੰ ਖੁੱਲ੍ਹੇ ਗੱਫੇ ਦੇਣ ਦਾ ਫੈਸਲਾ ਕਰਕੇ ਰਾਹ ਖੋਲਿਆ ਹੈ। ਵਿੱਤ ਮੰਤਰੀ ਦੀ ਪ੍ਰਧਾਨਗੀ ਹੇਠ 10 ਸਤੰਬਰ ਨੂੰ ਹੋਈ ਮੀਟਿੰਗ ਵਿਚ ਡਰੱਗ ਪਾਰਕ ਲਈ ਸਹੂਲਤਾਂ ਦੇਣ ਦੀ ਤਜਵੀਜ਼ ’ਤੇ ਮੋਹਰ ਲੱਗੀ। ਉਸੇ ਦਿਨ ਕੇਂਦਰੀ ਫਰਮਾਸਿਊਟੀਕਲ ਵਿਭਾਗ ਨਾਲ ਵੀਡੀਓ ਕਾਨਫਰੰਸ ਵੀ ਹੋਈ।

ਫੈਸਲਾ ਲਿਆ ਗਿਆ ਕਿ ਡਰੱਗ ਪਾਰਕ ਲਈ 1 ਰੁਪਏ ਲੀਜ਼ ’ਤੇ 33 ਸਾਲ ਲਈ ਇਹ ਜ਼ਮੀਨ ਦਿੱਤੀ ਜਾਵੇਗੀ ਅਤੇ ਇਸ ਲੀਜ਼ ਵਿਚ 99 ਸਾਲ ਤੱਕ ਦਾ ਵਾਧਾ ਹੋ ਸਕਦਾ ਹੈ। ਦੋ ਰੁਪਏ ਪ੍ਰਤੀ ਯੂਨਿਟ ਬਿਜਲੀ ਅਤੇ ਇੱਕ ਰੁਪਏ ਵਿਚ ਪ੍ਰਤੀ ਹਜ਼ਾਰ ਲੀਟਰ ਪਾਣੀ ਦੇਣ ਦਾ ਫੈਸਲਾ ਕੀਤਾ ਗਿਆ। ਕੈਬਨਿਟ ਵੱਲੋਂ ਇਸ ਮਾਮਲੇ ਵਿਚ ਸਬ ਕਮੇਟੀ ਵੀ ਬਣਾਈ ਗਈ ਸੀ। ਕੌਮਾਂਤਰੀ ਸਲਾਹਕਾਰੀ ਕੰਪਨੀ ਤੋਂ ਵੀ ਸੇਵਾਵਾਂ ਲਈਆਂ ਹਨ। ਪੰਜਾਬ ਸਰਕਾਰ ਅਨੁਸਾਰ ਇਹ ਪ੍ਰੋਜੈਕਟ 1878 ਕਰੋੜ ਦਾ ਹੋਵੇਗਾ ਜਿਸ ਚੋਂ 1000 ਕਰੋੜ ਕੇਂਦਰ ਦੇਵੇਗੀ ਅਤੇ ਬਾਕੀ 878 ਕਰੋੜ ਦੀ ਹਿੱਸੇਦਾਰੀ ਪੰਜਾਬ ਸਰਕਾਰ ਪਾਏਗੀ।

ਪੰਜਾਬ ਸਰਕਾਰ ਤਰਫ਼ੋਂ ਸਟੈਂਪ ਡਿਊਟੀ ਅਤੇ ਰਜਿਸਟਰੀ ਖਰਚੇ ਵੀ ਛੋਟ ਦਿੱਤੀ ਜਾਵੇਗੀ। ਥਰਮਲ ਜ਼ਮੀਨ ਚੋਂ ਹੁਣ ਅੰਬੂਜਾ ਸੀਮਿੰਟ ਫੈਕਟਰੀ ਨੂੰ ਉਠਾਇਆ ਜਾਣਾ ਹੈ। ਪਾਵਰਕੌਮ ਨੇ ਅੰਬੂਜਾ ਸੀਮਿੰਟ ਫੈਕਟਰੀ ਨੂੰ 1.17 ਲੱਖ ਰੁਪਏ ਪ੍ਰਤੀ ਏਕੜ ਦੇ ਕਿਰਾਏ ’ਤੇ ਜਗਾ ਦਿੱਤੀ ਹੋਈ ਸੀ। ਸਨਅਤੀ ਵਿਭਾਗ ਦੇ ਪ੍ਰਮੁੱਖ ਸਕੱਤਰ ਅਲੋਕ ਸ਼ੇਖਰ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਕੋਲ ‘ਬਲਕ ਡਰੱਗ ਪਾਰਕ’ ਲਈ ਹਾਲੇ ਅਪਲਾਈ ਕੀਤਾ ਗਿਆ ਹੈ ਜਿਸ ਦੀ ਹਾਲੇ ਮਨਜ਼ੂਰੀ ਨਹੀਂ ਆਈ ਹੈ।

ਪਾਵਰਕੌਮ ਦੇ ਚੇਅਰਮੈਨ ਸ੍ਰੀ ਏ.ਵੇਣੂ ਪ੍ਰਸ਼ਾਦ ਦਾ ਪ੍ਰਤੀਕਰਮ ਸੀ ਕਿ ਥਰਮਲ ਜ਼ਮੀਨ ਦਾ ਇੰਤਕਾਲ ਪੂਡਾ ਨਾ ਹੋ ਚੁੱਕਾ ਹੈ ਅਤੇ ਕੈਬਨਿਟ ਦੇ ਫੈਸਲੇ ਅਨੁਸਾਰ ਪਾਵਰਕੌਮ ਨੂੰ ਜ਼ਮੀਨ ਦੀ ਕੀਮਤ ਮਿਲੇਗੀ। ਉਨਾਂ ਕਿਹਾ ਕਿ ਪਾਵਰਕੌਮ ਪੂਡਾ ਤੋਂ ਜ਼ਮੀਨ ਦਾ ਮੁੱਲ ਲੈਣ ਦੇ ਫੈਸਲਾ ਸਟੈਂਡ ਕਰਦਾ ਹੈ।

ਜ਼ਮੀਨ ’ਚ ਠੱਗੀ ਵੱਜੀ : ਧੀਮਾਨ

ਪੀਐਸਈਬੀ ਇੰਜਨੀਅਰਜ਼ ਐਸੋਸੀਏਸ਼ਨ ਦੇ ਪ੍ਰਧਾਨ ਇੰਜ. ਜਸਵੀਰ ਸਿੰਘ ਧੀਮਾਨ ਦਾ ਕਹਿਣਾ ਸੀ ਕਿ ਪਾਵਰਕੌਮ ਦੀ ਕਰੀਬ ਚਾਰ ਹਜ਼ਾਰ ਕਰੋੜ ਦੀ ਜ਼ਮੀਨ ਨਾਲ ਯੋਜਨਾਬੱਧ ਤਰੀਕੇ ਨਾਲ ਠੱਗੀ ਮਾਰੀ ਗਈ ਹੈ ਅਤੇ ਹੁਣ ਪਾਵਰਕੌਮ ਨੂੰ ਜ਼ਮੀਨ ਦੀ ਕੀਮਤ ਨਹੀਂ ਮਿਲੇਗੀ। ਸਰਕਾਰ ਤਾਂ ਕਾਰਪੋਰੇਟਾਂ ਨੂੰ ਮੁਫ਼ਤ ਵਿਚ ਜ਼ਮੀਨ ਦੇ ਰਹੀ ਹੈ। ਇਸ ਜ਼ਮੀਨ ’ਤੇ ਸੋਲਰ ਜਾਂ ਬਾਇਓਮਾਸ ਪਲਾਂਟ ਲੱਗਦਾ ਤਾਂ ਖਪਤਕਾਰਾਂ ਨੂੰ ਲਾਹਾ ਮਿਲਣਾ ਸੀ। ਪਾਵਰਕੌਮ ਨੂੰ ਜ਼ਮੀਨ ਦਾ ਪੈਸਾ ਮਿਲਦਾ ਤਾਂ ਵੀ ਖਪਤਕਾਰਾਂ ਨੂੰ ਫਾਇਦਾ ਹੋਣਾ ਸੀ।

ਹਾਲੇ ਅਪਲਾਈ ਕੀਤਾ ਹੈ : ਅਰੋੜਾ

ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਤਰਫ਼ੋਂ ਕੇਂਦਰ ਸਰਕਾਰ ਕੋਲ ‘ਬਲਕ ਡਰੱਗ ਪਾਰਕ’ ਲਈ ਅਪਲਾਈ ਕਰ ਦਿੱਤਾ ਗਿਆ ਹੈ ਅਤੇ ਸਨਅਤੀ ਪਾਲਿਸੀ 2017 ਅਨੁਸਾਰ ਮੁਢਲੀਆਂ ਪ੍ਰਵਾਨਗੀਆਂ ਦਿੱਤੀਆਂ ਗਈਆਂ ਹਨ। ਬਾਕੀ ਕੇਂਦਰ ਤੋਂ ਪ੍ਰਵਾਨਗੀ ਮਿਲਣ ਮਗਰੋਂ ਤੈਅ ਹੋਵੇਗਾ। ਲੀਜ਼ ਮਨੀ ’ਤੇ ਉਨਾਂ ਕੁਝ ਨਹੀਂ ਕਿਹਾ।

# ਜੰਮੂ ਕਸ਼ਮੀਰ ਦੀਆਂ ਹਿੰਦ-ਨਵਾਜ਼ ਪਾਰਟੀਆਂ ਨੇ ਖਾਸ ਸੰਵਿਧਾਨਕ ਦਰਜਾ ਬਹਾਲ ਕਰਾਉਣ ਲਈ ਗਠਜੋੜ ਬਣਾਇਆ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਜੰਮੂ ਕਸ਼ਮੀਰ ਵਿਚ ਹਿੰਦ-ਨਵਾਜ਼ ਸਿਆਸਤ ਕਰਨ ਵਾਲੀਆਂ ਸਿਆਸੀ ਧਿਰਾਂ ਨੇ ਇਕਜੁੱਟ ਹੋ ਕੇ ਹੁਣ ਧਾਰਾ 370 ਟੁੱਟਣ ਤੋਂ ਪਹਿਲਾਂ ਵਾਲੀ ਸਥਿਤੀ ਬਹਾਲ ਕਰਾਉਣ ਲਈ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ 5 ਅਗਸਤ 2019 ਨੂੰ ਭਾਰਤ ਸਰਕਾਰ ਵੱਲੋਂ ਜੰਮੂ ਕਸ਼ਮੀਰ ਨੂੰ ਖਾਸ ਤਾਕਤਾਂ ਦਿੰਦੀ ਧਾਰਾ 370 ਨੂੰ ਖਤਮ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਜੰਮੂ ਕਸ਼ਮੀਰ ਵਿਚ ਵਿਰੋਧ ਨੂੰ ਦਬਾਉਣ ਲਈ ਵੱਡੇ ਪੱਧਰ ’ਤੇ ਸਿਆਸੀ ਆਗੂਆਂ ਅਤੇ ਆਮ ਕਸ਼ਮੀਰੀਆਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ। ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਅਤੇ ਪੀਡੀਪੀ ਪਾਰਟੀ ਦੀ ਮੁਖੀ ਮਹਿਬੂਬਾ ਮੁਫਤੀ ਨੂੰ ਬੀਤੇ ਦਿਨੀਂ ਹੀ ਲੰਮੀ ਹਿਰਾਸਤ ਮਗਰੋਂ ਰਿਹਾਅ ਕੀਤਾ ਗਿਆ।

ਵੀਰਵਾਰ ਵਾਲੇ ਦਿਨ ਸ੍ਰੀਨਗਰ ਵਿਚ ਇਹਨਾਂ ਪਾਰਟੀਆਂ ਦੇ ਆਗੂਆਂ ਦੀ ਅਹਿਮ ਬੈਠਕ ਹੋਈ ਜਿਸ ਵਿਚ ਸੂਬੇ ਦੇ ਵਿਸ਼ੇਸ਼ ਦਰਜੇ ਦੀ ਬਹਾਲੀ ਲਈ ਇੱਕ ਗੱਠਜੋੜ ਬਣਾਇਆ ਗਿਆ। ਇਹ ਗੱਠਜੋੜ ਇਸ ਮੁੱਦੇ ’ਤੇ ਸਾਰੀਆਂ ਸਬੰਧਤ ਧਿਰਾਂ ਨਾਲ ਵਾਰਤਾ ਵੀ ਸ਼ੁਰੂ ਕਰੇਗਾ।

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਦੀ ਰਿਹਾਇਸ਼ ’ਤੇ ਹੋਈ ਮੀਟਿੰਗ ’ਚ ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ, ਪੀਪਲਜ਼ ਕਾਨਫਰੰਸ ਦੇ ਪ੍ਰਧਾਨ ਸੱਜਾਦ ਲੋਨ, ਪੀਪਲਜ਼ ਮੂਵਮੈਂਟ ਦੇ ਆਗੂ ਜਾਵੇਦ ਮੀਰ ਤੇ ਸੀਪੀਆਈ (ਐੱਮ) ਦੇ ਆਗੂ ਮੁਹੰਮਦ ਯੂਸਫ਼ ਤਰੀਗਾਮੀ ਹਾਜ਼ਰ ਹੋਏ। ਤਕਰੀਬਨ ਦੋ ਘੰਟੇ ਚੱਲੀ ਮੀਟਿੰਗ ਮਗਰੋਂ ਫਾਰੂਕ ਅਬਦੁੱਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਰੇ ਆਗੂਆਂ ਨੇ ਗੱਠਜੋੜ ਬਣਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਦਾ ਨਾਂ ‘ਪੀਪਲਜ਼ ਅਲਾਇੰਸ ਫਾਰ ਗੁਪਕਾਰ ਡੈਕਲੇਰੇਸ਼ਨ’ ਰੱਖਿਆ ਗਿਆ ਹੈ। ਨੈਸ਼ਨਲ ਕਾਨਫਰੰਸ ਦੇ ਮੁਖੀ ਨੇ ਕਿਹਾ ਕਿ ਗੱਠਜੋੜ ਜੰਮੂ ਕਸ਼ਮੀਰ ਦੇ ਸਬੰਧ ’ਚ ਸੰਵਿਧਾਨਕ ਸਥਿਤੀ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਕਰੇਗਾ ਜਿਵੇਂ ਕਿ ਪਿਛਲੇ ਸਾਲ ਪੰਜ ਅਗਸਤ ਤੋਂ ਪਹਿਲਾਂ ਸੀ।

ਉਨਾਂ ਕਿਹਾ, ‘ਜੰਮੂ ਕਸ਼ਮੀਰ ਤੇ ਲੱਦਾਖ ਤੋਂ ਜੋ ਖੋਹ ਲਿਆ ਗਿਆ ਹੈ, ਉਸ ਦੀ ਬਹਾਲੀ ਲਈ ਅਸੀਂ ਸੰਘਰਸ਼ ਕਰਾਂਗੇ। ਸਾਡੀ ਸੰਵਿਧਾਨਕ ਲੜਾਈ ਹੈ। ਅਸੀਂ (ਜੰਮੂ ਕਸ਼ਮੀਰ ਦੇ ਸਬੰਧ ’ਚ) ਸੰਵਿਧਾਨ ਦੀ ਬਹਾਲੀ ਲਈ ਕੋਸ਼ਿਸ਼ਾਂ ਕਰਾਂਗੇ ਜਿਵੇਂ ਕਿ ਪੰਜ ਅਗਸਤ 2019 ਤੋਂ ਪਹਿਲਾਂ ਸੀ।’

ਅਬਦੁੱਲਾ ਨੇ ਕਿਹਾ ਕਿ ਗੱਠਜੋੜ ਜੰਮੂ ਕਸ਼ਮੀਰ ਦੇ ਮੁੱਦੇ ਦੇ ਹੱਲ ਲਈ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਵੀ ਕਰੇਗਾ। ਉਨਾਂ ਕਿਹਾ, ‘ਆਉਣ ਵਾਲੇ ਸਮੇਂ ’ਚ ਅਸੀਂ ਤੁਹਾਨੂੰ ਭਵਿੱਖੀ ਯੋਜਨਾਵਾਂ ਬਾਰੇ ਜਾਣੂ ਕਰਾਵਾਂਗੇ।’

ਨੈਸ਼ਨਲ ਕਾਨਫਰੰਸ ਦੇ ਮੀਤ ਪ੍ਰਧਾਨ ਉਮਰ ਅਬਦੁੱਲਾ ਤੇ ਹੋਰ ਸੀਨੀਅਰ ਆਗੂ ਮੀਟਿੰਗ ’ਚ ਹਾਜ਼ਰ ਸਨ। ਜੇਕੇਪੀਸੀਸੀ ਦੇ ਪ੍ਰਧਾਨ ਗੁਲਾਮ ਅਹਿਮਦ ਮੀਰ ਮੈਡੀਕਲ ਕਾਰਨਾਂ ਕਰਕੇ ਮੀਟਿੰਗ ’ਚ ਸ਼ਾਮਲ ਨਾ ਹੋ ਸਕੇ। ਅਬਦੁੱਲਾ ਨੇ ਕਿਹਾ ਮੀਟਿੰਗ ’ਚ ਸ਼ਾਮਲ ਆਗੂਆਂ ਨੇ ਪੀਡੀਪੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੂੰ 14 ਮਹੀਨੇ ਦੀ ਹਿਰਾਸਤ ਤੋਂ ਬਾਅਦ ਰਿਹਾਅ ਹੋਣ ਦੀ ਵਧਾਈ ਦਿੱਤੀ ਤੇ ਉਨਾਂ ਨੇ ਹਿਰਾਸਤ ਨੂੰ ਪੂਰੀ ਤਰਾਂ ਗ਼ੈਰਕਾਨੂੰਨੀ ਤੇ ਨਾਜਾਇਜ਼ ਕਰਾਰ ਦਿੱਤਾ।

ਜ਼ਿਕਰਯੋਗ ਹੈ ਕਿ ਕਸ਼ਮੀਰ ਵਿਚ ਵੱਖਵਾਦ ਜਾਂ ਕਹਿ ਲਈ ਕਸ਼ਮੀਰ ਨੂੰ ਭਾਰਤ ਤੋਂ ਅਜ਼ਾਦ ਕਰਾਉਣ ਦੀ ਸਿਆਸਤ ਦਾ ਵੱਡਾ ਦਬਦਬਾ ਹੈ। ਜ਼ਮਹੂਰੀ ਸਿਆਸਤ ਦੇ ਨਾਲ-ਨਾਲ ਕਸ਼ਮੀਰ ਵਿਚ ਵੱਡੀ ਗਿਣਤੀ ਨੌਜਵਾਨ ਭਾਰਤ ਖਿਲਾਫ ਹਥਿਆਰਬੰਦ ਲੜਾਈ ਵੀ ਲੜ ਰਹੇ ਹਨ। ਕਸ਼ਮੀਰ ਦੀਆਂ ਹਿੰਦ-ਨਵਾਜ਼ ਪਾਰਟੀਆਂ ਦਾ ਅਧਾਰ ਪਿਛਲੇ ਸਮੇਂ ਦੌਰਾਨ ਲਗਾਤਾਰ ਖੁਰ ਰਿਹਾ ਸੀ ਜੋ ਭਾਰਤੀ ਰਾਜ ਲਈ ਵੱਡੀ ਚੁਣੌਤੀ ਵੀ ਬਣ ਰਿਹਾ ਸੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤੀ ਰਾਜ ਜਿੱਥੇ ਕਸ਼ਮੀਰ ਨੂੰ ਖਾਸ ਅਧਿਕਾਰਾਂ ਦੇ ਰੂਪ ਵਿਚ ਮਿਲੀ ਸੁਰੱਖਿਆ ਖਤਮ ਕਰਕੇ ਖਿੱਤੇ ਵਿਚ ਅਬਾਦੀ ਅਨੁਪਾਤ ਨੂੰ ਤਬਦੀਲ ਕਰਕੇ ਸਿਆਸੀ ਪੈਂਤੜਾ ਚੱਲਣਾ ਚਾਹੁੰਦਾ ਹੈ ਉੱਥੇ ਇਸ ਪੈਂਤੜੇ ਨਾਲ ਕਸ਼ਮੀਰ ਦੀ ਸਿਆਸਤ ਨੂੰ ਵੱਖਵਾਦ ਜਾਂ ਪੂਰਨ ਅਜ਼ਾਦੀ ਦੀ ਥਾਂ ਵਾਧੂ ਅਧਿਕਾਰਾਂ ਦੀ ਲੜਾਈ ਬਣਾਉਣ ਲਈ ਯਤਨਸ਼ੀਲ ਹੈ।




ਅੰਮ੍ਰਿਤਸਰ ਟਾਈਮਜ਼ AMRITSAR TIMES

21 ਅਕਤੂਬਰ 2020 ਤੋਂ 27 ਅਕਤੂਬਰ 2020

# ਸ਼੍ਰੋਮਣੀ ਕਮੇਟੀ ਚੋਣਾਂ - ਉਮੀਦਵਾਰ ਕੌਣ ਅਤੇ ਕਿਵੇਂ ਚੁਣੇ ਜਾਣ ?

ਪਿਛਲੇ ਦਿਨੀਂ ਇੰਡੀਅਨ ਸਟੇਟ ਵੱਲੋਂ ਗੁਰਦੁਆਰਾ ਚੋਣ ਕਮਿਸ਼ਨਰ ਦੀ ਕੀਤੀ ਗਈ ਨਾਮਜ਼ਦਗੀ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਦੇ ਅਸਾਰ ਵਧ ਗਏ ਹਨ। ਜਿਹੜੀਆਂ ਪਾਰਟੀਆਂ ਨੇ ਇਹ ਚੋਣਾਂ ਵਿੱਚ ਹਿੱਸਾ ਲੈਣਾ ਹੈ ਓਹਨਾ ਨੇ ਆਪਣੀ ਸਰਗਰਮੀ ਵਧਾ ਦਿੱਤੀ ਹੈ। ਲੰਮੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਉੱਤੇ ਕਾਬਜ ਇਕ ਪਰਿਵਾਰ ਨੂੰ ਬਦਲਣ ਲਈ ਤਕਰੀਬਨ ਅੱਧੀ ਦਰਜਨ ਪਾਰਟੀਆਂ ਪੱਬਾਂ ਭਾਰ ਹਨ। ਸਭ ਦੀ ਇੱਛਾ ਹੈ ਕਿ ਕਿਵੇਂ ਨਾ ਕਿਵੇਂ ਇਸ ਵਾਰ ਬਾਦਲ ਦਾ ਬਦਲ ਅਸੀਂ ਬਣ ਜਾਈਏ। ਇਹ ਗੱਲ ਤੇ ਭਾਵੇਂ ਸਾਰੇ ਸਹਿਮਤ ਹਨ ਕਿ ਜਿਸ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਸੀ, ਹੁਣ ਉਹ ਉਸ ਉੱਤੇ ਖਰੀ ਨਹੀਂ ਉਤਰ ਰਹੀ ਸੋ ਹੁਣ ਬਾਦਲ ਨੂੰ ਲਾਹ ਕੇ ਉੱਥੇ ਸਹੀ ਪ੍ਰਬੰਧ ਕਾਇਮ ਕਰਨਾ ਲਾਜ਼ਮੀ ਹੋ ਗਿਆ ਹੈ ਪਰ ਇਸ ਮਸਲੇ ਦੇ ਸਦੀਵੀ ਹੱਲ ਲਈ ਹਾਲੇ ਕੋਈ ਵੀ ਪਾਰਟੀ ਯਤਨ ਨਹੀਂ ਕਰ ਰਹੀ। ਤਕਰੀਬਨ ਸਾਰੀਆਂ ਹੀ ਪਾਰਟੀਆਂ ਹਰ ਵਾਰ ਦੀ ਤਰ੍ਹਾਂ ਓਹੀ ਪੁਰਾਣੇ ਅਮਲ ਵਿਚੋਂ ਇਹ ਬਦਲ ਲੱਭ ਰਹੀਆਂ ਹਨ ਜਿਸ ਨਾਲ ਜਾ ਤਾਂ ਬਾਦਲ ਨੂੰ ਉਥੋਂ ਲਾਹ ਹੀ ਨਹੀਂ ਹੋਣਾ ਤੇ ਜੇ ਲਾਹ ਵੀ ਲਿਆ ਤਾਂ ਅਗਾਂਹ ਕੋਈ ਨਵਾਂ ਬਾਦਲ ਨਾ ਬਣੇ ਇਸ ਦਾ ਕੋਈ ਹੱਲ ਇਸ ਤਰੀਕਾਕਾਰ ਵਿੱਚ ਨਹੀਂ ਹੈ। ਇਸ ਤਰ੍ਹਾਂ ਦੀ ਸਥਿਤੀ ਵਿੱਚ ਸਿਰਫ ਸੰਗਤ ਹੀ ਆਪਣੀ ਜਿੰਮੇਵਾਰੀ ਨਿਭਾ ਕੇ ਗੈਰ ਪੰਥਕ ਤਰੀਕੇ ਨੂੰ ਰੋਕ ਸਕਦੀ ਹੈ ਅਤੇ ਆਪਣੀ ਰਵਾਇਤ ਨੂੰ ਮੁੜ ਸੁਰਜੀਤ ਕਰਨ ਲਈ ਕੋਈ ਤਿਲ ਫੁੱਲ ਯੋਗਦਾਨ ਪਾ ਸਕਦੀ ਹੈ।

ਸਿੱਖ ਹਮੇਸ਼ਾ ਹੀ ਗੁਰੂ ਪਾਤਸ਼ਾਹ ਦੇ ਦੱਸੇ ਰਾਹ ਉੱਤੇ ਚੱਲ ਕੇ ਸਰਬੱਤ ਦੇ ਭਲੇ ਲਈ ਯਤਨਸ਼ੀਲ ਰਹਿੰਦਾ ਹੈ। ਤਕਰੀਬਨ ਹਰ ਸਿੱਖ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਕੋਈ ਅਜਿਹਾ ਅਮਲ ਨਾ ਕਰੇ ਜਿਸ ਕਰ ਕੇ ਉਸ ਦੇ ਕਦਮ ਸਰਬੱਤ ਦੇ ਭਲੇ, ਬਰਾਬਰਤਾ ਅਤੇ ਸਾਂਝੀਵਾਲਤਾ ਦੇ ਰਸਤੇ ਤੋਂ ਖਿਸਕਣ। ਸਮੇਂ ਸਮੇਂ ਉੱਤੇ ਇਸ ਕਾਰਜ ਲਈ ਸਿੱਖ ਕੁਰਬਾਨੀਆਂ ਵੀ ਦਿੰਦੇ ਰਹੇ ਅਤੇ ਲੋੜ ਮਹਿਸੂਸ ਹੋਣ ਤੇ ਇਸੇ ਕਾਰਜ ਲਈ ਸੰਸਥਾਵਾਂ ਵੀ ਬਣਾਉਂਦੇ ਰਹੇ। ਪਰ ਅਕਸਰ ਹੀ ਸਮੇਂ ਦੇ ਨਾਲ ਨਿੱਜੀ ਲਾਲਸਾਵਾਂ ਜਾ ਸਿਆਸੀ ਕਾਰਨਾਂ ਕਰ ਕੇ ਮਨੁੱਖ ਜਾ ਸੰਸਥਾ ਵਿੱਚ ਨਿਘਾਰ ਆ ਜਾਣ ਦੀ ਸੰਭਾਵਨਾ ਹੁੰਦੀ ਹੈ। ਜਦੋਂ ਇਹ ਸੰਸਥਾਵਾਂ ਸਰਬੱਤ ਦੇ ਭਲੇ ਦੇ ਮਾਰਗ ਤੋਂ ਥਿੜਕ ਜਾਣ ਤਾਂ ਗੁਰੂ ਖਾਸਲਾ ਪੰਥ ਉੱਤੇ ਇਹ ਜਿੰਮੇਵਾਰੀ ਆ ਜਾਂਦੀ ਕਿ ਉਹ ਇਹਨਾਂ ਸੰਸਥਾਵਾਂ ਦੇ ਪ੍ਰਬੰਧ ਨੂੰ ਠੀਕ ਕਰੇ। ਇਸੇ ਹੀ ਪੱਖ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸੁਹਿਰਦ ਸਿੱਖਾਂ ਲਈ ਬਹੁਤ ਅਹਿਮੀਅਤ ਰੱਖਦੀਆਂ ਹਨ। ਹਰ ਸਿੱਖ ਚਾਹੁੰਦਾ ਹੈ ਕਿ ਓਥੇ ਦਾ ਪ੍ਰਬੰਧ ਠੀਕ ਹੋਵੇ ਪਰ ਇਸ ਕਾਰਜ ਲਈ ਹਰ ਵਾਰ ਪਾਰਟੀਆਂ ਉੱਤੇ ਟੇਕ ਲਾ ਲਈ ਜਾਂਦੀ ਹੈ ਜਿਸ ਕਰਕੇ ਇਹ ਕਾਰਜ ਨੇਪਰੇ ਨਹੀਂ ਚੜ੍ਹਦਾ। ਪਾਰਟੀਆਂ ਆਪਣੇ ਹਿਸਾਬ ਕਿਤਾਬ ਲਾ ਕੇ ਇਹਨਾਂ ਚੋਣਾਂ ਲਈ ਆਪਣੇ ਉਮੀਦਵਾਰ ਐਲਾਨ ਦਿੰਦੀਆਂ ਹਨ ਜੋ ਸੰਗਤ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰੇ ਜਾ ਨਾ ਕਰੇ ਇਸ ਗੱਲ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਅਤੇ ਨਾ ਹੀ ਸਾਡੇ ਆਗੂ ਚੁਣਨ ਅਤੇ ਫੈਸਲੇ ਲੈਣ ਦੀ ਰਵਾਇਤ ਦਾ ਖਿਆਲ ਰੱਖਿਆ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸਾਡੇ ਵਿੱਚ ਆਗੂ ਗੁਣ ਅਧਾਰਿਤ ਚੁਣਿਆਂ ਜਾਂਦਾ ਰਿਹਾ ਨਾ ਕਿ ਵੋਟਾਂ ਰਾਹੀਂ। ਅਗਵਾਈ ਵਿੱਚ ਸਿਮਰਨ ਬੰਦਗੀ, ਪੰਥ ਦਰਦੀ ਤੇ ਦੁਨਿਆਵੀ ਗੁਣਾਂ ਵਿੱਚ ਮਾਹਰ ਸ਼ਖਸੀਅਤ ਦਾ ਤਵਾਜਨ ਹੁੰਦਾ ਸੀ ਜੋ ਹੁਣ ਵੋਟਾਂ ਰਾਹੀਂ ਆਗੂ ਚੁਣਨ ਦੀ ਪਿਰਤ ਨੇ ਮਨਫ਼ੀ ਕਰ ਦਿੱਤਾ ਹੈ। ਭਾਵੇਂ ਸੁਹਿਰਦ ਸਿੱਖਾਂ ਨੇ ਉਨ੍ਹਾਂ ਵੇਲਿਆਂ ਚ ਹੀ ਕਿਆਸ ਲਾ ਲਿਆ ਸੀ ਕਿ ਸਿੱਖ ਵੋਟਾਂ ਵਾਲੇ ਪ੍ਰਬੰਧ ਚ ਪੈ ਕੇ ਬਹੁਤ ਨੁਕਸਾਨ ਝੱਲਣਗੇ ਪਰ ਅਸੀਂ ਹੁਣ ਤਕ ਵੀ ਇਹਦੇ ਬਦਲ ਲਈ ਕੋਈ ਠੋਸ ਯਤਨ ਨਹੀਂ ਕਰ ਸਕੇ। ਇਸ ਥਾਂ ਤੇ ਆ ਕੇ ਭਾਵੇਂ ਵੋਟ ਪ੍ਰਬੰਧ ਨੂੰ ਇਕੋ-ਦਮ ਰੱਦ ਕਰਨਾ ਸੰਭਵ ਨਹੀਂ ਪਰ ਇਸਦੇ ਹੁੰਦੇ ਅਸੀਂ ਆਪਣੀ ਰਵਾਇਤ ਵਿਚੋਂ ਕਿੰਨਾ ਹਿੱਸਾ ਇਸ ਨਾਲ ਲੈ ਕੇ ਚੱਲ ਸਕਦੇ ਹਾਂ, ਓਹਦੇ ਤੇ ਜਰੂਰ ਗੌਰ ਕਰਨੀ ਚਾਹੀਦੀ ਹੈ।

ਹੁਣ ਦੀ ਸਥਿਤੀ ਵਿਚ ਜਦੋਂ ਪਾਰਟੀਆਂ ਅਤੇ ਸੰਸਥਾਵਾਂ ਤੇ ਭਰੋਸੇਯੋਗਤਾ ਦਾ ਸਵਾਲ ਖੜ ਗਿਆ ਹੈ ਤਾਂ ਸੰਗਤਾਂ ਨੂੰ ਆਪਣੇ ਫੈਸਲੇ ਲੈਣ ਦੀ ਰਵਾਇਤ ਨੂੰ ਮੁੜ ਬਹਾਲ ਕਰਨਾ ਪੈਣਾ ਹੈ ਫਿਰ ਹੀ ਇਹ ਸਾਰੇ ਮਸਲੇ ਦੀ ਜੜ੍ਹ ਨੂੰ ਪੁੱਟਿਆ ਜਾ ਸਕਦਾ ਹੈ ਅਤੇ ਇਸ ਹਲਾਤ ਨਾਲ ਨਜਿੱਠਿਆ ਜਾ ਸਕਦਾ ਹੈ। ਬਜਾਏ ਇਸ ਦੇ ਕਿ ਪਾਰਟੀਆਂ ਸੰਗਤ ਨੂੰ ਦੱਸਣ ਕਿ ਸਾਡੇ ਵੱਲੋਂ ਉਮੀਦਵਾਰ ਕੌਣ ਹੈ, ਸੰਗਤਾਂ ਇਕੱਤਰ ਹੋ ਕੇ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿੱਚ ਗੁਰਮਤਾ ਕਰਨ ਅਤੇ ਪਾਰਟੀਆਂ ਨੂੰ ਦੱਸਣ ਕਿ ਸਾਡੇ ਵੱਲੋਂ ਇਹ ਉਮੀਦਵਾਰ ਹੈ। ਹੁਣ ਵੱਡੀ ਸਮੱਸਿਆ ਇਹ ਵੀ ਹੈ ਕਿ ਉਮੀਦਵਾਰ ਸਿਰਫ ਆਪਣੇ ਪਾਰਟੀ ਲੀਡਰ ਨੂੰ ਜਵਾਬਦੇਹ ਹੁੰਦਾ ਹੈ ਸੰਗਤ ਨੂੰ ਨਹੀਂ ਪਰ ਇਸ ਤਰ੍ਹਾਂ ਕਰਨ ਨਾਲ ਮੁੜ ਤੋਂ ਚੰਗੇ ਗੁਣਾਂ ਵਾਲੀਆਂ ਸਖਸ਼ੀਅਤਾਂ ਜਿੱਥੇ ਗੁਰਦੁਆਰਿਆਂ ਦੇ ਸੁਚੱਜੇ ਪ੍ਰਬੰਧ ਲਈ ਅੱਗੇ ਆਉਣਗੀਆਂ ਓਥੇ ਹੀ ਓਹਨਾ ਸਖਸ਼ੀਅਤਾਂ ਉੱਤੇ ਕੁੰਡਾ ਸੰਗਤ ਦਾ ਹੋਵੇਗਾ ਨਾ ਕਿ ਸਿਰਫ ਪਾਰਟੀ ਦੇ ਲੀਡਰ ਦਾ। ਹਾਲ ਹੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿੱਚ ਪਾਵਨ ਸਰੂਪਾਂ ਦੇ ਮਸਲੇ ਸਬੰਧੀ ਅਹੁਦੇਦਾਰਾਂ ਦੇ ਹੁਣ ਤਕ ਦੇ ਅਮਲ ਦਾ ਕਾਰਨ ਵੀ ਇਹੀ ਹੈ ਕਿ ਓਹਨਾ ਉੱਤੇ ਸੰਗਤ ਦਾ ਕੁੰਡਾ ਨਹੀਂ ਹੈ, ਇਸੇ ਕਰ ਕੇ ਬਿਨਾ ਭੈਅ ਤੋਂ ਮਨ ਮਰਜ਼ੀਆਂ ਚੱਲ ਰਹੀਆਂ ਹਨ।

ਸੰਗਤ ਨੂੰ ਹੁਣ ਆਪਣੀ ਊਰਜਾ ਅੱਧੀ ਦਰਜਨ ਪਾਰਟੀਆਂ ਨੂੰ ਇਕ ਹੋ ਕੇ ਵੋਟਾਂ ਲੜਨ ਲਈ ਸਮਝਾਉਣ ਦੀ ਥਾਂ ਸਾਡੇ ਫੈਸਲੇ ਲੈਣ ਦੀ ਰਵਾਇਤ ਨੂੰ ਬਹਾਲ ਕਰਨ ਲਈ ਲਾਉਣੀ ਚਾਹੀਦੀ ਹੈ। ਇਸ ਤਰ੍ਹਾਂ ਆਪਣੇ ਆਪ ਹੀ ਸਾਰੀਆਂ ਪਾਰਟੀਆਂ ਨੂੰ ਆਪਣੀ ਇਹ ਦੌੜ ਛੱਡਣੀ ਪੈ ਜਾਣੀ ਹੈ। ਇਹ ਕਾਰਜ ਤਿਆਗ ਨਾਲ ਅਤੇ ਨਿਸ਼ਕਾਮ ਰਹਿ ਕੇ ਹੀ ਕੀਤਾ ਜਾ ਸਕਦਾ ਹੈ, ਜਿਹੜੀਆਂ ਸੰਗਤਾਂ ਇਹ ਫੈਸਲੇ ਲੈਣ ਦੀ ਰਵਾਇਤ ਦੀ ਬਹਾਲੀ ਲਈ ਯਤਨ ਕਰਨ ਓਹਨਾ ਲਈ ਇਹ ਬਹੁਤ ਜਰੂਰੀ ਹੈ ਕਿ ਉਹ ਆਪ ਕਿਸੇ ਅਹੁਦੇ ਜਾ ਵੋਟਾਂ ਵਾਲੇ ਪ੍ਰਬੰਧ ਚ ਆਉਣ ਦੀ ਇੱਛਾ ਨਾ ਰੱਖਦੀਆਂ ਹੋਣ, ਫਿਰ ਹੀ ਉਹਨਾਂ ਦੀ ਗੱਲ ਸੁਣੀ ਅਤੇ ਮੰਨੀ ਜਾਣੀ ਹੈ। ਗੁਰੂ ਪਾਤਸ਼ਾਹ ਭਲੀ ਕਰਨ, ਅਸੀਂ ਆਪਣੀ ਰਵਾਇਤ ਵੱਲ ਨੂੰ ਮੂੰਹ ਕਰ ਕੇ ਆਪਣੀਆਂ ਸੰਸਥਾਵਾਂ ਦੇ ਪ੍ਰਬੰਧ ਠੀਕ ਕਰਨ ਲਈ ਯਤਨਸ਼ੀਲ ਹੋ ਸਕੀਏ।

# ਭਾਰਤ ਦੇ ਸੰਘੀ ਢਾਂਚੇ ਨੂੰ ਬਰਬਾਦ ਕਰ ਰਹੀ ਹੈ; ਭਾਜਪਾ ਸਰਕਾਰ



- ਪ੍ਰਭਾਤ ਪਟਨਾਇਕ

ਸੰਘਵਾਦ ਭਾਰਤੀ ਸੰਵਿਧਾਨ ਦੀਆਂ ਮੂਲ ਵਿਸ਼ੇਸ਼ਤਾਵਾਂ ਵਿਚੋਂ ਇਕ ਹੈ। ਸੰਵਿਧਾਨ ਸਭਾ ਵਿਚ ਪ੍ਰੋਫੈਸਰ ਕੇ.ਟੀ. ਸ਼ਾਹ 'ਫੈਡਰਲ' ਸ਼ਬਦ ਨੂੰ 'ਸੈਕੂਲਰ' ਸ਼ਬਦ ਦੇ ਨਾਲ ਹੀ ਪ੍ਰਸਤਾਵਨਾ ਵਿਚ ਸ਼ਾਮਿਲ ਕਰਨਾ ਚਾਹੁੰਦੇ ਸਨ ਪਰ ਡਾ: ਬੀ. ਆਰ. ਅੰਬੇਡਕਰ ਨੇ ਇਸ ਆਧਾਰ ਨੂੰ ਇਸ ਲਈ ਖ਼ਾਰਜ ਕਰ ਦਿੱਤਾ ਸੀ ਕਿ ਗਣਤੰਤਰ ਦੇ ਸੰਘੀ (ਫੈਡਰਲ) ਅਤੇ ਧਰਮ-ਨਿਰਪੱਖ (ਸੈਕੂਲਰ) ਕਿਰਦਾਰ ਤਾਂ ਸੰਵਿਧਾਨ ਵਿਚ ਪਹਿਲਾਂ ਹੀ ਦਰਜ ਹਨ। ਸੰਵਿਧਾਨ ਦੀ ਸੱਤਵੀਂ ਅਨੁਸੂਚੀ ਵਿਚ ਸੰਵਿਧਾਨ ਨੇ ਕੇਂਦਰ ਅਤੇ ਰਾਜਾਂ ਦੇ ਅਧਿਕਾਰ ਖੇਤਰ ਨੂੰ ਦੋ ਸੂਚੀਆਂ ਵਿਚ ਅਤੇ ਆਮ ਅਧਿਕਾਰ ਖੇਤਰ ਦੇ ਖੇਤਰਾਂ ਨੂੰ ਇਕ ਤੀਜੀ ਸੂਚੀ ਵਿਚ ਸ਼ਾਮਿਲ ਕੀਤਾ। ਉਦੋਂ ਤੋਂ ਹੀ ਕੇਂਦਰ ਨੇ ਹਮੇਸ਼ਾ ਰਾਜਾਂ ਦੇ ਅਧਿਕਾਰਾਂ ਦਾ ਦਮਨ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਪ੍ਰਵਿਰਤੀ ਨੇ ਹੁਣ ਇਕ ਤਾਕਤ ਹਾਸਲ ਕਰ ਲਈ ਹੈ, ਜਿੱਥੇ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਦੇਸ਼ ਨੂੰ ਏਕਾਤਮਕ ਰਾਜ ਵੱਲ ਧੱਕਿਆ ਜਾ ਰਿਹਾ ਹੈ ਅਤੇ ਇਹ ਕੋਈ ਹੈਰਾਨੀ ਭਰੀ ਗੱਲ ਨਹੀਂ ਹੈ। ਪਹਿਲਾਂ ਰਾਜਾਂ ਦਾ ਆਪਣਾ ਮੁੱਖ ਮਾਲੀਆ ਸਰੋਤ ਵਿਕਰੀ ਟੈਕਸ ਹੁੰਦਾ ਸੀ। ਹੁਣ ਉਸ ਨੂੰ ਰਾਜ ਸਰਕਾਰਾਂ ਤੋਂ ਖੋਹ ਲਿਆ ਗਿਆ ਹੈ। ਉਸ ਦੀ ਥਾਂ ਹੁਣ ਜੀ.ਐਸ.ਟੀ. (ਵਸਤੂ ਅਤੇ ਸੇਵਾ ਕਰ) ਹੈ, ਜੋ ਕਿ ਜੀ.ਐਸ.ਟੀ. ਪ੍ਰੀਸ਼ਦ ਵਲੋਂ ਇਕੱਠਾ ਕੀਤਾ ਜਾਂਦਾ ਹੈ। ਇਸ ਪ੍ਰੀਸ਼ਦ ਵਿਚ ਕੇਂਦਰ ਦਾ ਪ੍ਰਭਾਵ ਹੈ। ਜੀ.ਐਸ.ਟੀ. ਨੂੰ ਲਾਗੂ ਕਰਦਿਆਂ ਕੇਂਦਰ ਸਰਕਾਰ ਵੱਲੋਂ ਇਹ ਵਾਅਦਾ ਕੀਤਾ ਗਿਆ ਸੀ ਕਿ ਰਾਜਾਂ ਨੂੰ ਨਵੀਂ ਵਿਵਸਥਾ ਵਿਚ ਜੇਕਰ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਭਰਪਾਈ ਕੇਂਦਰ ਕਰੇਗਾ। ਪਰ ਹੁਣ ਕੇਂਦਰ ਨੇ ਉਸ ਵਾਅਦੇ ਨੂੰ ਨਿਭਾਉਣ ਤੋਂ ਮਨਾ ਕਰ ਦਿੱਤਾ ਹੈ। ਵਰਤਮਾਨ ਵਿਚ ਰਾਜਾਂ ਦੇ ਕੋਲ ਕੋਈ ਟੈਕਸ ਲਾਉਣ ਦੀਆਂ ਸ਼ਕਤੀਆਂ ਨਹੀਂ ਹਨ (ਸਿਰਫ਼ ਤਿੰਨ ਚੀਜ਼ਾਂ ਨੂੰ ਛੱਡ ਕੇ) ਅਤੇ ਦੂਜੇ ਪਾਸੇ ਕੇਂਦਰ ਵੱਲੋਂ ਕੀਤੇ ਗਏ ਵਾਅਦੇ ਮੁਤਾਬਿਕ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ, ਸਗੋਂ ਕੇਂਦਰ ਵੱਲੋਂ ਰਾਜਾਂ ਨੂੰ ਹੋਰ ਕਰਜ਼ਾ ਲੈਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਭਾਜਪਾ ਨੇ ਆਪਣੇ ਹਕੂਮਤਾਂ ਵਾਲੇ 20 ਰਾਜਾਂ ਨੂੰ ਇਸ ਲਈ ਸਹਿਮਤ ਵੀ ਕਰ ਲਿਆ ਹੈ।

ਪਰ ਇਹ ਵਿਵਸਥਾ ਸਿਰਫ਼ ਕੇਂਦਰ ਦਾ ਰਾਜਾਂ ਦੇ ਸਰੋਤਾਂ 'ਤੇ ਕੰਟਰੋਲ ਦੀ ਹੀ ਨਹੀਂ ਹੈ ਜਿਨਾਂ ਦਾ ਕੇਂਦਰੀਕਰਨ ਕੀਤਾ ਗਿਆ ਹੈ ਸਗੋਂ ਫ਼ੈਸਲੇ ਵੀ ਸੰਵਿਧਾਨ ਦੀਆਂ ਵਿਵਸਥਾਵਾਂ ਦੇ ਖ਼ਿਲਾਫ਼ ਜਾ ਕੇ ਕੇਂਦਰੀਕਰਨ ਦੀ ਨੀਤੀ ਅਨੁਸਾਰ ਕੀਤੇ ਜਾ ਰਹੇ ਹਨ। ਉਦਾਹਰਨ ਵਜੋਂ; ਸਿੱਖਿਆ ਰਾਜਾਂ ਦਾ ਵਿਸ਼ਾ ਹੈ ਪਰ ਕੇਂਦਰ ਨੇ ਹਾਲ ਹੀ ਵਿਚ ਰਾਜਾਂ ਦੇ ਨਾਲ ਵਿਚਾਰ ਚਰਚਾ ਅਤੇ ਕਿਸੇ ਕਿਸਮ ਦੀ ਰਾਇ ਲਏ ਬਿਨਾਂ ਨਵੀਂ ਸਿੱਖਿਆ ਨੀਤੀ ਲਾਗੂ ਕਰ ਦਿੱਤੀ। ਹੁਣ ਰਾਜਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਸ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ। ਇਸ ਤੋਂ ਇਲਾਵਾ ਖੇਤੀਬਾੜੀ ਵੀ ਰਾਜਾਂ ਦੀ ਸੂਚੀ ਨਾਲ ਸਬੰਧਿਤ ਹੈ ਅਤੇ ਰਾਜਾਂ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਵਿਸ਼ਾ ਹੈ। ਪਰ ਪਿਛਲੇ ਸਮੇਂ ਦੌਰਾਨ ਕੇਂਦਰ ਨੇ ਰਾਜਾਂ ਨਾਲ ਗੱਲਬਾਤ ਕੀਤੇ ਬਿਨਾ ਪਹਿਲਾਂ ਖੇਤੀ ਨਾਲ ਸਬੰਧਿਤ ਤਿੰਨ ਆਰਡੀਨੈਂਸ ਲਿਆਂਦੇ, ਫਿਰ ਉਨਾਂ ਨੂੰ ਮੌਨਸੂਨ ਇਜਲਾਸ ਸੰਸਦ ਵਿਚ ਪੇਸ਼ ਕਰਕੇ ਰਾਜਾਂ ਦੀ ਸਹਿਮਤੀ ਤੋਂ ਬਿਨਾਂ ਉਨਾਂ ਨੂੰ ਪਾਸ ਕਰਵਾ ਕੇ ਰਾਸ਼ਟਰਪਤੀ ਦੀ ਮਨਜ਼ੂਰੀ ਨਾਲ ਇਨਾਂ ਨੂੰ ਕਾਨੂੰਨੀ ਰੂਪ ਦੇ ਦਿੱਤਾ। ਇਨਾਂ ਕਾਨੂੰਨਾਂ ਰਾਹੀਂ ਦੇਸ਼ ਦੀ ਖੇਤੀਬਾੜੀ ਵਿਵਸਥਾ ਵਿਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ, ਜੋ ਕਿਸਾਨਾਂ 'ਤੇ ਬੁਰੇ ਪ੍ਰਭਾਵ ਪਾਉਣ ਤੋਂ ਇਲਾਵਾ ਰਾਜਾਂ ਲਈ ਵੀ ਮਹੱਤਵਪੂਰਨ ਮਾਲੀਏ ਦੇ ਨੁਕਸਾਨ ਦਾ ਵੀ ਕਾਰਨ ਬਣਨਗੇ। ਹਾਲਾਂਕਿ ਕਿਸਾਨਾਂ ਵੱਲੋਂ ਇਨਾਂ ਕਾਨੂੰਨਾਂ ਦਾ ਵੱਡੀ ਪੱਧਰ 'ਤੇ ਵਿਰੋਧ ਕੀਤਾ ਜਾ ਰਿਹਾ ਹੈ।

ਇਹ ਨਾ ਸਿਰਫ਼ ਰਾਜਾਂ ਦੇ ਅਧਿਕਾਰਾਂ ਦੀ ਉਲੰਘਣਾ ਹੈ ਸਗੋਂ ਉਨਾਂ ਦਾ ਬਹੁਤ ਕੁਝ ਹੁਣ ਕੇਂਦਰ ਵੱਲੋਂ ਇਕਪਾਸੜ ਢੰਗ ਨਾਲ ਬਦਲਿਆ ਜਾ ਰਿਹਾ ਹੈ। ਇਹ ਸਪਸ਼ਟ ਹੋ ਗਿਆ ਹੈ ਕਿ ਜਦੋਂ ਜੰਮੂ ਅਤੇ ਕਸ਼ਮੀਰ ਰਾਜ ਨੂੰ ਦੋ ਵੱਖ ਵੱਖ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਰਾਜ ਦੀ ਵਿਧਾਨ ਸਭਾ ਦੀ ਸਹਿਮਤੀ ਤੋਂ ਬਿਨਾਂ ਵੰਡਿਆ ਗਿਆ ਸੀ। ਇਸ ਵੰਡ ਦੇ ਲਈ ਰਾਜ ਦੀ ਸਹਿਮਤੀ ਕੇਂਦਰ ਵੱਲੋਂ ਨਿਯੁਕਤ ਰਾਜਪਾਲ ਦੀ ਸਹਿਮਤੀ ਨਾਲ ਪ੍ਰਾਪਤ ਕੀਤੀ ਗਈ, ਕਿਉਂਕਿ ਉਸ ਸਮੇਂ ਰਾਜ ਨੂੰ ਰਾਜਪਾਲ ਦੇ ਸ਼ਾਸਨ ਵਿਚ ਰੱਖਿਆ ਗਿਆ ਸੀ। ਇਸ ਮਿਸਾਲ ਦੇ ਨਾਲ ਕੋਈ ਵੀ ਰਾਜ, ਇਕ ਰਾਜ ਦੇ ਰੂਪ ਵਿਚ ਹੋਂਦ ਵਿਚ ਨਹੀਂ ਰਹਿ ਸਕਦਾ ਅਤੇ ਇਸ ਨਾਲ ਕਿਸੇ ਵੀ ਸਮੇਂ ਕਿਸੇ ਵੀ ਗਿਣਤੀ ਵਿਚ ਉਸ ਨੂੰ ਟੁਕੜਿਆਂ ਵਿਚ ਵੰਡਿਆ ਜਾ ਸਕਦਾ ਹੈ। ਕਿਸੇ ਵੀ ਰਾਜ ਨੂੰ ਰਾਜਪਾਲ ਦੇ ਸ਼ਾਸਨ ਵਿਚ ਰੱਖ ਕੇ ਰਾਜਪਾਲ ਤੋਂ ਸਹਿਮਤੀ ਲਈ ਜਾ ਸਕਦੀ ਹੈ ਜੋ ਕੇਂਦਰ ਵੱਲੋਂ ਕਾਨੂੰਨੀ ਰੂਪ ਨਾਲ ਸਮਝੀ ਜਾਵੇਗੀ। ਕਿਸੇ ਵੀ ਰਾਜ ਦੀ ਵੰਡ ਬਾਰੇ ਲੋਕਾਂ ਵੱਲੋਂ ਵੋਟਾਂ ਪਾ ਕੇ ਚੁਣੇ ਉੱਥੋਂ ਦੇ ਵਿਧਾਇਕਾਂ ਦੀ ਸਹਿਮਤੀ ਜ਼ਰੂਰੀ ਨਹੀਂ ਰਹਿ ਗਈ। ਹੁਣ ਦੇਸ਼ ਦੇ ਕਿਸੇ ਵੀ ਰਾਜ ਦੀ ਹੋਂਦ ਕੇਂਦਰੀ ਵਿਵੇਕ ਦਾ ਵਿਸ਼ਾ ਬਣ ਕੇ ਰਹਿ ਗਈ ਹੈ ਅਤੇ ਇਹ 'ਏਕਾਵਾਦ' ਰਾਜ ਦੀ ਦਿਸ਼ਾ ਵੱਲ ਇਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

ਭਾਰਤ ਨੂੰ ਇਕ ਵਾਸਤਵਿਕ ਤੱਥ ਦੇ ਰੂਪ ਵਿਚ ਏਕਾਤਮਕ ਰਾਜ ਵਿਚ ਬਦਲਣਾ ਹਿੰਦੂਤਵੀ ਅਨਸਰਾਂ ਅਤੇ ਵਿਸ਼ਵ ਪੱਧਰ ਦੀਆਂ ਪੂੰਜੀਵਾਦੀ ਅਤੇ ਕਾਰਪੋਰੇਟ ਤਾਕਤਾਂ, ਦੋਵਾਂ ਦਾ ਹੀ ਪ੍ਰਮੁੱਖ ਏਜੰਡਾ ਹੈ। ਇਸ ਲਈ ਇਹ ਕਾਰਪੋਰੇਟ ਅਤੇ ਹਿੰਦੂਤਵੀ ਅਨਸਰਾਂ ਦੇ ਗੱਠਜੋੜ ਦੇ ਆਮ ਏਜੰਡੇ ਵਿਚ ਇਕ ਪ੍ਰਮੁੱਖ ਤੱਤ ਹੈ, ਜੋ ਵਰਤਮਾਨ ਸਮੇਂ ਵਿਚ ਭਾਰਤੀ ਰਾਜਨੀਤੀ 'ਤੇ ਲਗਾਤਾਰ ਹਾਵੀ ਹੁੰਦਾ ਜਾ ਰਿਹਾ ਹੈ।

ਭਾਰਤੀ ਰਾਜ ਦੀ ਸੰਘੀ ਪ੍ਰਵਿਰਤੀ ਉਸ ਦੋਹਰੀ ਰਾਸ਼ਟਰੀ ਚੇਤਨਾ ਦਾ ਅਨੁਸਰਨ ਕਰਦੀ ਹੈ ਜੋ ਹਰੇਕ ਭਾਰਤੀ ਵਿਅਕਤੀ ਦੀ ਵਿਸ਼ੇਸ਼ਤਾ ਹੈ, ਇਕ ਵਿਸ਼ੇਸ਼ ਖੇਤਰੀ-ਭਾਸ਼ਾਈ ਸਮੂਹ ਨਾਲ ਸਬੰਧਿਤ ਚੇਤਨਾ, ਭਾਵ ਕਿ ਓਡੀਸ਼ਾ ਜਾਂ ਬੰਗਾਲੀ, ਮਲਿਆਲੀ ਜਾਂ ਗੁਜਰਾਤੀ, ਤਮਿਲ ਜਾਂ ਪੰਜਾਬੀ, ਬਿਹਾਰੀ ਜਾਂ ਕਸ਼ਮੀਰੀ ਆਦਿ। ਅਜਿਹੀ ਚੇਤਨਾ ਸਰਬ ਭਾਰਤੀ ਚੇਤਨਾ ਹੈ। ਉਪਨਿਵੇਸ਼ਵਾਦ ਵਿਰੋਧੀ ਸੰਘਰਸ਼ ਦੌਰਾਨ ਦੋਵਾਂ ਤਰਾਂ ਦੀ ਚੇਤਨਾ ਮਜ਼ਬੂਤ ਹੋਈ। ਆਜ਼ਾਦੀ ਤੋਂ ਬਾਅਦ ਰਾਜ ਨੇ ਇਕ ਰਾਜਸੀ ਵਿਵਸਥਾ ਦੇ ਮਾਧਿਅਮ ਰਾਹੀਂ ਦੋਵਾਂ ਨੂੰ ਚਲਾਉਣ ਦੀ ਮੰਗ ਕੀਤੀ, ਜੋ ਕਿਰਦਾਰ ਅਨੁਸਾਰ ਸੰਘਰਸ਼ਸ਼ੀਲ ਸੀ। ਇਸ ਸੰਘੀ ਕਿਰਦਾਰ ਨੂੰ ਬਣਾਈ ਰੱਖਣਾ ਦੋਵਾਂ ਦਰਮਿਆਨ ਨਾਜ਼ੁਕ ਸੰਤੁਲਨ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। ਇਕ ਦੂਜੇ 'ਤੇ ਆਪਣੀ ਮਨਮਾਨੀ ਥੋਪਣ ਨਾਲ ਇਹ ਸੰਤੁਲਨ ਵਿਗੜਦਾ ਹੈ ਅਤੇ ਇਸ ਨਾਲ ਦੇਸ਼ ਦੀ ਏਕਤਾ ਵਿਚ ਵੀ ਰੁਕਾਵਟ ਪੈਦਾ ਹੁੰਦੀ ਹੈ। ਉਦਾਹਰਨ ਲਈ ਲੋੜੋਂ ਜ਼ਿਆਦਾ ਕੇਂਦਰੀਕਰਨ, ਖੇਤਰੀ-ਭਾਸ਼ਾਈ ਚੇਤਨਾ 'ਤੇ ਸਵਾਰੀ ਕਰਨ ਦੀ ਕੋਸ਼ਿਸ਼ ਕਰੇਗਾ, ਜਿਸ ਨਾਲ ਵੱਖਵਾਦ ਦੀ ਪ੍ਰਵਿਰਤੀ ਨੂੰ ਬਲ ਮਿਲੇਗਾ।

ਹਿੰਦੂਤਵ ਦੇ ਅਨਸਰ ਭਾਰਤ ਦੀ ਇਸ ਜਟਿਲ ਅਸਲੀਅਤ ਨੂੰ ਨਹੀਂ ਸਮਝਦੇ। ਕਿਉਂਕਿ ਉਨਾਂ ਦਾ ਉਪਨਿਵੇਸ਼ਕ ਵਿਰੋਧੀ ਸੰਘਰਸ਼ ਨਾਲ ਕੋਈ ਵੀ ਲੈਣਾ ਦੇਣਾ ਨਹੀਂ ਸੀ। ਅਤੇ ਇਹ ਵੀ ਕਿ ਉਨਾਂ ਲਈ ਭਾਰਤ ਇਕ ਰਾਸ਼ਟਰ ਨਿਰਮਾਣ ਨਹੀਂ ਸਗੋਂ ਸਿਰਫ਼ ਹਿੰਦੂਆਂ ਦਾ ਇਕ ਦੇਸ਼ ਹੈ। ਉਨਾਂ ਅਨੁਸਾਰ ਦੇਸ਼ ਨੇ ਪ੍ਰਾਚੀਨ ਕਾਲ ਤੋਂ ਇਕ 'ਹਿੰਦੂਤਵ' ਦਾ ਗਠਨ ਕੀਤਾ ਹੈ। ਉਨਾਂ ਅਨੁਸਾਰ ਭਾਰਤ 'ਹਿੰਦੂ ਰਾਸ਼ਟਰ' ਦੇ ਰੂਪ ਵਿਚ ਅਨੰਤ ਕਾਲ ਤੋਂ ਹੀ ਦੁਨੀਆ 'ਤੇ ਮੌਜੂਦ ਹੈ।

ਇਸੇ ਤਰਾਂ ਕਾਰਪੋਰੇਟ ਅਤੇ ਵੱਡੇ ਸਰਮਾਏਦਾਰ ਵੀ ਦੇਸ਼ ਦੇ ਕੇਂਦਰੀਕਰਨ ਦੇ ਪੱਖ ਵਿਚ ਹਨ। ਏਕਾਵਾਦ ਅਨੁਸਾਰ ਕੁਝ ਲੋਕਾਂ ਤੱਕ ਸੀਮਤ ਪੂੰਜੀ ਉੱਤੇ ਇਹ ਕੁਲੀਨ ਵਰਗ ਟਿਕਿਆ ਹੋਇਆ ਹੈ, ਉਸੇ ਦੇ ਆਧਾਰ 'ਤੇ ਇਹ ਵਰਗ ਅਰਥਵਿਵਸਥਾ ਦੇ ਖੇਤਰ ਵਿਚ ਕੇਂਦਰੀਕਰਨ ਦੀ ਵਕਾਲਤ ਵੀ ਕਰਦਾ ਹੈ ਅਤੇ ਆਪਣੀਆਂ ਵੱਡੀਆਂ ਇੱਛਾਵਾਂ ਨੂੰ ਸਾਕਾਰ ਕਰਨ ਲਈ ਇਸ ਨੂੰ ਰਾਜ ਦੇ ਸਮਰਥਨ ਦੀ ਲੋੜ ਹੈ ਜੋ ਕਿ ਕੇਂਦਰੀਕਰਨ ਅਨੁਸਾਰ ਹੋਣਾ ਚਾਹੀਦਾ ਹੈ।

ਹੁਣ ਕੇਂਦਰੀਕਰਨ ਰਾਜ ਉਹ ਹਥਿਆਰ ਹੈ, ਜੋ ਕੁਝ ਲੋਕਾਂ ਲਈ ਆਪਣੀ ਜਮਾਂ ਵੱਡੀ ਪੂੰਜੀ ਨਾਲ ਆਪਣੀਆਂ ਇੱਛਾਵਾਂ ਪੂਰੀਆਂ ਕਰਨ ਦਾ ਅਵਸਰ ਪੈਦਾ ਕਰਦਾ ਹੈ।

# ਕਿਸਾਨ ਅੰਦੋਲਨ ਦਾ ਹੱਲ ਕੱਢਣ ਲਈ ਕੇਂਦਰ ਸੁਹਿਰਦ ਨਹੀਂ

## ✪ ਅੰਦੋਲਨ ਵਿਚੋਂ ਰਾਜਨੀਤਕ ਖ਼ਲਾਅ ਪੂਰਨ ਦੇ ਸੁਹਿਰਦ ਯਤਨ ਹੋਣ ✪ ਕੇਂਦਰ ਸਰਕਾਰ ਪੰਜਾਬ ਵਿਚ ਲਗਾ ਸਕਦੀ ਹੈ ਰਾਸ਼ਟਰਪਤੀ ਰਾਜ ✪ ਪੰਜਾਬੀਆਂ ਨੇ ਸਿਆਸੀ ਪਾਰਟੀਆਂ ਨੂੰ ਧਰਨੇ ਮੁਜ਼ਾਹਰਿਆਂ ਵਿੱਚੋਂ ਕੀਤਾ 'ਬੇ-ਦਖ਼ਲ'



- ਬਘੇਲ ਸਿੰਘ ਧਾਲੀਵਾਲ

99142-58142

ਪੰਜਾਬ ਅੰਦਰ ਚੱਲ ਰਹੇ ਕਿਸਾਨ ਅੰਦੋਲਨ ਨੇ ਕੇਂਦਰ ਸਰਕਾਰ ਨੂੰ ਇਹ ਦਰਸਾਉਣ ਵਿੱਚ ਸਫਲਤਾ ਹਾਸਲ ਕਰ ਲਈ ਹੈ ਕਿ ਪੰਜਾਬ ਦੇ ਲੋਕ ਇਸ ਵਾਰ ਆਰ-ਪਾਰ ਦੀ ਲੜਾਈ ਲੜਨ ਦਾ ਮਨ ਬਣਾ ਚੁੱਕੇ ਹਨ। ਪੰਜਾਬ ਦੇ ਕਿਸਾਨਾਂ ਦਾ ਇਹ ਅੰਦੋਲਨ ਪੰਜਾਬ ਦੀਆਂ ਲਟਕਦੀਆਂ ਹੱਕੀ ਮੰਗਾਂ, ਜਿਨਾਂ ਵਿੱਚ ਪੰਜਾਬ ਦੇ ਖੋਹੇ ਗਏ ਪਾਣੀ, ਬਿਜਲੀ, ਭਾਖੜਾ ਡੈਮ ਦਾ ਪ੍ਰਬੰਧ, ਪੰਜਾਬ ਦੀ ਰਾਜਧਾਨੀ ਚੰਡੀਗੜ, ਪੰਜਾਬੀ ਬੋਲਦੇ ਇਲਾਕੇ ਅਤੇ ਖ਼ੁਦਮੁਖ਼ਤਿਆਰੀ ਆਦਿ ਮੰਗਾਂ ਰਾਹੀਂ ਸਾਂਝਾ ਅੰਦੋਲਨ ਬਣਨ ਵੱਲ ਵਧ ਰਿਹਾ ਹੈ, ਜਿਸ ਦੀ ਚਿੰਤਾ ਕੇਂਦਰ ਨੂੰ ਘੁਣ ਵਾਂਗ ਖਾ ਰਹੀ ਹੈ ਤੇ ਪੰਜਾਬੀਆਂ ਦੇ ਇਸ ਅੰਦੋਲਨ ਨੂੰ ਫੇਲ ਕਰਨ ਦੀਆਂ ਸਾਜ਼ਿਸ਼ਾਂ ਵੀ ਸ਼ੁਰੂ ਹੋ ਚੁੱਕੀਆਂ ਹਨ। ਪਿਛਲੇ ਦਿਨੀਂ ਕੇਂਦਰ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਗੱਲਬਾਤ ਲਈ ਬੁਲਾਉਣਾ, ਪਰ ਗੱਲਬਾਤ ਕਰਨ ਲਈ ਪ੍ਰਧਾਨ ਮੰਤਰੀ ਜਾਂ ਕਿਸੇ ਵੀ ਜ਼ਿੰਮੇਵਾਰ ਮੰਤਰੀ ਦਾ ਕਿਸਾਨਾਂ ਦੀ ਮੀਟਿੰਗ ਵਿੱਚ ਨਾ ਆਉਣਾ ਦਰਸਾਉਂਦਾ ਹੈ ਕਿ ਕੇਂਦਰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਸੁਹਿਰਦ ਨਹੀਂ ਹੈ, ਬਲਕਿ ਉਹ ਅਜਿਹਾ ਕਰਕੇ ਪੰਜਾਬ ਦੀ ਗ਼ੈਰਤ ਨੂੰ ਪਰਖ ਰਿਹਾ ਪ੍ਰਤੀਤ ਹੁੰਦਾ ਹੈ। ਅਜ਼ਾਦੀ ਤੋਂ ਬਾਅਦ ਪੰਜਾਬ ਦੇ ਹਿਤਾਂ ਲਈ ਲੱਗੇ ਮੋਰਚਿਆਂ ਅਤੇ ਵੱਖ ਵੱਖ ਹਥਿਆਰਬੰਦ ਘੋਲਾਂ ਦੇ ਮਿਲੇ ਤਜਰਬਿਆਂ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਬਹੁਤਾ ਮੁਸ਼ਕਲ ਨਹੀਂ ਕਿ ਭਾਰਤੀ ਸਿਸਟਮ ਪੰਜਾਬ ਦੇ ਕਿਸਾਨੀ ਅੰਦੋਲਨ ਸਮੇਤ ਦੇਸ਼ ਦੇ ਕਿਸੇ ਵੀ ਹੱਕੀ ਸੰਘਰਸ਼ ਨੂੰ ਕਾਮਯਾਬ ਨਹੀਂ ਹੋਣ ਦੇਵੇਗਾ। ਜੇਕਰ ਗੱਲ ਪੰਜਾਬ ਦੀ ਕੀਤੀ ਜਾਵੇ ਤਾਂ ਇੱਥੋਂ ਦੇ ਹਾਲਾਤ ਬਾਕੀ ਦੇਸ਼ ਤੋ ਬਿਲਕੁਲ ਵੱਖਰੇ ਹਨ। ਜੰਮੂ, ਕਸ਼ਮੀਰ ਤੋ ਬਾਅਦ ਭਾਰਤ ਦੇਸ਼ ਅੰਦਰ ਪੰਜਾਬ ਹੀ ਇੱਕੋ ਇੱਕ ਅਜਿਹਾ ਸੂਬਾ ਹੈ, ਜਿਹੜਾ ਕੇਂਦਰ ਦੀਆਂ ਅੱਖਾਂ ਵਿੱਚ ਇਸ ਕਦਰ ਰੜਕ ਰਿਹਾ ਹੈ ਕਿ ਹਾਕਮ ਪੰਜਾਬ ਦੀ ਬਰਬਾਦੀ ਦੀ ਮੁੜ ਤੋਂ ਤਵਾਰੀਖ ਲਿਖਣ ਦੀਆਂ ਵਿਉਂਤਾਂ ਬਣਾਉਣ ਲੱਗੇ ਹਨ। ਇੱਕ ਪਾਸੇ ਪੰਜਾਬ ਦੀ ਗ਼ੈਰਤ ਕਿਸਾਨੀ ਅੰਦੋਲਨ ਦੇ ਨਾਮ ਹੇਠ ਆਪਣੀ ਹੋਂਦ ਦੀ ਲੜਾਈ ਲੜਨ ਜਾ ਰਹੀ ਹੈ ਤੇ ਦੂਜੇ ਪਾਸੇ ਕੇਂਦਰੀ ਤਾਕਤਾਂ ਪੰਜਾਬੀ ਗ਼ੈਰਤ ਨੂੰ ਸਬਕ ਸਿਖਾਉਣ ਲਈ ਤਰਲੋਮੱਛੀ ਹੋ ਰਹੀਆਂ ਹਨ, ਤਾਂ ਕਿ ਮੁੜ ਕੋਈ ਪੰਜਾਬ ਦੇ ਹਿਤਾਂ ਦੀ ਗੱਲ ਕਰਨ ਦੀ ਹਿੰਮਤ ਹੀ ਨਾ ਕਰ ਸਕੇ। ਜੇਕਰ ਅਜਿਹਾ ਹੁੰਦਾ ਹੈ ਤਾਂ ਪੰਜਾਬ ਨੂੰ ਇੱਕ ਵਾਰ ਫਿਰ ਅਜਿਹੇ ਇਮਤਿਹਾਨ ਵਿਚੋਂ ਲੰਘਣ ਲਈ ਤਿਆਰ ਰਹਿਣਾ ਪਵੇਗਾ, ਜਿਸ ਦੀ ਤਿਆਰੀ ਲਈ ਵੀ ਕੋਈ ਸਮਾਂ ਨਹੀਂ ਦਿੱਤਾ ਜਾਵੇਗਾ। ਭਾਵੇਂ; ਕਿਸਾਨ ਅੰਦੋਲਨ ਪੂਰੇ ਮੁਲਕ ਦੇ ਕਿਸਾਨਾਂ ਦੇ ਹਿਤਾਂ ਲਈ ਲੜਿਆ ਜਾ ਰਿਹਾ ਹੈ, ਪਰ ਕਿਸਾਨੀ ਸੰਘਰਸ਼ ਦੀ ਅਗਵਾਈ ਇਸ ਸਮੇਂ ਪੰਜਾਬ ਦੇ ਹੱਥ ਹੈ। ਪੰਜਾਬ ਦੀ ਇਹ ਅਗਵਾਈ ਵਾਲੀ ਭਾਵਨਾ ਹੀ ਕੇਂਦਰੀ ਤਾਕਤਾਂ ਲਈ ਅਸਹਿ ਬਣੀ ਹੋਈ



ਹੈ , ਕਿਉਂਕਿ ਬਹੁਤ ਚਤੁਰ , ਚਲਾਕ ਦਿੱਲੀ ਇਹ ਭਲੀ ਭਾਂਤ ਸਮਝਦੀ ਹੈ ਕਿ ਅਗਵਾਈ ਦੀ ਭਾਵਨਾ ਉਨਾਂ ਦੇ ਬਾਦਸ਼ਾਹੀ ਖ਼ੂਨ ਵਿੱਚ ਹੈ, ਕਿਉਂਕਿ ਰਾਜ ਕਰਨ ਦਾ ਜਨਮ ਸਿੱਧ ਅਧਿਕਾਰ ਗੁਰੂ ਸਾਹਿਬਾਂ ਨੇ ਆਪਣੇ ਸਿੱਖਾਂ ਨੂੰ ਦਿੱਤਾ ਹੋਇਆ ਹੈ। ਇਸ ਜਨਮ ਸਿੱਧ ਅਧਿਕਾਰ ਦੀ ਬਦੌਲਤ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਪਹਿਲਾ ਖ਼ਾਲਸਾ ਰਾਜ ਸਥਾਪਤ ਕੀਤਾ ਤੇ ਕਿਸਾਨਾਂ ਨੂੰ ਜ਼ਮੀਨ ਮਾਲਕੀ ਦੇ ਹੱਕ ਦਿੱਤੇ। ਇਹ ਜਨਮ ਸਿੱਧ ਅਧਿਕਾਰਾਂ ਦੀ ਬਦੌਲਤ ਹੀ ਖ਼ਾਲਸੇ ਨੇ ਬਾਰਾਂ ਮਿਸਲਾਂ ਕਾਇਮ ਕਰਕੇ ਆਪਣੋ-ਆਪਣੇ ਇਲਾਕੇ ਵਿੱਚ ਆਪਣੀ ਚੌਧਰ ਸਥਾਪਤ ਕੀਤੀ ਅਤੇ ਇਨਾਂ ਜਨਮ ਸਿੱਧ ਅਧਿਕਾਰਾਂ ਦੀ ਬਦੌਲਤ ਹੀ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਗੁਰੂ ਦੇ ਖ਼ਾਲਸੇ ਨੇ ਅਜਿਹਾ ਵਿਸ਼ਾਲ ਹਲੇਮੀ ਰਾਜ ਸਥਾਪਤ ਕੀਤਾ, ਜਿਹੜਾ ਦੁਨੀਆ ਲਈ ਮਿਸਾਲ ਬਣ ਗਿਆ। ਸੋ; ਜਿਹੜੀ ਕੌਮ ਨੇ ਲਗਾਤਾਰ ਪੰਜਾਹ ਸਾਲ ਅਜਿਹੇ ਰਾਜ ਭਾਗ ਦਾ ਅਨੰਦ ਮਾਣਿਆ ਹੋਵੇ, ਜਿਸ ਵਿੱਚ ਨਸਲੀ ਜਾਂ ਜਾਤ-ਪਾਤ ਦੇ ਅਧਾਰ ਤੇ ਭੇਦ-ਭਾਵ ਨਾਮ ਦੀ ਕੋਈ ਚੀਜ਼ ਨਹੀਂ ਸੀ, ਸਾਰੇ ਧਰਮਾਂ ਦਾ ਬਰਾਬਰ ਦਾ ਸਤਿਕਾਰ ਕਾਇਮ ਰੱਖਣਾ ਖ਼ਾਲਸਾ ਰਾਜ ਦੇ ਫ਼ਰਜ਼ਾਂ ਵਿੱਚ ਸ਼ਾਮਲ ਸੀ, ਜਿਸ ਦੀ ਬਦੌਲਤ ਖ਼ਾਲਸਾ ਰਾਜ ਦੀ ਵਿਲੱਖਣਤਾ ਦੁਨੀਆ ਲਈ ਚਾਨਣ ਮੁਨਾਰਾ ਬਣ ਗਈ। ਸੋ; ਅਜਿਹੇ ਸਾਂਝੀਵਾਲਤਾ ਦੇ ਮੁਦਈ ਪੁਰਖਿਆਂ ਦੀ ਸੰਤਾਨ ਕਿਸੇ ਵੀ ਸੰਘਰਸ਼ ਦੀ ਅਗਵਾਈ ਦੀ ਤਾਂਘ ਨਾ ਰੱਖੇ, ਇਹ ਕਿਵੇਂ ਸੰਭਵ ਹੋ ਸਕਦਾ ਹੈ, ਪ੍ਰੰਤੂ ਇਹ ਵੀ ਸੱਚ ਹੈ ਕਿ ਪੰਜਾਬੀ ਕੌਮ ਦੀ ਇਸ ਅਗਵਾਈ ਵਾਲੀ ਭਾਵਨਾ ਨੂੰ ਖ਼ਤਮ ਕਰਨਾ ਹੀ ਦਿੱਲੀ ਦਾ ਇੱਕੋ ਇੱਕ ਟੀਚਾ ਹੈ। ਕਿਸਾਨੀ ਘੋਲਾਂ ਨੇ ਜਿਵੇਂ-ਜਿਵੇਂ ਰਫ਼ਤਾਰ ਫੜੀ, ਤਿਉਂ-ਤਿਉਂ ਹੀ ਦਿੱਲੀ ਇਸ ਸੰਘਰਸ਼ ਨੂੰ ਫੇਲ ਕਰਨ ਦੇ ਪੈਂਤੜੇ ਤਹਿ ਕਰ ਰਹੀ ਹੈ। ਸਿਆਸੀ ਮਾਹਿਰਾਂ ਅਤੇ ਰਾਜ ਸੱਤਾ ਦੇ ਜਾਣਕਾਰਾਂ ਵੱਲੋਂ ਇਹ ਖ਼ਦਸ਼ਾ ਵੀ ਪਰਗਟ ਕੀਤਾ ਜਾ ਰਿਹਾ ਹੈ ਕਿ ਕਿਸਾਨੀ ਸੰਘਰਸ਼ ਨੂੰ ਫੇਲ ਕਰਨ ਲਈ ਏਜੰਸੀਆਂ ਕੋਈ ਖ਼ਤਰਨਾਕ ਚਾਲ ਵੀ ਚੱਲ ਸਕਦੀਆਂ ਹਨ, ਇਹ ਖ਼ਦਸ਼ਾ ਕੋਈ ਗ਼ਲਤ ਵੀ ਨਹੀਂ ਹੈ, ਕਿਉਂਕਿ ਏਜੰਸੀਆਂ ਹਰ ਇੱਕ ਸੰਘਰਸ਼ 'ਚ ਘੁਸਪੈਠ ਕਰਕੇ ਅਜਿਹੇ ਹੱਥਕੰਡੇ ਵਰਤਦੀਆਂ ਹਨ, ਜਿਸ ਨਾਲ ਸਿਖ਼ਰਾਂ ਤੇ ਪਹੁੰਚੇ ਸੰਘਰਸ਼ ਵੀ ਢਹਿ ਢੇਰੀ ਹੋ ਜਾਂਦੇ ਹਨ, ਇਹ ਸਮੱਸਿਆ ਹੋਰ ਹੱਥਕੰਡਿਆਂ ਤੋਂ ਬੇਹੱਦ ਪੇਚੀਦਾ ਹੈ। ਲੋਕ ਮਨਾਂ ਵਿਚ ਇਹ ਸੁਆਲ ਵੀ ਵਾਰ ਵਾਰ ਉੱਠਦਾ ਹੈ ਕਿ ਏਜੰਸੀਆਂ ਅਜਿਹਾ ਕਿਵੇਂ ਕਰ ਸਕਦੀਆਂ ਹਨ, ਇਸ ਲਈ ਇੱਥੇ ਇਹ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਏਜੰਸੀਆਂ ਆਪ ਕੁੱਝ ਵੀ ਨਹੀਂ ਕਰਦੀਆਂ, ਬਲਕਿ ਉਨਾਂ ਦੁਆਰਾ ਖ਼ਰੀਦ ਕੀਤੇ ਵਿਅਕਤੀ ਸੰਘਰਸ਼ਾਂ ਵਿਚ ਸ਼ਾਮਲ ਹੁੰਦੇ ਹਨ, ਜਿਹੜੇ ਆਗੂਆਂ ਨਾਲ ਨੇੜਤਾ ਵਧਾ ਕੇ ਸੰਘਰਸ਼ ਦਾ ਰੁੱਖ ਅਜਿਹੇ ਪਾਸੇ ਨੂੰ ਮੋੜ ਦਿੰਦੇ ਹਨ , ਜਿਸ ਪਾਸੇ ਗੜਬੜੀ, ਹਿੰਸਾ ਆਦਿ ਹੋਣ ਦੇ ਜ਼ਿਆਦਾ ਆਸਾਰ ਬਣ ਜਾਂਦੇ ਹਨ, ਜਿੰਨਾ ਦਾ ਫ਼ਾਇਦਾ ਉਠਾ ਕੇ ਸੰਘਰਸ਼ਾਂ ਦੀ ਦਿਸ਼ਾ ਹੀ ਤਬਦੀਲ ਕਰ ਦਿੱਤੀ ਜਾਂਦੀ ਹੈ, ਜਿਸ ਨੂੰ ਕੁਚਲਨ ਦਾ ਰਾਹ ਪੱਧਰਾ ਹੋ ਜਾਂਦਾ ਹੈ, ਸਰਕਾਰਾਂ ਨੂੰ ਸਖ਼ਤੀ ਕਰਨ ਦਾ ਬਹਾਨਾ ਮਿਲ ਜਾਂਦਾ ਹੈ। ਕਿਸਾਨ ਜਥੇਬੰਦੀਆਂ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਆਗੂਆਂ ਦੇ ਘਰ ਘੇਰਨ ਦੀ ਸ਼ੁਰੂ ਕੀਤੀ ਗਈ ਮੁਹਿੰਮ ਵੀ ਬਹੁਤ ਸੰਵੇਦਨਸ਼ੀਲ ਕਿਰਿਆ ਹੈ, ਜਿਸ ਨੂੰ ਬਹੁਤ ਸਮਝਦਾਰੀ ਅਤੇ ਸਾਵਧਾਨੀ ਨਾਲ ਅੱਗੇ ਵਧਾਇਆ ਜਾਣਾ ਚਾਹੀਦਾ ਹੈ, ਕਿਉਂਕਿ ਕਿਸਾਨਾਂ ਦਾ ਇਹ ਪੈਂਤੜਾ ਏਜੰਸੀਆਂ ਲਈ ਬਹੁਤ ਜਲਦੀ ਰਾਸ ਆਉਣ ਵਾਲਾ ਹੈ। ਇਹ ਵੀ ਚਰਚਾ ਜ਼ੋਰਾਂ 'ਤੇ ਹੈ ਕਿ ਕੇਂਦਰੀ ਹਕੂਮਤ ਪੰਜਾਬ ਦੇ ਕਿਸਾਨ ਅੰਦੋਲਨ ਨੂੰ ਸਖ਼ਤੀ ਨਾਲ ਦਬਾਉਣ ਲਈ ਇੱਥੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਤੋੜ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਸਕਦੀ ਹੈ ਜਾਂ ਕੈਪਟਨ ਨੂੰ ਮੋਹਰਾ ਬਣਾ ਕੇ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦੀ ਖੇਡ ਵੀ ਖੇਡ ਸਕਦੀ ਹੈ, ਭਾਵ ਕੈਪਟਨ ਤੋਂ ਸਖ਼ਤੀ ਕਰਵਾ ਕੇ ਕਾਂਗਰਸ ਦਾ ਵਜੂਦ ਪੰਜਾਬ ਵਿਚੋਂ ਹਮੇਸ਼ਾ ਲਈ ਖ਼ਤਮ ਕਰਵਾ ਸਕਦੀ ਹੈ। ਜੇਕਰ ਕੈਪਟਨ ਸਰਕਾਰ ਅਜਿਹਾ ਕਦਮ ਚੁੱਕਣ ਤੋਂ ਗੁਰੇਜ਼ ਕਰਦੀ ਹੈ, ਤਾਂ ਕਿ ਕੇਂਦਰ ਸਰਕਾਰ ਪੰਜਾਬ ਨੂੰ ਰਾਸ਼ਟਰਪਤੀ ਦੇ ਹਵਾਲੇ ਕਰਨ ਤੋਂ ਗੁਰੇਜ਼ ਕਰੇ ।ਕੇਂਦਰ ਦੀ ਸੋਚ ਹਮੇਸ਼ਾ ਹੀ ਪੰਜਾਬ ਪ੍ਰਤੀ ਦੂਜੇ ਸੂਬਿਆਂ ਦੇ ਮੁਕਾਬਲੇ ਬੇਗਾਨਗੀ ਅਤੇ ਕਰੂਰਤਾ ਵਾਲੀ ਰਹੀ ਹੈ। ਭਾਵੇਂ ਕਿਸਾਨ ਅੰਦੋਲਨ ਹਰਿਆਣੇ ਵਿੱਚ ਵੀ ਚੱਲ ਰਿਹਾ ਹੈ, ਇਸ ਦੇ ਬਾਵਜੂਦ ਵੀ ਕੇਂਦਰ ਹਰਿਆਣੇ ਵਿੱਚ ਅਜਿਹੀ ਕੋਈ ਵੀ ਗੈਰ ਮਨੁੱਖੀ ਕਾਰਵਾਈ ਨਹੀਂ ਕਰੇਗਾ, ਜਿਹੜੀ ਉਹ ਪੰਜਾਬ ਵਿੱਚ ਕਰਨ ਲਈ ਬਹੁਤ ਕਾਹਲਾ ਹੈ। ਕੇਂਦਰ ਸਰਕਾਰ ਦੀਆਂ ਸਾਜ਼ਿਸ਼ਾਂ ਦੇ ਮੱਦੇਨਜ਼ਰ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਨੂੰ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਹੋਵੇਗਾ ਕਿ ਅੰਦੋਲਨ ਨੂੰ ਕਿਸੇ ਵੀ ਕੀਮਤ ਤੇ ਹਿੰਸਕ ਹੋਣ ਤੋ ਬਚਾਉਣਾ ਹੋਵੇਗਾ।ਜੇਕਰ ਕਿਸਾਨੀ ਸੰਘਰਸ਼ ਏਜੰਸੀਆਂ ਦੀ ਭੇਂਟ ਚੜ ਕੇ ਹਿੰਸਾ ਵੱਲ ਹੋ ਤੁਰਦਾ ਹੈ, ਤਾਂ ਉਹ ਦਿਨ ਬਹੁਤ ਦੂਰ ਨਹੀਂ ਰਹਿਣੇ ਜਦੋਂ ਦੇਖਦੇ ਹੀ ਦੇਖਦੇ ਪੰਜਾਬ ਅੱਗ ਦੇ ਭਾਂਬੜ ਵਾਂਗ ਬਲਨ ਲੱਗੇਗਾ, ਇਸ ਲਈ ਕੇਂਦਰੀ ਤਾਕਤਾਂ ਨੂੰ ਆਪਣੇ ਨਾਪਾਕ ਇਰਾਦਿਆਂ ਵਿੱਚ ਸਫਲ ਹੋਣ ਤੋਂ ਰੋਕਣ ਲਈ ਜਿੱਥੇ ਏਕੇ ਨੂੰ ਬਣਾਈ ਰੱਖਣਾ ਜ਼ਰੂਰੀ ਹੈ, ਓਥੇ ਉਨਾਂ ਕਾਲੀਆਂ ਭੇਡਾਂ ਤੋ ਵੀ ਸੁਚੇਤ ਰਹਿਣਾ ਹੋਵੇਗਾ, ਜਿਹੜੀਆਂ ਕਿਸੇ ਵੀ ਮੋੜ ਉੱਪਰ ਮੁੱਲ ਵਟਣ ਲਈ ਕੇਂਦਰ ਦੇ ਹੱਕ ਵਿੱਚ ਭੁਗਤਣ ਦਾ ਮੌਕਾ ਤਲਾਸ਼ ਰਹੀਆਂ ਹਨ। ਜੇਕਰ ਗੱਲ ਰਾਜਨੀਤਕ ਪਾਰਟੀਆਂ ਦੀ ਕੀਤੀ ਜਾਵੇ, ਕਿਸਾਨ ਅੰਦੋਲਨ ਨੇ ਸਿਆਸੀ ਪਾਰਟੀਆਂ ਦਾ ਅਸਲ ਸੱਚ ਜੱਗ ਜਾਹਰ ਕਰ ਦਿੱਤਾ ਹੈ। ਲੋਕ ਇਹ ਚੰਗੀ ਤਰਾਂ ਸਮਝ ਗਏ ਹਨ ਕਿ ਮੌਜੂਦਾ ਰਵਾਇਤੀ ਸਿਆਸੀ ਪਾਰਟੀਆਂ ਪੰਜਾਬ ਦਾ ਕੁੱਝ ਵੀ ਸੰਵਾਰ ਨਹੀਂ ਸਕਦੀਆਂ, ਸਿਵਾਏ ਆਪਣੇ ਘਰ ਭਰਨ ਤੋਂ। ਸਿਆਸੀ ਆਗੂਆਂ ਨੂੰ ਥਾਂ ਥਾਂ ਘੇਰ ਕੇ ਲੋਕ ਸਵਾਲ ਪੁੱਛਣ ਲੱਗੇ ਹਨ, ਕਿਉਂਕਿ ਲੋਕ ਹੁਣ ਇਹ ਚੰਗੀ ਤਰਾਂ ਸਮਝ ਚੁੱਕੇ ਹਨ ਕਿ ਕਿਸੇ ਵੀ ਰਵਾਇਤੀ ਸਿਆਸੀ ਪਾਰਟੀ ਤੋਂ ਪੰਜਾਬ ਦੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਸੋ ਇਹ ਰਾਜਨੀਤਕ ਖ਼ਲਾਅ ਭਰਨ ਲਈ ਵੀ ਯਤਨ ਹੋਣੇ ਚਾਹੀਦੇ ਹਨ। ਇਹ ਅੰਦੋਲਨ ਨੂੰ ਜਿੱਥੇ ਕਿਸਾਨੀ ਮੁੱਦਿਆਂ ਸਮੇਤ ਪੰਜਾਬ ਦੇ ਹੱਕਾਂ ਦੀ ਲੜਾਈ ਵਜੋਂ ਲੜਨਾ ਚਾਹੀਦਾ ਹੈ, ਓਥੇ ਇੱਕ ਅਜਿਹਾ ਰਾਜਨੀਤਕ ਬਦਲ ਵੀ ਪੈਦਾ ਕਰਨ ਦੀ ਲੋੜ ਹੈ, ਜਿਸ ਦੇ ਹੱਥ ਸੱਤਾ ਦੇ ਕੇ ਪੰਜਾਬ ਦੇ ਹਿਤਾਂ ਨੂੰ ਮਹਿਫ਼ੂਜ਼ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਜਾ ਸਕੇ।

# ਪੜਤਾਲੀਆ ਕਮਿਸ਼ਨ ਦੀ 328 ਲਾਪਤਾ ਪਾਵਨ ਸਰੂਪਾਂ ਦੀ ਰਿਪੋਰਟ ਅਕਾਲੀ ਸਿਆਸਤ ਤੋਂ ਪ੍ਰੇਰਿਤ - ਜਥੇਦਾਰ ਹਵਾਰਾ ਕਮੇਟੀ

**ਅੰਮ੍ਰਿਤਸਰ/ਪ੍ਰੋ ਬਲਜਿੰਦਰ ਸਿੰਘ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿੱਚੋਂ 328 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਘੱਟ ਹੋਣ ਸਬੰਧੀ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਥਾਪਤ ਕੀਤੇ ਗਏ ਪੜਤਾਲੀਆ ਕਮਿਸ਼ਨ ਦੀ 1100 ਪੰਨਿਆਂ ਦੀ ਰਿਪੋਰਟ ਵਾਚਣ ਉਪਰੰਤ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਇਸ ਨੂੰ ਸਿਆਸੀ ਆਕਾਵਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਮਿੱਥ ਕੇ ਘੜੀ ਗਈ ਰਿਪੋਰਟ ਕਰਾਰ ਦਿੱਤਾ ਹੈ।

ਹਵਾਰਾ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਕੀਤੀ ਸ਼ਿਕਾਇਤ ਦਾ ਇਨਸਾਫ਼ ਦੇਣ ਵਿੱਚ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਅਸਫਲ ਰਹੀ ਹੈ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਜਾਂਚ ਕਮਿਸ਼ਨ ਆਪਣੀ ਰਿਪੋਰਟ ਦੇ ਪੰਨਾ ਨੰਬਰ 288 ਤੇ ਪਾਵਨ ਸਰੂਪ ਕਿੱਥੇ ਗਏ ? ਦੇ ਸਿਰਲੇਖ ਹੇਠ ਆਪਣੀ ਜਾਂਚ ਦੀ ਅਸਫਲਤਾ ਨੂੰ ਸਵੀਕਾਰ ਕਰਦਿਆਂ ਹੋਇਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਉਹ ਇਹ ਪਤਾ ਕਰਨ ਦਾ ਯਤਨ ਕਰੇ ਕਿ ਸਬੰਧਤ ਪਾਵਨ ਸਰੂਪ ਕਿਹੜੀਆਂ ਗੁਰਦੁਆਰਾ ਕਮੇਟੀਆਂ/ ਸੰਗਤਾਂ ਨੂੰ ਬਿਨਾਂ ਬਿੱਲ ਕੱਟਿਆਂ ਦਿੱਤੇ ਗਏ ਹਨ। ਕਮੇਟੀ ਆਗੂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋਫ਼ੈਸਰ ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ, ਐਡਵੋਕੇਟ ਦਿਲਸ਼ੇਰ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ, ਸੁਖਰਾਜ ਸਿੰਘ ਵੇਰਕਾ, ਬਲਜੀਤ ਸਿੰਘ ਭਾਊ, ਜਸਪਾਲ ਸਿੰਘ ਪੁਤਲੀਘਰ ਆਦਿ ਨੇ ਕਿਹਾ ਕਿ ਪੜਤਾਲੀਆ ਕਮਿਸ਼ਨ ਨੇ 55 ਕਰਮਚਾਰੀਆਂ/ਅਧਿਕਾਰੀਆਂ, ਸੰਗਤਾਂ ਤੋਂ ਲਿਖਤੀ ਬਿਆਨ ਲਏ ਹਨ, ਜਿਨਾਂ ਦੇ ਹਰ ਪੰਨੇ 'ਤੇ ਬਿਆਨ ਕਰਤਾ ਦੇ ਦਸਤਖ਼ਤ ਹਨ। ਪਰ 1100 ਪੰਨਿਆਂ ਦੀ ਰਿਪੋਰਟ ਤੇ ਜਾਂਚ ਕਮਿਸ਼ਨ ਦੇ ਮੈਂਬਰਾਂ ਨੇ ਦਸਤਖ਼ਤ ਕੇਵਲ ਅਖੀਰਲੇ ਪੰਨੇ ਤੇ ਕੀਤੇ ਹਨ। ਜਿਸ ਤੋਂ ਰਿਪੋਰਟ ਦੇ ਤਬਦੀਲ ਹੋਣ ਦਾ ਖ਼ਦਸ਼ਾ ਜ਼ਾਹਿਰ ਹੁੰਦਾ ਹੈ। ਜਾਂਚ ਰਿਪੋਰਟ ਅਨੁਸਾਰ, ਲਾਪਤਾ 328 ਪਾਵਨ ਸਰੂਪਾਂ ਵਿੱਚ ਵੱਡੇ ਆਕਾਰ ਦੇ 93 ਸਰੂਪ, ਦਰਮਿਆਨੇ ਆਕਾਰ ਦੇ 232 ਸਰੂਪ ਅਤੇ ਲੜੀਵਾਰ 3 ਸਰੂਪ ਸ਼ਾਮਿਲ ਹਨ। ਇਹ ਸਰੂਪ ਅਗਸਤ 2015 ਤੋਂ ਲਾਪਤਾ ਹਨ।

ਦੁੱਖ ਦੀ ਗੱਲ ਤਾਂ ਇਹ ਹੈ ਕਿ ਜਾਂਚ ਕਮਿਸ਼ਨ ਨੇ ਮੌਜੂਦਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਬਾਦਲਾਂ ਨੂੰ ਤਫ਼ਤੀਸ਼ ਵਿੱਚ ਸ਼ਾਮਲ ਹੀ ਨਹੀਂ ਕੀਤਾ। ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਮਈ 2016 ਨੂੰ ਅੱਗ ਕਾਰਨ ਨੁਕਸਾਨੇ ਗਏ 80 ਸਰੂਪਾਂ ਸਬੰਧੀ ਦਿੱਤਾ ਬਿਆਨ ਹੈਰਾਨੀਜਨਕ ਹੈ ਕਿ ਉਨਾਂ ਨੂੰ ਇਸ ਘਟਨਾ ਦੀ ਜਾਣਕਾਰੀ 15-20 ਦਿਨਾਂ ਬਾਅਦ ਮਿਲੀ ਤਾਂ ਉਹ ਮੌਕਾ ਦੇਖਣ ਗਏ ਸਨ ਇਸ ਦੇ ਬਾਵਜੂਦ ਵੀ ਉਨਾਂ ਨੇ ਆਪਣੀ ਧਾਰਮਿਕ ਜ਼ਿੰਮੇਵਾਰੀ ਨਿਭਾਉਣ ਲਈ ਕੋਈ ਕਦਮ ਨਹੀਂ ਚੁੱਕਿਆ।

ਇੱਥੇ ਇਹ ਵਰਨਣਯੋਗ ਹੈ ਕਿ ਮਈ 2016 ਵਿੱਚ ਅਗਨੀ ਕਾਂਡ ਨਾਲ ਨੁਕਸਾਨੇ ਗਏ 80 ਸਰੂਪਾਂ ਦੇ ਮਾਮਲੇ ਨੂੰ ਬਾਦਲਾਂ ਦੇ ਕਹਿਣ ਤੇ ਜਨਤਕ ਨਹੀਂ ਹੋਣ ਦਿੱਤਾ ਗਿਆ ਕਿਉਂਕਿ 2017 ਵਿੱਚ ਪੰਜਾਬ ਵਿੱਚ ਚੋਣਾਂ ਹੋਣੀਆਂ ਸਨ। ਬਾਦਲਾਂ ਵੱਲੋਂ ਨਿਯੁਕਤ ਚਾਰਟਰਡ ਅਕਾਊਂਟੈਂਟ ਐੱਸ ਐੱਸ ਕੋਹਲੀ ਨੇ ਗੈਰ ਜ਼ਿੰਮੇਵਾਰੀ ਦੀ ਭੂਮਿਕਾ ਅਦਾ ਕੀਤੀ ਹੈ। ਉਸ ਨੇ 2011 ਤੋਂ 2019 ਤਕ ਕੇਵਲ ਇੱਕ ਹੀ ਰਿਪੋਰਟ ਦਿੱਤੀ ਹੈ। ਉਸ ਨੇ ਕਦੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਟਾਕ ਲੇਜ਼ਰ ਦਾ ਮਿਲਾਣ ਅਸਲ ਰਿਕਾਰਡ ਨਾਲ ਨਹੀਂ ਮਿਲਾਇਆ। ਕਮੇਟੀ ਅਨੁਸਾਰ, ਇਸ ਜਾਂਚ ਵਿੱਚ ਸਿਆਸਤਦਾਨਾਂ, ਸ਼੍ਰੋਮਣੀ ਕਮੇਟੀ ਅਤੇ ਗਿਆਨੀ ਹਰਪ੍ਰੀਤ ਸਿੰਘ ਦੀ ਮਿਲੀ ਭੁਗਤ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜਾਂਚ ਲਈ ਢਾਲ ਬਣਾ ਕੇ ਵਰਤਿਆ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਦੋਸ਼ੀਆਂ ਖ਼ਿਲਾਫ਼ ਫ਼ੌਜਦਾਰੀ ਮਾਮਲੇ ਦਰਜ ਕਰਵਾਉਣ ਤੋਂ ਮੁੱਕਰ ਜਾਣਾ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸੁਝਾਵਾਂ ਦਾ ਦਿਖਾਵਾ ਕਰਕੇ ਮਾਮਲੇ ਨੂੰ ਰਫ਼ਾ ਦਫ਼ਾ ਕਰਨਾ ਪੰਥ ਨਾਲ ਬੇਵਫ਼ਾਈ ਹੈ। ਮੋਰਚੇ ਤੇ ਬੈਠੇ ਸਿੰਘਾਂ ਦੀ ਮੰਗਾਂ ਦੀ ਹਮਾਇਤ ਕਰਦਿਆਂ ਹਵਾਰਾ ਕਮੇਟੀ ਨੇ ਕਿਹਾ ਕਿ ਦੋਸ਼ੀਆਂ ਖ਼ਿਲਾਫ਼ ਫ਼ੌਜਦਾਰੀ ਪਰਚੇ ਦਰਜ ਹੋਣੇ ਚਾਹੀਦੇ ਹਨ।

# ਬਿਹਾਰ ਵਿੱਚ ਵੋਟਾਂ ਪੈਣ ਦਾ ਸਮਾਂ, ਦੋ ਹਫ਼ਤਿਆਂ ਤੋਂ ਵੀ ਰਹਿ ਗਿਆ ਘੱਟ

## ✪ ਨਾਮਜ਼ਦਗੀਆਂ ਤੋਂ ਬਾਅਦ ਚੋਣ ਪ੍ਰਚਾਰ ਵਿਚ ਤੇਜ਼ੀ ✪ ਭਾਜਪਾ ਵੱਲੋਂ ਨਿਤੀਸ਼ ਦੀ ਸਿਆਸੀ ਹੋਂਦ ਨੂੰ ਖ਼ਤਮ ਕਰਨ ਦੀਆਂ ਤਿਆਰੀਆਂ

- ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ



ਗ਼ਰੀਬ ਅਤੇ ਬਾਰਾਂ ਕਰੋੜ ਅਬਾਦੀ ਵਾਲੇ ਸੂਬੇ ਬਿਹਾਰ ਵਿੱਚ ਪਹਿਲੇ ਪੜਾਅ ਦੀਆਂ ਵੋਟਾਂ ਪੈਣ ਦਾ ਸਮਾਂ ਦੋ ਹਫ਼ਤਿਆਂ ਤੋਂ ਵੀ ਘੱਟ ਰਹਿ ਗਿਆ ਹੈ। ਨਾਮਜ਼ਦਗੀਆਂ ਤੋਂ ਬਾਅਦ ਚੋਣ ਪ੍ਰਚਾਰ ਤੇਜ਼ੀ ਫੜ ਰਿਹਾ ਹੈ। ਕੋਰੋਨਾ ਮਹਾਂਮਾਰੀ ਦੌਰਾਨ ਵਿਰੋਧੀ ਪਾਰਟੀਆਂ ਸਮੇਤ ਗ਼ਰੀਬ ਜਨਤਾ ਦੀ ਪੁਰਜ਼ੋਰ ਮੰਗ ਕਿ ਅਜੇ ਬਿਹਾਰ ਵਿੱਚ ਚੋਣਾਂ ਨਾ ਕਰਾਈਆਂ ਜਾਣ, ਨੂੰ ਠੁਕਰਾ ਕੇ ਦਿੱਲੀ ਵਿੱਚ ਬੈਠੀ ਭਾਜਪਾ (ਐੱਨ ਡੀ ਏ) ਸਰਕਾਰ ਅਤੇ ਪਿਛਲੇ ਪੰਦਰਾਂ ਸਾਲ ਤੋਂ ਰਾਜ ਕਰਦੀਆਂ ਪਾਰਟੀਆਂ ਨੇ ਅਜਿਹੇ ਸਮੇਂ ਨੂੰ ਆਪਣੇ ਲਈ ਢੁਕਵਾਂ ਸਮਝਦੇ ਹੋਏ, ਕੋਰੋਨਾ, ਭੁੱਖਮਰੀ, ਗ਼ਰੀਬੀ, ਬੇਰੁਜ਼ਗਾਰੀ, ਹੜਾਂ ਆਦਿ ਬਿਪਤਾ ਦੇ ਸਮੇਂ ਚੋਣਾਂ ਦਾ ਐਲਾਨ ਕਰਾ ਦਿੱਤਾ। ਅਗਲੀ ਗੱਲ ਵੱਖਰੀ ਹੈ ਕਿ ਰਾਜ ਕਰਦੇ ਗੱਠਜੋੜ ਨੇ ਜਿੰਨਾ ਇਨਾਂ ਚੋਣਾਂ ਨੂੰ ਹਲਕੇ ਵਿੱਚ ਲਿਆ ਸੀ, ਸੂਬੇ ਦੀ ਤਸਵੀਰ ਉਸ ਮੁਤਾਬਕ ਬਣ ਨਹੀਂ ਰਹੀ।

ਜਿਵੇਂ; ਤੁਸੀਂ ਜਾਣਦੇ ਹੀ ਹੋ ਕਿ ਭਾਰਤ ਵਿੱਚ ਜ਼ਿਆਦਾਤਰ ਬੀ ਜੇ ਪੀ ਦੀਆਂ ਨਿਰੋਲ ਜਾਂ ਫਿਰ ਗੱਠਜੋੜ ਦੀਆਂ ਸਰਕਾਰਾਂ ਹਨ। ਉਨਾਂ ਦੇ ਕੰਮਾਂ ਦਾ ਚੰਗਾ-ਮਾੜਾ ਅਸਰ ਬਾਕੀ ਸੂਬਿਆਂ ਵਿੱਚ ਪੈਂਦਾ ਹੈ। ਤੁਸੀਂ ਉੱਤਰ ਪ੍ਰਦੇਸ਼ ਨੂੰ ਹੀ ਲਵੋ, ਜੋ ਸੂਬਾ ਜਾਤੀਵਾਦੀ ਵਿਵਾਦਾਂ ਵਿੱਚ ਫਸ ਚੁੱਕਾ ਹੈ। ਯੋਗੀ ਦੇ ਰਾਜ ਵਿੱਚ ਦਲਿਤਾਂ 'ਤੇ ਹਮਲੇ ਵਧੇ ਹਨ। ਗੋਰਖਪੁਰ, ਜੌਨਪੁਰ, ਆਗਰਾ, ਸਹਾਰਨਪੁਰ, ਅਯੁੱਧਿਆ ਵਿੱਚ ਅਜਿਹੀਆਂ ਘਟਨਾਵਾਂ ਪਿਛਲੇ ਸਮੇਂ ਦੇਖਣ ਨੂੰ ਮਿਲੀਆਂ ਹਨ। ਕਾਰਨ; ਠਾਕੁਰ ਜਾਤੀ ਆਪਣਾ ਗ਼ਲਬਾ ਦਲਿਤਾਂ ਉੱਪਰ ਸਥਾਪਤ ਕਰਨਾ ਚਾਹੁੰਦੀ ਹੈ। ਦੂਜੇ ਪਾਸੇ ਦਲਿਤ ਆਪਣੇ ਅਧਿਕਾਰਾਂ ਲਈ ਸੰਘਰਸ਼ਸ਼ੀਲ ਹਨ, ਜਿਸ ਕਰਕੇ ਹਿੰਸਾ ਵਧਦੀ ਹੈ ਅਤੇ ਵਧ ਰਹੀ ਹੈ। ਹਾਥਰਸ ਵਿੱਚ ਚਾਰ ਠਾਕੁਰ ਲੜਕਿਆਂ ਵੱਲੋਂ ਇੱਕ ਉੱਨੀ ਸਾਲ ਦੀ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ ਕਾਰਨ ਦੋਵੇਂ ਜਾਤੀਆਂ ਆਹਮੋ-ਸਾਹਮਣੇ ਹਨ, ਜਿਸ ਕਰਕੇ ਠਾਕੁਰ ਯੋਗੀ ਅਤੇ ਭਾਜਪਾ ਵਾਲੇ ਫਸੇ ਪਏ ਹਨ। ਇਸ ਘਟਨਾ ਦਾ ਜਾਣੇ-ਅਨਜਾਣੇ ਬਿਹਾਰ ਦੀਆਂ ਚੋਣਾਂ ਵਿੱਚ ਅਸਰ ਪੈਣਾ ਲਾਜ਼ਮੀ ਹੈ, ਕਿਉਂਕਿ ਬਿਹਾਰ ਵਿੱਚ ਪਛੜੀਆਂ ਸ਼੍ਰੇਣੀਆਂ ਅਤੇ ਗ਼ਰੀਬ ਜਨਤਾ ਕਾਫ਼ੀ ਗਿਣਤੀ ਵਿੱਚ ਹੈ। ਅਜਿਹੀਆਂ ਘਟਨਾਵਾਂ ਕਰਕੇ ਭਾਜਪਾ ਸਹਿਯੋਗੀ ਵੀ ਦੂਰ ਹੋ ਰਹੇ ਹਨ। ਉਹ ਸੋਚਣ 'ਤੇ ਵੀ ਮਜਬੂਰ ਹੋ ਰਹੇ ਹਨ। ਅਗਲੀ ਗੱਲ, ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅੱਜਕੱਲ ਨਿਤੀਸ਼ ਚਿਹਰੇ ਦੀ ਵੀ ਇੰਨੀ ਖਿੱਚ ਨਹੀਂ ਰਹੀ, ਜਿੰਨੀ ਪਹਿਲਾਂ ਹੋਇਆ ਕਰਦੀ ਸੀ ਜਾਂ ਮਹਿਸੂਸ ਕੀਤੀ ਜਾਂਦੀ ਸੀ, ਕਿਉਂਕਿ ਪ੍ਰਧਾਨ ਮੰਤਰੀ ਨੇ ਨਿਤੀਸ਼ ਦੇ ਮੁਕਾਬਲੇ ਆਪਣਾ ਕੱਦ ਕਾਫ਼ੀ ਉੱਚਾ ਕਰ ਲਿਆ ਹੈ। ਅਜਿਹਾ ਮੋਦੀ ਸਾਹਿਬ ਮਹਿਸੂਸ ਕਰ ਰਹੇ ਹਨ। ਉਂਜ ਭਾਵੇਂ ਬਿਹਾਰ ਦੀਆਂ 243 ਸੀਟਾਂ ਵਿੱਚੋਂ ਇੱਕ ਸੀਟ ਵੱਧ ਦੇ ਕੇ ਭਾਵ 122 ਸੀਟਾਂ ਦੇ ਕੇ ਉਸ ਦਾ ਮਾਣ ਰੱਖਣ ਦੀ ਗੱਲ ਆਖੀ ਹੈ। ਨਾਲ ਇਹ ਵੀ ਭਾਜਪਾ ਵੱਲੋਂ ਸਾਫ਼ ਕੀਤਾ ਗਿਆ ਹੈ ਕਿ ਗੱਠਜੋੜ ਜਿੱਤਣ ਤੋਂ ਬਾਅਦ ਵੀ ਨਿਤੀਸ਼ ਹੀ ਮੁੱਖ ਮੰਤਰੀ ਹੋਣਗੇ। ਭਾਜਪਾ ਨੂੰ ਅਜਿਹਾ ਇਸ ਕਰਕੇ ਕਹਿਣਾ ਪਿਆ, ਕਿਉਂਕਿ ਭਾਜਪਾ ਦੇ ਕੁਝ ਸਹਿਯੋਗੀਆਂ ਨੇ ਇਹ ਨਾਅਰਾ ਵੀ ਦਿੱਤਾ ਹੈ ਕਿ 'ਮੋਦੀ ਤੇਰੇ ਨਾਲ ਵੈਰ ਨਹੀਂ, ਨਿਤੀਸ਼ ਤੇਰੀ ਖ਼ੈਰ ਨਹੀਂ' ਪਰ ਅਸਲ ਵਿੱਚ ਜਿਨਾਂ ਨੂੰ ਭਾਜਪਾ ਵੱਲੋਂ ਟਿਕਟ ਨਹੀਂ ਮਿਲੀ, ਉਨਾਂ ਚਿਰਾਗ ਪਾਸਵਾਨ ਦੀ ਪਾਰਟੀ ਦੀ ਟਿਕਟ ਲਈ ਹੈ ਜਾਂ ਬਾਕੀ ਪਾਰਟੀਆਂ ਵਿੱਚੋਂ ਕਿਸੇ ਦੀ। ਕਈਆਂ ਨੇ ਕਾਂਗਰਸ ਦਾ ਪੱਲਾ ਵੀ ਫੜਿਆ ਹੈ। ਉਂਜ ਵੀ ਸ਼ਰਦ ਯਾਦਵ ਦੀ ਬੇਟੀ ਅਤੇ ਬਿਹਾਰੀ ਬਾਬੂ ਸ਼ਤਰੂਘਨ ਸਿਨਾ ਦਾ ਲੜਕਾ ਵੀ ਕਾਂਗਰਸ ਦੇ ਲੜ ਲੱਗਾ ਹੈ। ਕੀ ਇਹ ਹਵਾ ਦਾ ਰੁਖ ਹੈ?

ਅਗਲਾ ਮੁੱਦਾ ਜੋ ਅੱਜਕੱਲ ਨਿਤੀਸ਼ ਐਂਡ ਕੰਪਨੀ ਨੂੰ ਘੇਰ ਰਿਹਾ ਹੈ, ਉਹ ਹੈ ਨਿਤੀਸ਼ ਦਾ ਤਾਜ਼ਾ ਬਿਆਨ, ਜਿਸ ਵਿੱਚ ਉਸ ਨੇ ਆਖਿਆ ਹੈ ਕਿ ਬਿਹਾਰ ਵਿੱਚ ਭਾਰੀ ਉਦਯੋਗ ਆਦਿ ਇਸ ਕਰਕੇ ਨਹੀਂ ਲੱਗੇ ਅਤੇ ਨਾ ਹੀ ਲੱਗ ਸਕਦੇ ਹਨ, ਕਿਉਂਕਿ ਬਿਹਾਰ ਕਿਸੇ ਪਾਸਿਉਂ ਵੀ ਸਮੁੰਦਰ ਨਾਲ ਨਹੀਂ ਜੁੜਦਾ, ਵਿਰੋਧੀ ਪੰਜਾਬ, ਹਰਿਆਣਾ ਅਤੇ ਬਾਕੀ ਸੂਬਿਆਂ ਦੀਆਂ ਉਦਾਹਰਨਾਂ ਦੇ ਕੇ ਉਸ ਨੂੰ ਸਵਾਲ ਪੁੱਛ ਰਹੇ ਹਨ, ਜਿਸ ਕਰਕੇ ਉਹ ਲਾਜਵਾਬ ਹੋ ਗਿਆ ਹੈ। ਜਿਵੇਂ; ਤੁਸੀਂ ਜਾਣਦੇ ਹੋ ਪਿਛਲੇ ਪੰਦਰਾਂ ਸਾਲਾਂ ਤੋਂ ਬਿਹਾਰੀ ਰਾਜਾ ਨਿਤੀਸ਼ ਹੀ ਹੈ। ਇਸ ਕਰਕੇ ਬਿਹਾਰ ਦੀ ਤਰੱਕੀ ਬਾਰੇ ਸੋਚਣਾ, ਕਰਨਾ, ਉਸ ਦਾ ਹੀ ਫ਼ਰਜ਼ ਹੈ। ਪਿਛਲੇ ਪੰਦਰਾਂ ਸਾਲਾਂ ਤੋਂ ਬਿਹਾਰ ਨਵੀਆਂ ਯੂਨੀਵਰਸਿਟੀਆਂ, ਕਾਲਜਾਂ, ਹਸਪਤਾਲਾਂ ਤੋਂ ਸੱਖਣਾ ਪਿਆ ਹੈ। ਸਾਰੇ ਸਵਾਲ ਸੱਤਾ ਤੋਂ ਪੁੱਛੇ ਜਾਂਦੇ ਹਨ। ਇਸ ਕਰਕੇ ਜਨਤਾ ਯਾਨੀ ਨਵੀਂ ਪੜੀ-ਲਿਖੀ ਪੀੜੀ ਵਿਕਾਸ ਸੰਬੰਧੀ ਸਵਾਲ ਪੁੱਛ ਰਹੀ ਹੈ। ਨਵੀਂ ਪੀੜੀ ਸਾਫ਼ ਸਵਾਲ ਕਰ ਰਹੀ ਹੈ ਕਿ ਸਾਨੂੰ ਜਾਤੀਵਾਦੀ, ਝਗੜੇ, ਨਫ਼ਰਤ, ਉਚ-ਨੀਚ ਨਹੀਂ ਚਾਹੀਦੀ। ਸਾਨੂੰ ਰੁਜ਼ਗਾਰ, ਵਿੱਦਿਆ ਚਾਹੀਦੀ ਹੈ, ਜਿਸ ਨੂੰ ਮੁਹੱਈਆ ਕਰਾਉਣ ਵਿੱਚ ਤੁਸੀਂ ਅਸਮਰਥ ਰਹੇ ਹੋ। ਤੁਸੀਂ ਅਖ਼ਬਾਰਾਂ, ਟੈਲੀਵਿਜ਼ਨਾਂ ਅਤੇ ਬਾਕੀ ਸਾਧਨਾਂ ਰਾਹੀਂ ਜਾਣਿਆ ਹੋਵੇਗਾ ਕਿ ਐੱਨ ਡੀ ਏ ਵਿੱਚ ਸਭ ਕੁਝ ਠੀਕ-ਠਾਕ ਨਹੀਂ ਚੱਲ ਰਿਹਾ। ਭਾਜਪਾ ਵਿੱਚੋਂ ਨੌਂ ਪਾਰਟੀ ਲੀਡਰ ਉਨਾਂ ਚੱਲਦੇ ਕਰ ਦਿੱਤੇ ਜਾਂ ਉਹ ਪਾਰਟੀ ਨੂੰ ਵੱਖ-ਵੱਖ ਕਾਰਨਾਂ ਕਰਕੇ ਅਲਵਿਦਾ ਆਖ ਗਏ। ਇਸੇ ਤਰਾਂ ਨਿਤੀਸ਼ ਦੀ ਪਾਰਟੀ ਵਿੱਚ ਹੋਇਆ। ਉਸ ਨੇ ਵੀ ਵੱਖ ਵੱਖ ਕਾਰਨਾਂ ਕਰਕੇ ਡੇਢ ਦਰਜਨ ਪਾਰਟੀ ਕਾਰਕੁਨਾਂ, ਮਨਿਸਟਰਾਂ ਅਤੇ ਬਾਕੀ ਪਾਰਟੀ ਲੀਡਰਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂ ਇਉਂ ਆਖ ਲਵੋ ਕਿ ਉਨਾਂ ਡੁੱਬਦਾ ਜਹਾਜ਼ ਦੇਖ ਕੇ ਆਪ ਛਾਲਾਂ ਮਾਰ ਦਿੱਤੀਆਂ। ਇਹ ਸਭ ਤਾਂ ਨਤੀਜੇ ਆਉਣ ਤੋਂ ਬਾਅਦ ਹੀ ਪਤਾ ਲੱਗੇਗਾ।ਨਿਤੀਸ਼ ਬਾਰੇ ਨੌਜਵਾਨ ਵਰਗ ਇੰਨਾ ਜਾਗਰੂਕ ਹੋ ਚੁੱਕਾ ਹੈ ਕਿ ਉਹ ਸਿਰਫ਼ ਨਿਤੀਸ਼ ਵਿਰੋਧੀ ਹੋ ਚੁੱਕਾ ਹੈ। ਚਿਰਾਗ ਪਾਸਵਾਨ ਨੇ ਆਪਣੀ ਇੱਕ ਐੱਨ ਡੀ ਟੀ ਵੀ ਇੰਟਰਵਿਊ ਵਿੱਚ ਕਿਹਾ ਕਿ ਮੇਰੇ ਪਾਪਾ ਜੀ ਦਾ ਮੰਨਣਾ ਸੀ ਕਿ ਬਿਹਾਰ ਦੀ ਭਲਾਈ ਲਈ ਨਿਤੀਸ਼ ਦਾ ਹਾਰਨਾ ਜ਼ਰੂਰੀ ਹੈ। ਇਸ ਕਰਕੇ ਮੇਰੀ ਮੁੱਖ ਲੜਾਈ ਨਿਤੀਸ਼ ਖ਼ਿਲਾਫ਼ ਹੈ। ਤਾਂਹੀਓਂ ਤਾਂ ਨਿਤੀਸ਼ ਨੂੰ ਸਵਾਲ ਕਰਦਾ ਹਾਂ, ਨਾ ਕਿ ਤੇਜਸਵੀ ਨੂੰ। ਨਿਤੀਸ਼ ਨੂੰ ਹਰਾਉਣਾ ਮੇਰਾ ਮੁੱਖ ਮੁੱਦਾ ਹੈ। ਉਸ ਦੀ ਜਗਾ ਕੌਣ ਆਵੇ, ਇਹ ਮੇਰਾ ਮੁੱਦਾ ਨਹੀਂ ਹੈ।

ਜਿਵੇਂ; ਸਭ ਜਾਣਦੇ ਹਨ ਕਿ ਬਿਹਾਰ ਵਿਧਾਨ ਸਭਾ ਦੀ ਚੋਣ ਨਾ ਮੁੱਖ ਮੰਤਰੀ ਨਿਤੀਸ਼ ਕੁਮਾਰ ਲੜਦਾ ਹੈ, ਨਾ ਹੀ ਵਿਧਾਨ ਸਭਾ ਦੀ ਚੋਣ ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਲੜਦਾ ਹੈ। ਇਹ ਦੋਵੇਂ ਰਿਸਕ ਨਹੀਂ ਲੈਂਦੇ। ਦੋਵੇਂ ਐੱਮ ਐੱਲ ਸੀ ਬਣ ਕੇ ਫਿਰ ਅਹੁਦਿਆਂ 'ਤੇ ਬਿਰਾਜਮਾਨ ਹੁੰਦੇ ਹਨ। ਇਸ ਵਾਰ ਤੇਜਸਵੀ ਨੇ ਆਪਣੀ ਨਾਮਜ਼ਦਗੀ ਦਾਖ਼ਲ ਕਰਦਿਆਂ ਨਿਤੀਸ਼ ਕੁਮਾਰ ਨੂੰ ਲਲਕਾਰਿਆ ਹੈ ਕਿ ਜੇਕਰ ਤੂੰ ਬਿਹਾਰ ਦਾ ਕੁਝ ਸੰਵਾਰਿਆ ਹੈ ਤਾਂ ਜਿੱਥੋਂ ਮਰਜ਼ੀ ਮੇਰੇ ਮੁਕਾਬਲੇ ਚੋਣ ਲੜ ਕੇ ਦੇਖ ਲੈ, ਤੈਨੂੰ ਪਤਾ ਲੱਗ ਜਾਵੇਗਾ ਕਿ ਤੂੰ ਕਿੰਨੇ ਪਾਣੀ ਵਿੱਚ ਹੈਂ। ਸੂਚਨਾਵਾਂ ਮੁਤਾਬਕ ਦਿਨੋ-ਦਿਨ ਤੇਜਸਵੀ ਮੁਹਿੰਮ ਭਖ ਰਹੀ ਹੈ। ਉਹ ਆਪਣੀ ਚੋਣ ਮੁਹਿੰਮ ਦੌਰਾਨ ਜਾਤ-ਪਾਤ ਤੋਂ ਉੱਪਰ ਉੱਠ ਕੇ ਮੁੱਦਿਆਂ 'ਤੇ ਜਨਤਾ ਤੋਂ ਵੋਟ ਮੰਗ ਰਿਹਾ ਹੈ। ਉਸ ਨੇ ਤਾਂ ਨਿਤੀਸ਼ ਨੂੰ ਸਾਫ਼-ਸਾਫ਼ ਆਖਿਆ ਹੈ ਕਿ ਅਗਰ ਦਮ ਹੈ ਤਾਂ ਪਿਛਲੇ 15 ਸਾਲਾਂ ਵਿੱਚ ਕੀਤੇ ਕੰਮਾਂ ਦੇ ਸਿਰ 'ਤੇ ਵੋਟ ਮੰਗ।

ਲਾਲੂ ਸਾਹਿਬ ਭਾਵੇਂ ਅੱਜ-ਕੱਲ ਜੇਲ ਵਿੱਚ ਹਨ ਫਿਰ ਵੀ ਨਿਤੀਸ਼ ਕੁਮਾਰ ਦਾ ਚੋਣਾਂ ਵਿੱਚ ਰਾਹ ਆਸਾਨ ਨਹੀਂ ਹੈ, ਕਿਉਂਕਿ ਕੋਰੋਨਾ ਤੋਂ ਬਾਅਦ ਲਾਕਡਾਊਨ ਦੌਰਾਨ ਪ੍ਰਵਾਸੀ ਮੁੱਦੇ ਨੂੰ ਠੀਕ ਤਰਾਂ ਨਾ ਨਜਿੱਠਣ ਕਾਰਨ ਨਿਤੀਸ਼ ਦੀ ਲੋਕਪ੍ਰਿਯਤਾ ਵਿੱਚ ਕਾਫ਼ੀ ਗਿਰਾਵਟ ਆਈ ਹੈ। ਲਾਕਡਾਊਨ ਦੌਰਾਨ ਜਿਵੇਂ; ਨਿਤੀਸ਼ ਨੇ ਰੇਲ ਗੱਡੀਆਂ ਦੀ, ਮਜ਼ਦੂਰਾਂ ਦੀ ਵਾਪਸੀ ਲਈ ਮੰਗ ਨਹੀਂ ਰੱਖੀ, ਨਾ ਹੀ ਰੇਲ ਕਿਰਾਇਆ ਆਦਿ ਦਾ ਪ੍ਰਬੰਧ ਕੀਤਾ ਗਿਆ, ਕਿਉਂਕਿ ਨਿਤੀਸ਼ ਦੁਖੀ, ਬੇਰੁਜ਼ਗਾਰਾਂ ਦੀ ਸੂਬਾ ਘਰ ਵਾਪਸੀ 'ਤੇ ਖ਼ੁਸ਼ ਨਹੀਂ ਸੀ, ਜਿਸ ਦਾ ਇੱਕ ਕਾਰਨ ਭਾਜਪਾ ਨਾਲ ਸਾਂਝ ਹੋ ਸਕਦਾ ਹੈ। ਉਂਜ ਵੀ ਪਿਛਲੇ ਪੰਦਰਾਂ ਸਾਲਾਂ ਤੋਂ ਲਗਾਤਾਰ ਇੱਕ ਚਿਹਰਾ ਦੇਖਦੇ ਹੋਏ ਜਨਤਾ ਲਗਦਾ ਹੈ ਉਕਤਾ ਚੁੱਕੀ ਹੈ।

ਮਹਾਂ ਗੱਠਜੋੜ ਨੇ ਬਿਹਾਰ ਵਿੱਚ ਤੇਜਸਵੀ ਨੂੰ ਆਪਣਾ ਲੀਡਰ ਚੁਣਿਆ ਹੈ। ਭਾਵ ਜਿੱਤਣ ਦੀ ਸੂਰਤ ਵਿੱਚ ਉਹ ਹੀ ਮੁੱਖ ਮੰਤਰੀ ਹੋਵੇਗਾ। ਉਸ ਨੇ ਵੀ ਸੀਟਾਂ ਦੀ ਵੰਡ ਕਰਨ ਲੱਗਿਆਂ ਬਹੁਤੀ ਫ਼ਰਾਖ਼-ਦਿਲੀ ਨਹੀਂ ਦਿਖਾਈ, ਭਾਈਵਾਲਾਂ ਨੇ ਤਬਦੀਲੀ ਵਾਸਤੇ ਸਭ ਕਬੂਲ ਕਰ ਲਿਆ ਹੈ। ਸਭ ਨੇ ਆਪੋ-ਆਪਣੀ ਚੋਣ ਮੁਹਿੰਮ ਤੇਜ਼ ਕਰ ਦਿੱਤੀ ਹੈ। ਖੱਬੇ ਪੱਖੀਆਂ (ਸਭ ਗਰੁੱਪਾਂ) ਨੂੰ ਭਾਵੇਂ ਢਾਈ ਦਰਜਨ ਦੇ ਕਰੀਬ ਸੀਟਾਂ ਦਿੱਤੀਆਂ ਹਨ। ਉਮੀਦ ਕਰਨੀ ਚਾਹੀਦੀ ਹੈ ਕਿ ਉਹ ਸਭ ਵੀ ਬੜੀ ਸੁਹਿਰਦਤਾ ਨਾਲ ਲੋਕਾਂ ਦੇ ਮੁੱਦਿਆਂ 'ਤੇ ਆਪਣਾ ਚੋਣ ਪ੍ਰਚਾਰ ਕਰਨਗੇ ਅਤੇ ਚੰਗੇ ਸਿੱਟੇ ਕੱਢਣਗੇ।

ਡਾ. ਕਨੱਈਆ ਕੁਮਾਰ ਨੇ ਕਿਹਾ ਹੈ ਕਿ ਮੈਂ ਸਭ ਉਨਾਂ ਸੀਟਾਂ 'ਤੇ ਜਾਵਾਂਗਾ, ਜਿੱਥੇ-ਜਿੱਥੇ ਮਹਾਂ ਗੱਠਜੋੜ ਵਾਲੇ ਜ਼ਰੂਰਤ ਸਮਝਣਗੇ। ਅਸੀਂ ਲੋਕ ਪੱਖੀ, ਜਨਤਾ ਪੱਖੀ ਮੁੱਦਿਆਂ 'ਤੇ ਜਿਵੇਂ; ਬਿਜਲੀ, ਪਾਣੀ, ਸਿੱਖਿਆ, ਸਿਹਤ, ਬੇਰੁਜ਼ਗਾਰੀ ਆਦਿ ਮੁੱਦਿਆਂ 'ਤੇ ਚੋਣ ਲੜਾਂਗੇ। ਉਨਾਂ ਅੱਗੇ ਕਿਹਾ, ਕਿ ਸਾਡੇ ਸਾਥੀ ਜਿੱਤਣ ਤੋਂ ਬਾਅਦ ਵੀ ਅਤੇ ਹਾਰਨ ਤੋਂ ਬਾਅਦ ਵੀ ਆਪਣੇ ਹਲਕੇ ਯਾਨੀ ਆਪਣੀ ਜਨਤਾ ਵਿੱਚ ਸੇਵਾ ਨਿਭਾਉਂਦੇ ਰਹਿਣਗੇ। ਵੋਟ ਪਾਉਣ ਤੋਂ ਪਹਿਲਾਂ ਚੰਗੇ ਉਮੀਦਵਾਰ ਦੀ ਚੰਗੀ ਤਰਾਂ ਪਛਾਣ ਕਰੋ, ਤਾਂ ਕਿ ਪਿੱਛੋਂ ਪਛਤਾਉਣਾ ਨਾ ਪਵੇ।

# ਕਾਮਰੇਡ ਪਾਰਟੀ ਸੀਪੀਐਮ ਨੇ ਅਜ਼ਾਦੀ ਲਈ ਉੱਠਦੀਆਂ ਸਿੱਖ ਅਵਾਜ਼ਾਂ ਨੂੰ ਜੜ੍ਹੋਂ ਖ਼ਤਮ ਕਰਨ ਦੀ ਅਪੀਲ ਕੀਤੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਜਿੱਥੇ ਇਕ ਪਾਸੇ ਪੰਜਾਬ ਦੀ ਸਮੁੱਚੀ ਕਿਸਾਨੀ ਅਤੇ ਹੋਰ ਸਾਰੇ ਵਰਗ ਭਾਰਤ ਸਰਕਾਰ ਵੱਲੋਂ ਬਣਾਏ ਗਏ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਇਕਜੁੱਟ ਹੋ ਕੇ ਸੰਘਰਸ਼ ਕਰਨ ਵੱਲ ਵਧ ਰਹੇ ਹਨ, ਉੱਥੇ ਕਾਮਰੇਡ ਜਥੇਬੰਦੀ ਸੀਪੀਐਮ ਨੇ ਆਪਣੀ ਪੁਰਾਣੀ ਲੀਹ 'ਤੇ ਤੁਰਨਾ ਸ਼ੁਰੂ ਕਰ ਦਿੱਤਾ ਹੈ। ਸੀਪੀਐਮ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜ਼ਾਦੀ ਪਸੰਦ ਸਿੱਖਾਂ 'ਤੇ ਕਾਰਵਾਈ ਕੀਤੀ ਜਾਵੇ। ਸੀਪੀਐਮ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਹੈ ਕਿ ਰਿਫਰੈਂਡਮ 2020 ਵਰਗੀਆਂ ਖ਼ਾਲਿਸਤਾਨ ਲਹਿਰਾਂ ਨੇ ਪੰਜਾਬ ਦਾ ਪਹਿਲਾਂ ਹੀ ਬਹੁਤ ਨੁਕਸਾਨ ਕੀਤਾ ਹੈ ਜਿਸ ਦਾ ਖ਼ਮਿਆਜ਼ਾ ਪੰਜਾਬੀ ਅੱਜ ਤੱਕ ਭੁਗਤ ਰਹੇ ਹਨ। ਉਹਨਾਂ ਇਸ ਸਬੰਧ ਵਿਚ ਸੂਬੇ ਦੀ ਕਾਂਗਰਸ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਇਸ ਲਹਿਰ ਨੂੰ ਜੜ੍ਹੋਂ ਖ਼ਤਮ ਕਰ ਦੇਣਾ ਚਾਹੀਦਾ ਹੈ। ਸੀਪੀਐਮ ਦੇ 100ਵੇਂ ਸਥਾਪਨਾ ਦਿਹਾੜੇ ਮੌਕੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸੇਖੋਂ ਨੇ ਕਿਹਾ ਕਿ 17 ਅਕਤੂਬਰ 1920 ਨੂੰ ਤਾਸ਼ਕੰਦ ਵਿਚ ਸੀਪੀਐਮ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਮੋਦੀ ਦੀ ਕੇਂਦਰ ਸਰਕਾਰ ਭਾਰਤ ਦੀ ਆਰਥਿਕਤਾ ਨੂੰ ਤਬਾਹ ਕਰਨ ਲੱਗੀ ਹੈ। ਅਰਥ ਸ਼ਾਸਤਰੀ ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਦੇਸ਼ ਦੀ ਅਜ਼ਾਦੀ ਤੋਂ ਲੈਕੇ ਹਰ ਲੋਕ ਪੱਖੀ ਲਹਿਰ ਵਿਚ ਸੀਪੀਐਮ ਨੇ ਆਪਣਾ ਗੈਰ ਮਾਮੂਲੀ ਯੋਗਦਾਨ ਪਾਇਆ। ਇਸ ਵੇਲੇ ਧਰਮਪਾਲ ਸੀਲ, ਗੁਰਦਰਸ਼ਨ ਸਿੰਘ ਖਾਸਪੁਰ, ਰੇਸ਼ਮ ਸਿੰਘ, ਚੌਧਰੀ ਮੁਹੰਮਦ ਸਦੀਕ, ਕਾ. ਸੁਨੀਲ ਕੁਮਾਰ, ਕਾ. ਗੁਰਬਖ਼ਸ਼ ਸਿੰਘ, ਗੁਰਮੀਤ ਸਿੰਘ ਛੱਜੂ ਭੱਟ, ਹਰਬੰਸ ਸਿੰਘ ਬੁੱਗਾ, ਰਾਜਦੀਪ ਸਿੰਘ, ਜਗਜੀਤ ਸਿੰਘ, ਤਰਸੇਮ ਸਿੰਘ ਸੰਬੋਧਨ ਕੀਤਾ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਕਿਸਾਨੀ ਸੰਘਰਸ਼ ਦੀ ਲੋਕ ਲਹਿਰ ਬਣਨ ਕਾਰਨ ਭਾਰਤ ਸਰਕਾਰ ਵੱਲੋਂ ਕਈ ਪੈਂਤੜੇ ਖੇਡਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਪੰਜਾਬ ਵਿਚ ਭਾਵੇਂ ਕਿ ਜ਼ਮੀਨੀ ਤੌਰ 'ਤੇ ਕੋਈ ਸਮਾਜਿਕ ਟਕਰਾਅ ਵਰਗੀ ਗੱਲ ਨਹੀਂ ਹੈ, ਪਰ ਅਜਿਹੇ ਬਿਆਨ ਚਿੰਤਕਾਂ ਨੂੰ ਫਿਕਰਮੰਦ ਕਰ ਰਹੇ ਹਨ ਕਿ ਸ਼ਾਇਦ ਸਰਕਾਰ ਅਜਿਹੇ ਬਿਆਨਾਂ ਰਾਹੀਂ ਆਪਣੀ ਕਿਸੇ ਨੀਤੀ ਨੂੰ ਅਮਲ ਦੇਣ ਵੱਲ ਵਧ ਰਹੀ ਹੈ।

# ਨਰਸਿੰਗ ਹੋਮਜ਼ ਨੂੰ ਕੋਵਿਡ-19 ਵੈਕਸੀਨ ਮੁਫ਼ਤ ਦਿੱਤੀ ਜਾਵੇਗੀ- ਟਰੰਪ ਪ੍ਰਸ਼ਾਸ਼ਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਟਰੰਪ ਪ੍ਰਸ਼ਾਸ਼ਨ ਨੇ ਐਲਾਨ ਕੀਤਾ ਹੈ ਕਿ ਨਰਸਿੰਗ ਹੋਮਜ਼ ਤੇ ਅਸਿਸਟਡ ਕੇਅਰ ਲਿਵਿੰਗ ਸੈਂਟਰਾਂ ਸਮੇਤ ਸਿਹਤ ਸੰਭਾਲ ਨਾਲ ਜੁੜੇ ਸਾਰੇ ਅਮਰੀਕਨਾਂ ਤੇ ਵਰਕਰਾਂ ਨੂੰ ਕੋਵਿਡ-19 ਵੈਕਸੀਨ ਮੁਫ਼ਤ ਦਿੱਤੀ ਜਾਵੇਗੀ। ਪ੍ਰਸ਼ਾਸਨ ਨੇ ਵੈਕਸੀਨ ਮੁਹੱਈਆ ਕਰਵਾਉਣ ਤੇ ਲਾਊਣ ਲਈ ਦੇਸ਼ ਦੇ ਦੋ ਵੱਡੇ ਦਵਾਈ ਸਟੋਰ ਚੇਨਜ਼ ਸੀ ਵੀ ਐਸ ਤੇ ਵਾਲਗਰੀਨਜ਼ ਨਾਲ ਭਾਈਵਾਲੀ ਪਾਈ ਹੈ। ਇਨਾਂ ਡਰੱਗ ਸਟੋਰਾਂ ਵੱਲੋਂ ਬਿਨਾਂ ਕੋਈ ਪੈਸਾ ਲਿਆ ਲੋਕਾਂ ਨੂੰ ਵੈਕਸੀਨ ਦਿੱਤੀ ਜਾਵੇਗੀ। ਇਸ ਸਮਝੌਤੇ ਦੀ ਡਰੱਗ ਸਟੋਰਾਂ ਦੇ ਅਧਿਕਾਰੀਆਂ ਨੇ ਇਕ ਵੱਖਰੇ ਬਿਆਨ ਵਿਚ ਪੁਸ਼ਟੀ ਕੀਤੀ ਹੈ। ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਸਕੱਤਰ ਅਲੈਕਸ ਅਜ਼ਾਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਜਿਨਾਂ ਲੋਕਾਂ ਨੂੰ ਪਹਿਲ ਦੇ ਆਧਾਰ 'ਤੇ ਸੁਰੱਖਿਅਤ ਕਰਨ ਦੀ ਲੋੜ ਹੈ, ਉਨਾਂ ਨੂੰ ਵੈਕਸੀਨ ਦੇਣ ਲਈ ਤਰਜੀਹ ਦਿੱਤੀ ਜਾਵੇਗੀ। ਜਦੋਂ ਤੱਕ ਹਰ ਅਮਰੀਕੀ ਲਈ ਵੈਕਸੀਨ ਉਪਲਬਧ ਨਹੀਂ ਹੋ ਜਾਂਦੀ, ਓਦੋਂ ਤੱਕ ਤਰਜੀਹੀ ਗਰੁੱਪ ਬਣਾ ਕੇ ਵੈਕਸੀਨ ਦਿੱਤੀ ਜਾਵੇਗੀ। ਟਰੰਪ ਪ੍ਰਸ਼ਾਸਨ ਚਾਹੁੰਦਾ ਹੈ ਕਿ ਹਰ ਇਕ ਨੂੰ ਸੁਰੱਖਿਅਤ ਤੇ ਪ੍ਰਭਾਵੀ ਵੈਕਸੀਨ ਮਿਲੇ। ਵੈਕਸੀਨ ਮਾਹਿਰਾਂ ਦਾ ਕਹਿਣਾ ਹੈ ਕਿ ਬਜ਼ੁਰਗ ਅਮਰੀਕਨ ਉਨਾਂ ਲੋਕਾਂ ਵਿਚ ਸ਼ਾਮਿਲ ਹੋਣਗੇ ਜਿਨਾਂ ਨੂੰ ਸਭ ਤੋਂ ਪਹਿਲਾਂ ਵੈਕਸੀਨ ਦਿੱਤੀ ਜਾਣੀ ਹੈ ਕਿਉਂਕਿ ਬਿਮਾਰੀ ਦੀ ਭਿਆਨਕਤਾ ਦੇ ਮੱਦੇਨਜ਼ਰ ਬਜ਼ੁਰਗਾਂ ਨੂੰ ਜ਼ਿਆਦਾ ਖ਼ਤਰਾ ਹੈ। ਐਸੋਸੀਏਸ਼ਨ ਆਫ ਇਮਿਊਨੀਜੇਸ਼ਨ ਮੈਨਜਰਜ਼ ਦੇ ਕਾਰਜਕਾਰੀ ਡਾਇਰੈਕਟਰ ਕਲੇਰ ਹਨਨ ਨੇ ਕਿਹਾ ਹੈ ਕਿ ਨਰਸਿੰਗ ਹੋਮਜ਼, ਲੌਂਗ ਟਰਮ ਫਸੀਲਿਟੀ ਰੈਜ਼ੀਡੈਂਸ ਤੇ ਵਰਕਰਾਂ ਨੂੰ ਵੈਕਸੀਨ ਦੇਣ ਲਈ ਸਰਕਾਰੀ ਤੇ ਨਿੱਜੀ ਖੇਤਰ ਦੀ ਭਾਈਵਾਲੀ ਵਾਲਾ ਇਹ ਇਕ ਬਹੁਤ ਵੱਡਾ ਕਦਮ ਹੈ।

# ਕਾਰਪੋਰੇਟ ਪੱਖੀ ਮੋਦੀ ਸਰਕਾਰ ਤੋਂ ਕਿਸਾਨੀ ਬਚਾਉਣ ਲਈ ਦੇਸ਼ ਵਿਆਪੀ ਪੁਰਅਮਨ ਅੰਦੋਲਨ ਪ੍ਰਚੰਡ ਕਰਨਾ ਪਵੇਗਾ



- ਡਾ. ਸੁਰਿੰਦਰਪਾਲ ਸਿੰਘ ਮੰਡ (ਪ੍ਰੋਫੈਸਰ)
94173 24543

ਕਿਸਾਨ ਅੰਦੋਲਨ ਦੇਸ਼ ਭਰ 'ਚ ਫੈਲ ਚੁੱਕਾ। 5 ਨਵੰਬਰ ਨੂੰ ਕਿਸਾਨਾਂ ਵੱਲੋਂ ਮੁਲਕ ਵਿਚ ਚੱਕਾ ਜਾਮ ਦਾ ਸੱਦਾ ਹੈ। ਕੇਂਦਰ ਸਿਰਫ਼ ਪ੍ਰਚੰਡ ਅੰਦੋਲਨ ਵਾਲੇ ਪੰਜਾਬ ਦੇ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ ਦੇ ਰਿਹਾ। 13 ਅਕਤੂਬਰ ਦੀ ਕਿਸਾਨਾਂ ਨਾਲ ਦਿੱਲੀ ਮੀਟਿੰਗ ਬੇਸਿੱਟਾ ਰਹੀ ਹੈ। ਪੰਜਾਬ ਸਰਕਾਰ ਨੇ ਕੇਂਦਰ ਦੇ ਖੇਤੀ ਕਨੂੰਨਾਂ ਨੂੰ ਬੇਅਸਰ ਕਰਨ ਖ਼ਾਤਰ 19 ਨੂੰ ਅਸੈਂਬਲੀ ਅਜਲਾਸ ਸੱਦ ਲਿਆ ਹੈ।

ਯਾਦ ਰਹੇ; ਕਿ ਕਿਸਾਨ ਅੰਦੋਲਨ ਅਤੇ ਰਾਜਨੀਤਕ ਪਾਰਟੀਆਂ ਦੇ ਮਸ਼ਵਰੇ ਦੀ ਕੋਈ ਪ੍ਰਵਾਹ ਨਾ ਕਰਦਿਆਂ ਮੋਦੀ ਸਰਕਾਰ ਵੱਲੋਂ ਰਾਜ ਸਭਾ ਵਿਚ ਬਿਨਾਂ ਵੋਟਿੰਗ ਪਾਸ ਕੀਤੇ ਤਿੰਨਾਂ ਹੀ ਬਿੱਲਾਂ ਨੂੰ ਰਾਸ਼ਟਰਪਤੀ ਨੇ ਮਨਜ਼ੂਰੀ ਦੇ ਕੇ ਕਾਨੂੰਨ ਬਣਾ ਦਿੱਤਾ ਹੈ। ਇੰਜ ਕਿਸਾਨੀ ਧੰਦੇ ਨੂੰ ਵੀ ਬੀ.ਜੇ.ਪੀ ਦੇ ਆਪਣੇ ਫੰਡਿੰਗ ਕਰਨ ਵਾਲੇ ਸਮਰਥਕ ਵੱਡੇ ਵਪਾਰੀ ਅਤੇ ਕਾਰਪੋਰੇਟ ਘਰਾਨਿਆਂ ਦੀ ਮੁੱਠ ਵਿਚ ਦੇਣ ਦਾ ਰਾਹ ਪੱਧਰਾ ਹੋ ਗਿਆ ਹੈ।

ਪਰ ਕਿਸਾਨ ਅੰਦੋਲਨ ਵਿਚ ਸਭ ਲੋਕਾਂ ਦੀ ਆਪਮੁਹਾਰੀ ਸ਼ਮੂਲੀਅਤ ਨੇ ਹੰਕਾਰੀ ਮੋਦੀ ਸਰਕਾਰ ਨੂੰ ਦੱਸ ਦਿੱਤਾ ਹੈ ਕਿ ਜਨਤਾ ਦੀ ਅਣਖ ਤੇ ਸਾਂਝ ਹਾਲੇ ਜਿਊਂਦੀ ਹੈ। ਪਿਛਲੀ ਮੋਦੀ ਸਰਕਾਰ ਨੇ ਵੀ ਤਿੰਨ ਵਾਰ ਕਿਸਾਨੀ ਜ਼ਮੀਨਾਂ ਹਥਿਆਉਣ ਲਈ ਆਰਡੀਨੈਂਸ ਲਿਆਂਦੇ ਸਨ ਪਰ ਦਬਾਅ ਸਦਕਾ ਵਾਪਸ ਲੈਣੇ ਪਏ। ਫਿਰ ਨਹੀਂ ਟਲੇ, 'ਫ਼ਸਲੀ ਬੀਮਾ ਯੋਜਨਾ' ਲੈ ਆਦੀ ਤੇ ਕਿਸਾਨਾਂ ਦੀਆਂ ਜੇਬਾਂ 'ਚੋਂ ਸੋਲਾਂ ਹਜ਼ਾਰ ਕਰੋੜ ਕੱਢ ਕੇ ਬੀਮਾ ਕੰਪਨੀਆਂ ਨੂੰ ਦਿੱਤਾ। ਜੇ ਯੋਜਨਾ ਕਿਸਾਨ ਹਿਤੂ ਸੀ ਤਾਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਲਾਗੂ ਕਰਨ ਤੋਂ ਨਾਂਹ ਕਿਉਂ ਕੀਤੀ ਸੀ? ਇਸ ਦੇ ਨਾਲ ਨਾਲ ਸਰਕਾਰ ਸਮਰਥਕ ਵੱਡੇ ਵਪਾਰੀਆਂ ਵੱਲੋਂ ਰਲ ਕੇ, ਕਿਸਾਨਾਂ ਤੋਂ ਹਰ ਸਾਲ ਆਲੂ, ਪਿਆਜ਼, ਟਮਾਟਰ 3-4-5 ਰੁਪਏ ਕਿੱਲੋ ਖ਼ਰੀਦ ਕੇ ਫਿਰ 50-80-100 ਰੁਪਏ ਕਿੱਲੋ ਵੇਚਣ ਦਾ ਗੋਰਖਧੰਦਾ ਬੇਰੋਕ ਜਾਰੀ ਹੈ। ਗੌਰਮਿੰਟ ਜੀਕੂੰ ਅੰਨੀ ਬੋਲੀ। ਬਾਕੀ ਫ਼ਸਲਾਂ ਦਾ ਵੀ ਇਹੀ ਹਾਲ।

ਜਿਨਾਂ 23 ਫ਼ਸਲਾਂ ਦਾ ਐੱਮ.ਐੱਸ.ਪੀ (ਮਿਨੀਮਮ ਸਪੋਰਟ ਪ੍ਰਾਈਸ) ਯਾਨੀ ਘੱਟੋ ਘੱਟ ਲਾਗਤ ਮੁੱਲ ਤਹਿ ਕੀਤਾ ਵੀ ਜਾਂਦਾ ਹੈ, ਉਨਾਂ ਦਾ ਵੀ ਕਦੀ ਕਿਸਾਨਾਂ ਨੂੰ ਮਿਥਿਆ ਮੁੱਲ ਨੀਂ ਮਿਲਿਆ। ਕਿਉਂਕਿ ਸਰਕਾਰ ਆਪ ਨਹੀਂ ਖ਼ਰੀਦਦੀ ਤੇ ਵਪਾਰੀ ਕਈ ਬਹਾਨੇ ਮਾਰ ਕੇ ਕਦੀ ਐਲਾਨਿਆ ਮੁੱਲ ਨੀ ਦਿੰਦੇ। ਸਿਰਫ਼ ਪੰਜਾਬ, ਹਰਿਆਣਾ, ਪੱਛਮੀ ਯੂ.ਪੀ. ਵਿਚੋਂ ਸਰਕਾਰ ਸਿਰਫ਼ ਦੋ ਫ਼ਸਲਾਂ ਕਣਕ ਝੋਨੇ ਦੀ ਖ਼ਰੀਦ ਕਰਦੀ ਹੈ। ਬਾਕੀ ਮੁਲਕ 'ਚੋਂ ਤਾਂ ਏਨਾ ਵੀ ਨਹੀਂ ਕਰਦੀ। ਕਿਸਾਨਾਂ ਨੂੰ ਅੱਜ ਤੱਕ ਸਭ ਤੋਂ ਮਹਿੰਗੇ ਵਿਆਜ ਤੇ ਕਰਜ਼ੇ ਦਿੱਤੇ ਜਾਂਦੇ ਰਹੇ ਹਨ। ਫ਼ਸਲ ਦਾ ਭਾਅ ਮਿਥਣ ਲੱਗਿਆਂ ਜ਼ਮੀਨ ਦੀ ਕੀਮਤ ਅਤੇ ਕਿਸਾਨ ਦੀ ਮਿਹਨਤ ਨੂੰ ਕਦੀ ਲਾਗਤ 'ਚ ਸ਼ਾਮਲ ਨਹੀਂ ਕੀਤਾ। ਸਵਾਮੀਨਾਥਨ ਕਮੇਟੀ ਨੇ ਆਪਣੀਆਂ ਸਿਫ਼ਾਰਸ਼ਾਂ ਵਿਚ ਐਸਾ ਕਰਨ ਨੂੰ ਕਿਹਾ ਸੀ, ਕਿ ਲਾਗਤ ਵਿਚ 50% ਲਾਭ ਜੋੜ ਕੇ ਫ਼ਸਲ ਦਾ ਭਾਅ ਮਿਥੋ, ਖ਼ਰੀਦੇ ਵੀ ਸਰਕਾਰ। ਮੋਦੀ ਨੇ ਚੋਣਾਂ ਵਿਚ ਦਮਗਜੇ ਮਾਰੇ ਸਨ ਕਿ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਲਾਗੂ ਕਰਾਂਗੇ ਤੇ ਹੁਣ ਆਪਣੀ ਨਵੀਂ ਸ਼ਾਂਤਾ ਕੁਮਾਰ ਕਮੇਟੀ ਬਣਾ ਕੇ ਉਸ ਦੀਆਂ ਸਿਫ਼ਾਰਸ਼ਾਂ ਤੇ ਆਹ ਤਿੰਨ ਕਾਨੂੰਨ ਝੱਟ ਬਣਾ ਧਰੇ ਹਨ। 70% ਲੋਕਾਂ ਨੂੰ ਰੋਟੀ ਰੋਜ਼ੀ ਦੇਣ ਵਾਲੇ ਕਿਸਾਨੀ ਧੰਦੇ ਉੱਤੇ ਦੋ ਫ਼ੀਸਦੀ ਬਜਟ ਰੱਖਿਆ ਜਾਂਦਾ ਹੈ। ਸਿੱਖਿਆ ਮਹਿੰਗੀ ਹੋ ਕੇ ਆਮ ਕਿਸਾਨੀ ਦੇ ਬੱਚਿਆਂ ਤੋਂ ਦੂਰ ਜਾ ਚੁੱਕੀ ਹੈ। ਮਹਿੰਗਾ ਇਲਾਜ ਕਰਕੇ ਕਿਸਾਨ ਬੇਇਲਾਜ ਮਰ ਰਿਹਾ ਹੈ। ਮਹਿੰਗਾਈ ਬੇਰੁਜ਼ਗਾਰੀ ਮੂੰਹ ਅੱਡੀ ਖੜੀ ਹੈ। ਹਰ ਸਾਲ ਕਰਜ਼ੇ ਮੰਦਹਾਲੀ ਕਾਰਨ ਚੌਦਾਂ ਹਜ਼ਾਰ ਕਿਸਾਨ ਖ਼ੁਦਕੁਸ਼ੀਆਂ ਕਰਦੇ ਹਨ।

ਸਰਕਾਰ ਦਾ ਬਾਕੀ ਖੇਤਰਾਂ ਵਿਚ ਵੀ ਆਪਣਾ ਹਾਲ ਇਹ ਹੈ ਕਿ ਸ਼ਰੇਆਮ ਸਰਕਾਰੀ ਅਦਾਰੇ (ਭਾਰਤ ਪੈਟਰੋਲੀਅਮ, ਏਅਰ ਇੰਡੀਆ, ਰੇਲਵੇ, ਏਅਰ ਪੋਰਟ, ਬੀ.ਐੱਸ.ਐੱਨ.ਐੱਲ, ਐੱਲ.ਆਈ.ਸੀ, ਬੈਂਕਾਂ ਆਦਿ) ਅੰਬਾਨੀ-ਅਡਾਨੀ ਵਰਗੇ ਪ੍ਰਾਈਵੇਟ ਮਿੱਤਰ ਕਾਰੋਬਾਰੀਆਂ ਨੂੰ ਵੇਚਣ ਦੇ ਰਾਹ ਤੁਰੀ ਹੈ। ਮੋਦੀ ਨੇ ਚੋਣਾਂ ਵਿਚ ਇਸ ਕੰਮ ਲਈ ਫ਼ਤਵਾ ਤਾਂ ਨਹੀਂ ਸੀ ਲਿਆ ਕਿ ਮੁਲਕ ਹੀ ਆਪਣੇ ਬੰਦਿਆਂ ਨੂੰ ਵੇਚ ਦਿਆਂਗੇ। ਕੀ ਇਹ ਵਿਕਾਸ ਹੈ? ਦੇਸ਼ ਦੀ ਵਿਕਾਸ ਦਰ ਤਾਂ ਜ਼ੀਰੋ ਤੋਂ ਵੀ ਹੇਠਾਂ ਹੈ। ਨੋਟ ਬੰਦੀ ਦਾ ਕਮਲ ਘੋਟ ਕੇ ਕੰਮਾਂ ਧੰਦਿਆਂ ਦਾ ਲੱਕ ਤੋੜਿਆ ਪਹਿਲਾਂ। ਜੀ.ਐੱਸ.ਟੀ ਦਾ ਰਾਜਾਂ ਦਾ ਬਣਦਾ ਪੈਸਾ ਦੇਣ ਤੋਂ ਵੀ ਮੋਦੀ ਸਰਕਾਰ ਇਨਕਾਰੀ ਹੈ। ਪੰਜਾਬ ਦਾ 9000 ਕਰੋੜ ਦੇਣਾ, ਸੈਂਟਰ ਕਹਿੰਦਾ ਅਸੀਂ ਨੰਗ ਹੋ ਗਏ ਹਾਂ। ਰਾਜ ਆਪਣੇ ਹੀ ਪੈਸਿਆਂ ਨੂੰ ਸਾਡੇ ਤੋਂ ਬੈਂਕਾਂ ਰਾਹੀਂ ਕਰਜ਼ੇ ਦੇ ਰੂਪ ਵਿਚ ਲੈਣ। ਰਾਜਾਂ ਨਾਂਹ ਕੀਤੀ, ਪਰ ਬੀ.ਜੇ.ਪੀ ਸ਼ਾਸਤ ਰਾਜਾਂ ਨੇ 97000 ਕਰੋੜ ਕਰਜ਼ਾ ਲੈ ਲਿਆ ਹੈ। ਬੈਂਕਾਂ ਦਾ ਤਾਂ ਆਪਣਾ ਮਰਿਆ ਮੁੱਕਰਿਆ ਕਰਜ਼ਾ (ਐੱਨ.ਪੀ.ਏ) ਦਸ ਲੱਖ ਕਰੋੜ ਤਕ ਪੁੱਜ ਚੁੱਕਾ। ਕਮਿਸ਼ਨ ਲੈ ਕੇ ਸਿਆਸਤਦਾਨ ਹੀ ਦਿਵਾਉਂਦੇ ਹਜ਼ਾਰਾਂ ਕਰੋੜ ਕਰਜ਼ਾ ਬਗੈਰ ਗਰੰਟੀ ਤੋਂ, ਓਵੇਂ ਕਿਵੇਂ ਮਿਲ ਸਕਦਾ? ਇਹ ਲੋਕਾਂ ਦਾ ਪੈਸਾ ਬੈਂਕਾਂ ਕੋਲ ਅਮਾਨਤ, ਕਿਸੇ ਦੇ ਭਾਪੇ ਦਾ ਮਾਲ ਥੋੜਾ ਬਈ ਐਵੇਂ ਵੰਡੀ ਜਾਵੇ। ਤਾਜ਼ਾ ਤਾਜ਼ਾ ਪਾਸ ਕੀਤਾ ਮਜ਼ਦੂਰ ਬਿੱਲ ਵੀ ਗ਼ਰੀਬ ਮਜ਼ਦੂਰਾਂ ਦੇ ਹੱਕਾਂ ਤੇ ਡਾਕਾ ਹੈ। ਆਹ ਯੋਗਤਾ ਸਾਬਤ ਕੀਤੀ ਨਰਿੰਦਰ ਮੋਦੀ ਨੇ ਸਰਕਾਰ ਚਲਾਉਣ ਦੀ।

ਸੋ; ਇਨਾਂ ਹਾਲਾਤਾਂ ਵਿਚ ਚਾਹੀਦਾ ਤਾਂ ਇਹ ਸੀ ਕਿ ਕੋਈ ਚੱਜਦਾ ਕੰਮ ਕਰਦੀ ਸਰਕਾਰ, ਪਰ ਇਹ ਕਰੋਨਾ ਪਾਬੰਦੀਆਂ ਦੇ ਮਾਹੌਲ ਦਾ ਫ਼ਾਇਦਾ ਉਠਾ ਕੇ ਕਿਸਾਨੀ ਨੂੰ ਆਪਣੇ ਸਮਰਥਕ ਵੱਡੇ ਮਗਰਮੱਛ ਵਪਾਰੀਆਂ ਦੇ ਹਵਾਲੇ ਕਰਨ ਲਈ ਤਿੰਨ ਕਾਨੂੰਨ ਲਿਆਈ ਹੈ। ਰਾਜ ਸਭਾ ਵਿਚੋਂ ਧੱਕੇ ਨਾਲ ਬਗੈਰ ਵੋਟਿੰਗ ਤੋਂ ਪਾਸ ਐਲਾਨ ਦਿੱਤੇ। ਇੰਜ ਕਦੇ ਨੀਂ ਹੋਇਆ।

ਪੰਜਾਬ ਹਰਿਆਣੇ ਅਤੇ ਦੇਸ਼ ਭਰ ਵਿਚ ਇਸਦਾ ਇਵੇਂ ਵਿਰੋਧ ਹੋਇਆ ਹੈ ਜਿਵੇਂ; ਕਿਸਾਨੀ ਅਤੇ ਸਮੁੱਚੀ ਆਰਥਕਤਾ ਦੀ ਸਾਹ-ਰਗ ਨੂੰ ਹੱਥ ਪੈ ਗਿਆ ਹੋਵੇ। ਕਿਸਾਨ, ਵਪਾਰੀ ਦੀ ਨੀਤ ਨੂੰ ਬਾਖ਼ੂਬੀ ਸਮਝਦਾ ਹੈ ਅਤੇ ਮੋਦੀ ਦੀ ਮਨਸ਼ਾ ਨੂੰ ਵੀ। ਉਸ ਨੂੰ ਪਤਾ ਕਿ ਜਦ ਉਹਨੂੰ ਭਾਅ ਲਾਉਣ ਤੇ ਅਸੀਮ ਭੰਡਾਰ ਕਰਨ ਦਾ ਕਾਨੂੰਨੀ ਹੱਕ ਅੰਬਾਨੀ-ਅਡਾਨੀ ਵਰਗੇ ਮਗਰਮੱਛ ਵਪਾਰੀਆਂ ਨੂੰ ਮਿਲ ਗਿਆ ਤਾਂ ਅੱਗੋਂ ਕੀ ਹਸ਼ਰ ਹੋਣਾ। ਪਿਆਜ਼ ਟਮਾਟਰ ਆਲੂਆਂ ਦਾ ਤਜ਼ਰਬਾ ਸਾਹਮਣੇ ਹੈ।

ਸਰਕਾਰ ਦੀ ਆਪਣੀ ਮਨਸ਼ਾ ਤਾਂ ਇਸ ਗੱਲ ਤੋਂ ਹੀ ਸਪਸ਼ਟ ਹੈ ਕਿ ਇਨਾਂ ਕਾਨੂੰਨਾ ਵਿਚ ਕਣਕ, ਝੋਨੇ ਦੀ ਸਰਕਾਰੀ ਖ਼ਰੀਦ ਦੇ ਚੱਲੇ ਆ ਰਹੇ ਤੰਤਰ ਨੂੰ ਜਾਰੀ ਰੱਖਣ ਦਾ ਕੋਈ ਜ਼ਿਕਰ ਹੀ ਨਹੀਂ ਕੀਤਾ। ਇੱਥੋਂ ਤਕ ਕਿ 23 ਫ਼ਸਲਾਂ ਦੇ ਚੱਲੇ ਆ ਰਹੇ ਘੱਟੋ ਘੱਟ ਲਾਗਤ ਮੁੱਲ (ਐਮ.ਐਸ.ਪੀ) ਦਾ ਵੀ ਕਿਧਰੇ ਕੋਈ ਜ਼ਿਕਰ ਨਹੀਂ। ਸਿਰਫ਼ ਜ਼ੁਬਾਨੀ ਭਰੋਸਾ ਦਿੰਦੇ ਹਨ ਠੰਢੇ ਕਰਨ ਲਈ, ਵਰਗਲਾਉਣ ਲਈ, ਕਨੂੰਨੀ ਦਸਤਾਵੇਜ਼ ਵਿਚ ਲਿਖਣ ਤੋਂ ਭੱਜ ਗਏ ਹਨ। ਕੁੱਲ ਫ਼ਸਲਾਂ ਦੇ ਬੀਜਣ, ਭਾਅ ਮਿਥਣ, ਖ਼ਰੀਦਣ ਤੇ ਭੰਡਾਰਨ ਨੂੰ ਅਖੀਰੀ ਵੱਡੇ ਬੇਲੀ ਅੰਬਾਨੀਆਂ-ਅਡਾਨੀਆਂ ਦੇ ਹਵਾਲੇ ਕਰਨ ਦਾ ਕਾਨੂੰਨੀ ਮਨਸੂਬਾ ਬਣਾ ਚੁੱਕੀ ਹੈ ਮੋਦੀ ਸਰਕਾਰ।

ਲੋੜ ਤਾਂ ਸੀ ਕਿ ਹੋਰ ਸਭ ਫ਼ਸਲਾਂ ਦੀ ਸਰਕਾਰੀ ਖ਼ਰੀਦ ਯਕੀਨੀ ਬਣਾਉਣ ਅਤੇ ਮੁੱਲ ਮਿਥਣ ਦਾ ਜ਼ਿੰਮਾ ਲੈ ਕੇ ਮਰ ਰਹੀ ਕਿਸਾਨੀ ਨੂੰ ਕੁਝ ਆਸਰਾ ਲਾਉਂਦੀ ਮੋਦੀ ਸਰਕਾਰ। ਪਰ ਇਹ ਪਹਿਲੇ ਮਾਮੂਲੀ ਜਿਹੇ ਸਿਸਟਮ ਨੂੰ ਚਲਾਉਣ ਤੋਂ ਇਨਕਾਰੀ ਹੋ ਕੇ ਬੇਸ਼ਰਮੀ ਨਾਲ ਸਿੱਧੀ ਹੀ ਅਮੀਰਾਂ ਦੀ ਝੋਲੀ ਵਿਚ ਜਾ ਡਿੱਗੀ। ਹੋਰ ਤਮਾਸ਼ਾ ਵੇਖੋ ਕਿ ਕਿਸਾਨ ਦੀ ਫ਼ਸਲ ਨੂੰ ਘੱਟੋ ਘੱਟ ਖ਼ਰੀਦ ਮੁੱਲ ਦੇ ਦਾਇਰੇ ਵਿਚੋਂ ਵੀ ਬਾਹਰ ਕੱਢਣਾ ਚਾਹੁੰਦੇ, ਜਦਕਿ ਬਜ਼ਾਰ ਵਿਚ ਵਿਕਦੀਆਂ ਬਾਕੀ ਸਭ ਚੀਜ਼ਾਂ ਵੱਧ ਤੋਂ ਵੱਧ ਰਿਟੇਲ ਪ੍ਰਾਈਸ (ਐੱਮ.ਆਰ.ਪੀ) ਲਿਖ ਕੇ ਵੇਚਣ ਦੀ ਗਰੰਟੀ ਕਰਦੇ।

ਇਸ ਸਾਰੀ ਧੱਕੇਸ਼ਾਹੀ ਅਤੇ ਸਾਜ਼ਿਸ਼ ਵਿਰੁੱਧ ਸੰਘਰਸ਼ ਦਾ ਬਿਗਲ ਵੱਜ ਚੁੱਕਾ ਹੈ। ਇਹ ਪੂਰੇ ਦੇਸ਼ ਵਿਚ ਹੈ ਪਰ ਪੰਜਾਬ, ਹਰਿਆਣਾ 'ਚ ਸਭ ਤੋਂ ਵੱਧ ਹੈ। ਇਸ ਮੁੱਦੇ 'ਤੇ ਅਕਾਲੀ ਪਾਰਟੀ ਨੂੰ ਵੀ ਸਰਕਾਰ ਵਿਚੋਂ ਬਾਹਰ ਆਉਣਾ ਪਿਆ। ਪੰਜਾਬ ਵਿਚ 31 ਕਿਸਾਨ ਜਥੇਬੰਦੀਆਂ, ਕਾਂਗਰਸ, ਆਪ, ਅਕਾਲੀ, ਬੁੱਧੀਜੀਵੀ, ਨੌਜਵਾਨ, ਸਮਾਜ ਸੇਵੀ, ਖੱਬੀਆਂ ਧਿਰਾਂ ਮੈਦਾਨ 'ਚ ਆ ਗਈਆਂ ਹਨ। 25 ਸਤੰਬਰ ਦੇ ਪੰਜਾਬ ਬੰਦ ਅਤੇ ਲੋਕਾਂ ਦੇ ਆਪ ਮੁਹਾਰੇ ਹੁੰਗਾਰੇ ਤੋਂ ਇਸ ਮੁੱਦੇ ਦੀ ਸੰਵੇਦਨਸ਼ੀਲਤਾ ਜ਼ਾਹਰ ਹੁੰਦੀ ਹੈ ਕਿ ਲੋਕਾਂ ਇਸ ਨੂੰ ਬਰਦਾਸ਼ਤ ਨਹੀਂ ਕਰਨਾ।

ਪਰ ਸੰਘਰਸ਼ ਨੂੰ ਕਾਨੂੰਨ ਵਾਪਸ ਕਰਵਾਉਣ ਤੱਕ ਲੈ ਜਾਣ ਲਈ ਸੰਘਰਸ਼ਸ਼ੀਲ ਸਭ ਧਿਰਾਂ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਅੰਦੋਲਨ ਹਿੰਸਕ ਨਾ ਹੋ ਜਾਵੇ, ਪੁਰਅਮਨ ਰਹੇ। ਕਿਉਂਕਿ ਐਜੀਟੇਸ਼ਨਾਂ ਫ਼ੇਲ ਕਰਨ ਲਈ ਸਰਕਾਰਾਂ ਵੀ ਕਈ ਕੁਸ਼ ਕਰਦੀਆਂ ਆਈਆਂ। ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਅੰਦੋਲਨ ਦੇ ਪਲੇਟਫ਼ਾਰਮ 'ਤੇ ਇਕੱਠੀਆਂ ਪਾਰਟੀਆਂ ਤੇ ਜਥੇਬੰਦੀਆਂ ਇਕ ਦੂਜੇ ਵਿਰੁੱਧ ਬਿਆਨਬਾਜ਼ੀ ਤੋਂ ਗੁਰੇਜ਼ ਕਰਨ। ਸਫਲਤਾ ਦਾ ਸਿਹਰਾ ਸਭਨਾਂ ਦੇ ਸਿਰ ਹੈ, ਇਹ ਸਿਹਰੇ ਤੋਂ ਉੱਪਰ ਸਿਰ/ਪੱਗ ਦੀ ਲੜਾਈ ਹੈ।

ਸਭ ਧਿਰਾਂ ਮਿਲ ਬੈਠ ਕੇ ਤਾਲਮੇਲ ਕਮੇਟੀ ਬਣਾ ਲੈਣ, ਸਾਂਝੀ ਰਣਨੀਤੀ ਬਣਾਉਣ। ਹਰਿਆਣੇ ਨਾਲ ਫ਼ੌਰੀ ਰਾਬਤਾ ਕੀਤਾ ਜਾਵੇ। ਆਗੂ ਉਧਰੋਂ ਓਧਰੀਂ ਜਾ ਕੇ ਮਦਦ ਸਹਿਯੋਗ ਦਾ ਭਰੋਸਾ ਵਧਾਉਣ। ਹੋ ਸਕਦਾ ਦੋਵਾਂ ਸੂਬਿਆਂ ਦੀ ਏਕਤਾ ਤੋੜਨ ਲਈ ਕੇਂਦਰ ਸਰਕਾਰ ਵਿਚ ਹੋਰ ਵਿਵਾਦਤ ਮੁੱਦੇ ਨੂੰ ਲਿਆ ਘਸੋੜੇ। ਸੁਚੇਤ ਰਹਿਣਾ ਹੋਵੇਗਾ। ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਤੇ ਹੋਰ ਧਿਰਾਂ ਨਾਲ ਸੰਪਰਕ ਵਿਚ ਰਿਹਾ ਜਾਵੇ। ਮਜ਼ਦੂਰ, ਨੌਜਵਾਨ, ਵਿਦਿਆਰਥੀ, ਵਪਾਰੀ, ਦਲਿਤ ਸਭ ਨੂੰ ਧੰਨਵਾਦ ਸਹਿਤ ਨਾਲ ਲਿਆ ਜਾਵੇ।

ਮੋਦੀ ਜ਼ਿੱਦੀ ਤੇ ਚੀੜਾ ਹੈ, ਖ਼ਤਰਨਾਕ ਹੈ। ਝੱਬੂ ਪਾਉਣ ਲਈ ਲੰਮੀ ਠੋਸ ਰਣਨੀਤੀ ਧਿਆਨ ਵਿਚ ਰੱਖੀ ਜਾਵੇ। ਜੇ ਦੇਸ਼ ਭਰ ਦੀਆਂ ਸੰਘਰਸ਼ ਕਰ ਰਹੀਆਂ ਧਿਰਾਂ ਤਾਲਮੇਲ ਕਰਕੇ, ਬਾਕੀ ਸਭ ਕੁਛ ਦੇ ਨਾਲ ਦੀ ਨਾਲ, ਪੁਰਅਮਨ ਜੇਲ ਭਰੋ ਅੰਦੋਲਨ ਵਰਗਾ ਬਿਗਲ ਵਜਾ ਕੇ ਦਿੱਲੀ ਜਾ ਕੇ ਗ੍ਰਿਫ਼ਤਾਰੀਆਂ ਦੇਣ ਦਾ ਐਲਾਨ ਕਰ ਦੇਣ, ਰੋਜ਼ਾਨਾ ਜਥਾ ਜਾਵੇ ਤਾਂ ਇਕ ਸਾਲ ਤੱਕ ਵੀ ਬੰਦਿਆਂ ਦੀ ਕਮੀ ਨਹੀਂ ਆਊ। ਥੱਲੇ ਦੇਸ਼ ਭਰ ਵਿਚ ਜਨਤਕ ਲਾਮਬੰਦੀ ਤੇ ਸ਼ਾਂਤਮਈ ਐਕਸ਼ਨ ਜ਼ੋਰ-ਸ਼ੋਰ ਨਾਲ ਚੱਲੇ। ਇਹ ਕਾਨੂੰਨ ਤਾਂ ਵਾਪਸ ਹੋਣਗੇ ਹੀ ਹੋਣਗੇ, ਨਾਲ ਹੋਰ ਕਿਸਾਨੀ ਤੇ ਦੂਜੇ ਵਰਗਾਂ ਦੇ ਮਸਲਿਆਂ ਦੇ ਹੱਲ ਦਾ ਰਸਤਾ ਤੇ ਅਧਾਰ ਵੀ ਤਿਆਰ ਹੋ ਜਾਏਗਾ। ਇਸ ਤੋਂ ਇਲਾਵਾ ਦੇਸ਼ ਵਾਸੀਆਂ ਕੋਲ ਕੋਈ ਚਾਰਾ ਬਚਿਆ ਨਹੀਂ ਲਗਦਾ।

ਸੁੰਦਰ ਵਿਹਾਰ ਤਲਵਾੜਾ
(ਜ਼ਿਲਾ ਹੁਸ਼ਿਆਰਪੁਰ)

# ਸਿੱਖ ਕਤਲੇਆਮ ਲਈ ਦੋਸ਼ੀ ਮੰਨੇ ਜਾਂਦੇ ਇਜ਼ਹਾਰ ਆਲਮ ਦੇ ਪਰਿਵਾਰ 'ਤੇ ਮੁੜ ਮਿਹਰਬਾਨ ਹੋਇਆ ਬਾਦਲ ਪਰਿਵਾਰ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਦਰਬਾਰ ਸਾਹਿਬ 'ਤੇ ਭਾਰਤੀ ਹਮਲੇ ਤੋਂ ਬਾਅਦ ਪੰਜਾਬ ਵਿਚ ਚੱਲੇ ਸਿੱਖ ਸੰਘਰਸ਼ ਦੌਰਾਨ ਪੰਜਾਬ ਪੁਲਸ ਦੇ ਉੱਚ ਅਹੁਦਿਆਂ 'ਤੇ ਰਹਿੰਦਿਆਂ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਉਣ ਦੇ ਦੋਸ਼ੀ ਇਜ਼ਹਾਰ ਆਲਮ ਦੀ ਪਤਨੀ ਫਰਜਾਨਾ ਆਲਮ ਨੂੰ ਬਾਦਲ ਪਰਿਵਾਰ ਨੇ ਆਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਇਸਤਰੀ ਇਕਾਈ ਦੀ ਜਨਰਲ ਸਕੱਤਰ ਨਿਯੁਕਤ ਕੀਤਾ ਹੈ।

ਆਲਮ ਪਰਿਵਾਰ ਨਾਲ ਬਾਦਲ ਪਰਿਵਾਰ ਦੇ ਇਹ ਕਰੀਬੀ ਰਿਸ਼ਤੇ ਨਵੇਂ ਨਹੀਂ ਹਨ। ਇਸ ਤੋਂ ਪਹਿਲਾਂ ਫਰਜਾਨਾ ਆਲਮ ਬਾਦਲ ਦਲ ਦੀ ਟਿਕਟ 'ਤੇ ਮਲੇਰਕੋਟਲਾ ਤੋਂ ਵਿਧਾਇਕ ਰਹਿ ਚੁੱਕੀ ਹੈ।

ਜ਼ਿਕਰਯੋਗ ਹੈ ਕਿ ਖਾੜਕੂਵਾਦ ਦੇ ਦੌਰ ਚ ਪੰਜਾਬ ਪੁਲਿਸ ਦੇ ਵੱਖ ਵੱਖ ਅਹੁਦਿਆਂ ਤੇ ਰਹਿੰਦਿਆਂ ਇਜਹਾਰ ਆਲਮ ਵਲੋਂ ਸਿੱਖ ਨੌਜਵਾਨੀ ਦਾ ਘਾਣ ਕੀਤਾ ਗਿਆ ਸੀ। ਅੱਜ ਵੀ ਪਿੰਡਾਂ ਵਿਚ "ਆਲਮ ਸੈਨਾ" ਨਾਮ ਦੇ ਉਸ ਟੋਲੇ ਦੇ ਚਰਚੇ ਆਮ ਹੁੰਦੇ ਹਨ ਜੋ ਸਿੱਖ ਨੌਜਵਾਨੀ ਦਾ ਸ਼ਿਕਾਰ ਖੇਡਦਾ ਸੀ।

ਸਾਕਾ ਨਕੋਦਰ ਸਮੇਂ ਇਜ਼ਹਾਰ ਆਲਮ ਜਿਲੇ ਦਾ ਐਸਐਸਪੀ ਸੀ। ਇਸ ਸਾਕੇ ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਚ ਪ੍ਰਦਰਸ਼ਨ ਕਰ ਰਹੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੈਂਬਰਾਂ ਤੇ ਗੋਲੀਆਂ ਚਲਾਈਆਂ ਗਈਆਂ ਸਨ। ਇਸ ਗੋਲੀਬਾਰੀ ਵਿੱਚ ਫੈਡਰੇਸ਼ਨ ਦੇ ਚਾਰ ਨੌਜਵਾਨ ਸਿੰਘ ਸ਼ਹੀਦ ਹੋਏ ਸਨ। ਉਹਨਾਂ ਦਾ ਸਸਕਾਰ ਪੁਲਿਸ ਵਲੋਂ ਪਰਿਵਾਰ ਦੀ ਗੈਰ ਹਾਜ਼ਰੀ 'ਚ ਹੀ ਕਰ ਦਿੱਤਾ ਗਿਆ ਸੀ। ਜਾਂਚ ਵਿਚ ਇਜ਼ਹਾਰ ਆਲਮ ਦਾ ਨਾਮ ਮੁੱਖ ਦੋਸ਼ੀ ਵਜੋਂ ਸਾਹਮਣੇ ਆਇਆ ਸੀ। ਉਸ ਸਮੇਂ ਸੂਬੇ ਅੰਦਰ ਅਕਾਲੀ ਦਲ ਦੀ ਸਰਕਾਰ ਸੀ। ਇਸ ਤੋਂ ਬਾਅਦ ਤਰੱਕੀ ਕਰਦਾ ਹੋਇਆ ਆਲਮ ਪੁਲਿਸ ਮੁਖੀ ਦੇ ਅਹੁਦੇ ਤੱਕ ਪਹੁੰਚ ਗਿਆ।

ਸਿੱਖ ਨੌਜਵਾਨਾਂ ਦੇ ਘਾਣ ਬਦਲੇ ਇਸਨੂੰ ਭਾਰਤ ਦੇ ਰਾਸ਼ਟਰਪਤੀ ਤੋਂ ਪਦਮ ਸ਼੍ਰੀ ਅਵਾਰਡ ਮਿਲਿਆ ਸੀ। ਅਕਾਲੀ ਦਲ ਬਾਦਲ ਵਲੋਂ ਇਜ਼ਹਾਰ ਆਲਮ ਨੂੰ ਪਾਰਟੀ ਦੇ ਉਚ ਅਹੁਦੇ ਸੌਂਪੇ ਗਏ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਬੀਬੀਆਂ ਦੀ ਇਕਾਈ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਫਰਜ਼ਾਨਾ ਆਲਮ ਤੋਂ ਇਲਾਵਾ ਬੀਬੀ ਕਿਰਨਜੋਤ ਕੌਰ ਮੈਂਬਰ ਐੱਸ.ਜੀ.ਪੀ.ਸੀ ਅੰਮ੍ਰਿਤਸਰ, ਬੀਬੀ ਗੁਰਪ੍ਰੀਤ ਕੌਰ ਸਿਬੀਆ ਲੁਧਿਆਣਾ, ਬੀਬੀ ਬਲਜਿੰਦਰ ਕੌਰ ਖੀਰਨੀਆਂ ਸਮਰਾਲਾ, ਬੀਬੀ ਇੰਦਰਜੀਤ ਕੌਰ ਮਾਨ ਜਲੰਧਰ, ਬੀਬੀ ਸੀਮਾ ਸ਼ਰਮਾ ਪਟਿਆਲਾ, ਬੀਬੀ ਰਾਜਵੰਤ ਕੌਰ ਦਾਦੂਵਾਲ ਜਲੰਧਰ, ਬੀਬੀ ਗੁਰਪ੍ਰੀਤ ਕੌਰ ਵਾਲੀਆ ਜਲੰਧਰ, ਬੀਬੀ ਪੂਨਮ ਅਰੋੜਾ ਲੁਧਿਆਣਾ, ਬੀਬੀ ਵੀਨਾ ਜੈਰਥ ਲੁਧਿਆਣਾ, ਬੀਬੀ ਦਲਜੀਤ ਕੌਰ ਦਾਊਦਪੁਰ ਕਪੂਰਥਲਾ ਅਤੇ ਬੀਬੀ ਦਲਜੀਤ ਕੌਰ ਐਮ.ਸੀ ਬੇਗੋਵਾਲ ਨੂੰ ਵੀ ਜਨਰਲ ਸਕੱਤਰ ਦੇ ਅਹੁਦੇ ਦਿੱਤੇ ਹਨ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਬਾਕੀ ਜਥੇਬੰਦੀ ਦਾ ਐਲਾਨ ਵੀ ਜਲਦ ਕਰ ਦਿੱਤਾ ਜਾਵੇਗਾ।

ਇਜ਼ਹਾਰ ਆਲਮ ਦੀ ਪਤਨੀ ਫਰਜ਼ਾਨਾ ਆਲਮ ਨੂੰ ਜਨਰਲ ਸਕੱਤਰ ਬਣਾਉਣ 'ਤੇ ਵਿਰੋਧ ਕਰਦਿਆਂ ਬੀਬੀ ਕਿਰਨਜੋਤ ਕੌਰ ਨੇ ਸ਼੍ਰੋਮਣੀ ਅਕਾਲੀ ਦਲ ਦੀ ਇਸਤਰੀ ਇਕਾਈ ਦੇ ਜਨਰਲ ਸਕੱਤਰ ਦਾ ਅਹੁਦਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਸਬੰਧੀ ਬਿਆਨ ਜਾਰੀ ਕਰਦਿਆਂ ਉਹਨਾਂ ਕਿਹਾ, "ਮੈਂ ਗਵਾਹ ਹਾਂ ਉਸ ਸਮੇਂ ਦੀ ਜਦੋਂ ਇਜਹਾਰ ਆਲਮ ਅੰਮ੍ਰਿਤਸਰ ਦਾ ਸ਼ਸ਼ਫ ਸੀ ਅਤੇ ਇਸ ਦੀ ਆਲਮ ਸੈਨਾ ਨੇ ਸਿੱਖ ਨੌਜੁਆਨਾਂ ਨੂੰ ਮਾਰਣ ਦਾ ਬੀੜਾ ਚੁਕਿਆ ਹੋਇਆ ਸੀ। ਰਿਟਾਇਰ ਹੋਕੇ ਉਹ ਪੰਥਕ ਹੋ ਗਿਆ ਤੇ ਅਕਾਲੀ ਦਲ ਦਾ ਮੀਤ ਪ੍ਰਧਾਨ ਬਣ ਗਿਆ। ਹੁਣ ਉਸ ਦੀ ਵਹੁਟੀ ਇਸਤਰੀ ਅਕਾਲੀ ਦਲ ਦੀ ਜਨਰਲ ਸਕੱਤਰ ਬਣ ਗਈ। ਠੀਕ ਹੈ, ਤੁਹਾਡੀ ਮਰਜ਼ੀ !! ਪਰ ਮੇਰਾ ਨਾਂ ਉਸੇ ਲਿਸਟ ਵਿੱਚ ਕਿਉਂ ਸ਼ਾਮਲ ਕੀਤਾ ਗਿਆ ??? ਮੈਨੂੰ ਅਹੁਦੇ ਦੀ ਲੋੜ ਨਹੀਂ।"

# ਕੀ ਫ਼ਰਕ ਹੈ ਸਿੱਖ ਲੀਡਰਸ਼ਿਪ ਅਤੇ ਹਿੰਦੂ ਲੀਡਰਸ਼ਿਪ ਵਿੱਚ ?



- ਰਣਜੀਤ ਸਿੰਘ ਦਮਦਮੀ ਟਕਸਾਲ
(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)
88722-93883.

ਜਦ ਅਖ਼ਬਾਰਾਂ 'ਚ ਇਹ ਖ਼ਬਰ ਆਈ ਕਿ ਸ਼੍ਰੋਮਣੀ ਕਮੇਟੀ ਅਧੀਨ ਚਲਦੀ ਪ੍ਰਿੰਟਿੰਗ ਪ੍ਰੈੱਸ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਗ਼ਾਇਬ ਹਨ ਤੇ ਜਦ ਸ਼੍ਰੋਮਣੀ ਕਮੇਟੀ ਨੇ ਇਸ ਖ਼ਬਰ ਦਾ ਠੋਕਵਾਂ ਵਿਰੋਧ ਕੀਤਾ ਤਾਂ ਸਭ ਨੂੰ ਜਾਪਿਆ ਕਿ ਬਾਦਲ ਕੇ ਜਿੰਨਾ ਮਰਜ਼ੀ ਗ਼ਰਕ ਗਏ ਹੋਣ ਪਰ ਐਨੇ ਤਾਂ ਨਹੀਂ ਗ਼ਰਕ ਸਕਦੇ ਕਿ ਪ੍ਰਿੰਟਿੰਗ ਪ੍ਰੈੱਸ 'ਚੋਂ ਪਾਵਨ ਸਰੂਪ ਹੀ ਗ਼ਾਇਬ ਹੋ ਜਾਣ! ਪਰ ਜਦ ਮਸਲਾ ਭਖਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਸ ਬਾਰੇ ਪੜਤਾਲ ਕਰਵਾਈ ਤੇ ਸੱਚ ਸਾਹਮਣੇ ਆਇਆ ਤਾਂ 'ਕਾਅਬੇ ਵਿੱਚ ਕੁਫ਼ਰ' ਵਾਲ਼ੀ ਗੱਲ ਹੀ ਸਿੱਧ ਹੋਈ!

ਇੱਕ ਕਿਤਾਬ ਹੈ 'ਸ਼੍ਰੋਮਣੀ ਕਮੇਟੀ ਕਿਵੇਂ ਬਣੀ' ? ਜਦ ਇਸ ਕਿਤਾਬ ਵਿੱਚੋਂ ਉਸ ਵੇਲ਼ੇ ਦੇ ਹਾਲਾਤ ਪੜਦੇ ਹਾਂ ਜਦ ਸਾਡੇ ਗੁਰਧਾਮਾਂ ਦੇ ਪ੍ਰਬੰਧ ਵਿੱਚ ਨਿਘਾਰ ਕਰਕੇ ਮਹੰਤਾਂ ਖ਼ਿਲਾਫ਼ ਸਾਡੇ ਦਾਦੇ-ਪੜਦਾਦੇ ਮੈਦਾਨ ਵਿੱਚ ਨਿੱਤਰੇ ਸੀ ਤਾਂ ਨਾਲ਼ ਦੀ ਨਾਲ਼ ਚੇਤੇ ਆ ਜਾਂਦਾ ਹੈ ਕਿ ਬਿਲਕੁਲ ਉਹੀ ਗੜਬੜਾਂ, ਨਿਘਾਰ, ਕਮਜ਼ੋਰੀਆਂ ਤੇ ਘਾਟਾਂ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਵਿੱਚ ਆ ਗਈਆਂ ਹਨ! ਓਦੋਂ ਚਰਚਾ ਚਲਦੀ ਹੁੰਦੀ ਸੀ ਕਿ ਮਹੰਤਾਂ ਨੂੰ ਭਜਾ ਕੇ ਜਿਹੜੇ ਲੋਕਾਂ ਦੇ ਹੱਥਾਂ ਵਿੱਚ ਹੁਣ ਪ੍ਰਬੰਧ ਦੇ ਰਹੇ ਹਾਂ ਜੇ ਕਿਤੇ ਇਹ ਵਿਗੜ ਗਏ ਤਾਂ ਲਾਹੁਣੇ ਔਖੇ ਹੋ ਜਾਣਗੇ।

ਹੁਣ ਉਹੀ ਗੱਲ ਸੱਚੀ ਹੋਈ ਪਈ ਹੈ। ਸ਼੍ਰੋਮਣੀ ਕਮੇਟੀ 'ਚ ਹਰ ਤਰਾਂ ਦਾ ਨਿਘਾਰ ਆ ਚੁੱਕਾ ਹੈ ਪਰ ਮੌਜੂਦਾ ਪ੍ਰਬੰਧਕਾਂ ਨੂੰ ਲਾਂਭੇ ਕਰਨ ਦਾ ਕੋਈ ਰਾਹ ਨਹੀਂ। ਵੋਟਾਂ ਰਾਹੀਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਤਾਂ ਬਦਲੇ ਜਾ ਸਕਦੇ ਨੇ ਪਰ ਸਿਸਟਮ ਦੇ ਅੰਦਰ ਵੱਸ ਚੁੱਕੀ ਗੜਬੜ ਦਾ ਕੋਈ ਹੱਲ ਨਹੀਂ ਦਿਸਦਾ! ਇਹ ਸੰਸਥਾ ਕਨੂੰਨੀ ਤੌਰ ਉੱਤੇ ਐਨੀ ਮਜ਼ਬੂਤ ਹੈ ਕਿ ਗੜਬੜ ਕਰਨ ਵਾਲ਼ੇ ਨੂੰ ਪੂਰੀ ਕਨੂੰਨੀ ਸੁਰੱਖਿਆ ਹਾਸਲ ਹੈ! ਬਾਦਲ-ਪਰਿਵਾਰ ਨੇ ਆਪਣੇ ਸਵਾਰਥਾਂ ਲਈ ਸ਼੍ਰੋਮਣੀ ਕਮੇਟੀ ਦੇ ਨਾਲ਼-ਨਾਲ਼ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਘੇਰ ਲਿਆ! ਹਾਲਾਤ ਐਨੇ ਹੱਥੋਂ ਨਿਕਲੇ ਹੋਏ ਨੇ ਕਿ ਛੇਤੀ ਕੀਤੇ ਤਾਂ ਬਾਦਲ-ਪਰਿਵਾਰ ਤੋਂ ਹੀ ਖਹਿੜਾ ਛੁਡਵਾਉਣਾ ਔਖਾ ਲਗਦਾ ਪਰ ਜੇ ਕਿਸੇ ਤਰਾਂ ਇਹ ਚਮਤਕਾਰ ਵਾਪਰ ਹੀ ਜਾਵੇ ਤਾਂ ਹਾਲਾਤ ਹੋਰ ਜ਼ਿਆਦਾ ਵਿਗੜਨ ਦੇ ਆਸਾਰ ਹਨ! ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਾਮਲ ਰਹੇ ਗੁਰਸਿੱਖ ਜੇ ਇਹ ਸਭ ਕੁਝ ਵੇਖਣ ਤਾਂ ਇਹੀ ਕਹਿਣਗੇ ਕਿ ਇਹਨਾਂ ਨਾਲ਼ੋਂ ਤਾਂ ਮਹੰਤ ਕਿਤੇ ਚੰਗੇ ਸੀ!

ਸਿੱਖ ਸੰਸਥਾਵਾਂ, ਖ਼ਾਸ ਕਰਕੇ ਗੁਰਧਾਮਾਂ ਦੇ ਪ੍ਰਬੰਧ ਵਾਲ਼ੀਆਂ ਸੰਸਥਾਵਾਂ ਵਿੱਚ ਉਹ ਲੋਕ ਹੀ ਛਾਏ ਹੋਏ ਨੇ ਜਿਹੜੇ ਪੰਥਕ ਹਿੱਤਾਂ ਦੀ ਪ੍ਰਵਾਹ ਨਾ ਕਰਨ ਤੇ ਪੰਥ ਦੇ ਖ਼ਿਲਾਫ਼ ਭੁਗਤਦੇ ਲੋਕਾਂ ਤੇ ਵਰਤਾਰਿਆਂ ਦੀ ਜਾਂ ਤੇ ਹਮਾਇਤ ਵਿੱਚ ਹੋਣ ਜਾਂ ਖ਼ਾਮੋਸ਼ ਰਹਿ ਕੇ ਸਹਿਮਤੀ ਦੇਣ! ਪੰਥ ਨੂੰ ਸਮਰਪਿਤ ਕਿਸੇ ਵੀ ਸਿੱਖ ਦਾ ਇਹਨਾਂ ਸੰਸਥਾਵਾਂ ਵਿੱਚ ਜਿਊਣਾ ਦੁੱਭਰ ਕਰ ਦਿੱਤਾ ਜਾਂਦਾ। ਸੰਸਥਾਵਾਂ ਉੱਤੇ ਕਾਬਜ਼ ਘੜੰਮ-ਚੌਧਰੀ ਪੂਰੀ ਮਿਹਨਤ ਕਰਦੇ ਨੇ ਕਿ ਵੇਖਣ ਵਾਲ਼ੇ ਨੂੰ ਇਉਂ ਜਾਪੇ ਕਿ ਇਹ ਲੋਕ ਤਾਂ ਪੰਥ ਦੀ ਚੜਦੀ ਕਲਾ ਲਈ ਦਿਨ-ਰਾਤ ਲੱਗੇ ਹੋਏ ਨੇ ਪਰ ਵਿਚਾਰਿਆਂ ਦੀ ਵਾਹ ਨਹੀਂ ਚਲਦੀ ਤੇ ਪੰਥ-ਦੋਖੀਆਂ ਸਾਹਮਣੇ ਬੇਵੱਸ ਤੇ ਲਾਚਾਰ ਨੇ! ਸਮਝਣ ਦੀ ਲੋੜ ਹੈ ਕਿ ਇਹ ਨੀਤੀ ਤੇ ਇਹ ਖੇਡ ਕਿੱਥੋਂ ਚੱਲ ਰਹੀ ਹੈ ਕਿ ਪੰਥਕ ਸੋਚ ਵਾਲ਼ਿਆਂ ਨੂੰ ਪੰਥਕ ਸੰਸਥਾਵਾਂ ਦੇ ਨੇੜੇ ਨਹੀਂ ਲੱਗਣ ਦੇਣਾ ਤੇ ਉਨਾਂ ਲੋਕਾਂ ਨੂੰ ਹੀ ਪੰਥਕ ਸੰਸਥਾਵਾਂ ਉੱਤੇ ਬਿਠਾਈ ਰੱਖਣਾ ਹੈ ਜਿਹੜੇ ਸਿੱਖਾਂ ਦੀ ਬਿਪਤਾ ਵਧਾਉਣ ਦੇ ਮਾਹਰ ਹੋਣ!

ਹੈਰਾਨੀ ਦੀ ਗੱਲ ਹੈ ਕਿ ਮਾਮਲਾ ਤਾਂ 267 ਸਰੂਪ ਗ਼ਾਇਬ ਹੋਣ ਦਾ ਉੱਭਰਿਆ ਸੀ ਪਰ ਜਦ ਜਾਂਚ ਹੋਈ ਤਾਂ 328 ਸਰੂਪ ਗ਼ਾਇਬ ਪਾਏ ਗਏ। ਇਹ ਸਭ ਕੁਝ ਬਾਦਲ ਕਿਆ ਦੀ ਸਿੱਖ ਸੰਸਥਾਵਾਂ ਵਿੱਚ ਦਖ਼ਲ-ਅੰਦਾਜ਼ੀ ਕਰਕੇ ਵਾਪਰਿਆ ਹੈ। ਇਹ ਘਪਲਾ ਤਾਂ ਨਸ਼ਰ ਹੋ ਗਿਆ, ਹੋਰ ਪਤਾ ਨਹੀਂ ਕੀ ਕੁਝ ਹੋਇਆ ਹੈ! ਬਾਦਲ ਕਿਆ ਦੇ ਚਹੇਤੇ ਕੋਹਲੀ/ਹਰਚਰਨ ਸਿੰਘ ਵਰਗੇ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਰਾਹੀਂ ਨਿਹਾਲ ਕੀਤਾ ਗਿਆ। ਜਦ ਮੁਲਾਜ਼ਮ-ਸਕੱਤਰ ਵੇਖਦੇ ਹਨ ਕਿ ਬਾਦਲ ਕਿਆ ਨੇ ਆਪਣੇ ਚਹੇਤੇ ਭਰਤੀ ਕੀਤੇ ਹਨ, ਅਪੰਥਕ ਫ਼ੈਸਲੇ ਹੋ ਰਹੇ ਹਨ ਤਾਂ ਹੇਠਾਂ ਤਕ ਭ੍ਰਿਸ਼ਟਾਚਾਰ ਦੇ ਰਾਹ ਖੁੱਲਦੇ ਹਨ। ਹੇਰਾਫੇਰੀ-ਗ਼ਲਤੀ ਨਸ਼ਰ ਹੋਣ ਮਗਰੋਂ ਹਰੇਕ ਮੁਲਾਜ਼ਮ ਨੂੰ ਪਤਾ ਹੁੰਦਾ ਹੈ ਕਿ ਬਾਦਲ ਕਿਆ ਦੀ ਸਿਫ਼ਾਰਸ਼ ਨਾਲ਼ ਫੇਰ ਕਿਵੇਂ ਆਪਣੀ ਸੀਟ ਉੱਤੇ ਪਹੁੰਚਣਾ ਹੈ। ਇਉਂ ਬਾਦਲ ਕਿਆ ਨੇ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗ੍ਰਹਿਣ ਲਾ ਦਿੱਤਾ ਹੈ।

ਸਿੱਖ ਆਪਣੇ ਆਪ ਨੂੰ ਬੜੇ ਸਿਆਣੇ ਤੇ ਹਿੰਦੂਆਂ ਨੂੰ ਬੇਕਾਰ ਜਿਹੇ ਸਮਝ ਕੇ ਮਖੌਲਾਂ ਕਰਦੇ ਹਨ ਪਰ ਹਿੰਦੂਆਂ ਨੇ ਉਹ ਲੀਡਰਸ਼ਿਪ ਚੁਣੀ ਹੈ ਜੋ ਉਨਾਂ ਦੇ ਕੌਮੀ ਹਿੱਤਾਂ ਦੀ ਪੂਰਤੀ ਲਈ ਦ੍ਰਿੜ ਹੈ ਜਦ ਕਿ ਸਿੱਖਾਂ ਨੇ ਉਹ ਲੀਡਰਸ਼ਿਪ



ਚੁਣੀ ਹੈ ਜੋ ਸਿੱਖ ਕੌਮ ਦਾ ਜਲੂਸ ਕਢਵਾ ਰਹੀ ਹੈ ਤੇ ਐਨੀ ਗਈ ਗੁਜਰੀ ਹੈ ਕਿ ਕੌਮ ਦੇ ਇਸ਼ਟ ਦੀ ਬੇਅਦਬੀ ਦੀ ਵੀ ਪ੍ਰਵਾਹ ਨਹੀਂ ਕਰਦੀ! ਐਹੋ ਜਿਹੀ ਸਿੱਖ ਲੀਡਰਸ਼ਿਪ ਵਿੱਚ ਕੌਣ ਭਰੋਸਾ ਕਰੇਗਾ ? ਇਤਿਹਾਸ ਦੇ ਸਫ਼ੇ ਉੱਤੇ ਦਰਜ਼ ਹੋ ਕੇ ਰਹੇਗਾ ਕਿ ਸਿੱਖਾਂ ਨੇ ਬੇਕਾਰ ਤੇ ਗਈ-ਗੁਜਰੀ ਸਿੱਖ ਲੀਡਰਸ਼ਿਪ ਚੁਣੀ ਸੀ!

ਬਤੌਰ ਸਿੱਖ ਅਸੀਂ ਆਪਣੇ ਨਜ਼ਰੀਏ ਤੋਂ ਆਰ.ਐੱਸ.ਐੱਸ., ਭਗਵੇਂ ਬ੍ਰਿਗੇਡ, ਹਿੰਦੂ ਤਵੀਆਂ ਤੇ ਮੋਦੀ ਲੀਡਰਸ਼ਿਪ ਨੂੰ ਜੋ ਮਰਜ਼ੀ ਕਹੀਏ ਪਰ ਹਿੰਦੂ ਨਜ਼ਰੀਏ ਤੋਂ ਇਹ ਲੀਡਰਸ਼ਿਪ ਕਮਾਲ ਦੀ ਸਿੱਧ ਹੋਈ ਹੈ। ਪਿਛਲੇ ਸਾਲ ਜਦ ਮੋਦੀ ਦੀ ਹਮਾਇਤ ਵਿੱਚ ਸਾਰੇ ਭਾਰਤ ਨੇ ਵੋਟਾਂ ਪਾ ਕੇ ਦੁਬਾਰਾ ਸੱਤਾ ਸੌਂਪੀ ਤਾਂ ਸਾਰੇ ਭਾਰਤ ਦੇ ਹਿੰਦੂ ਨੂੰ ਯਕੀਨ ਸੀ ਕਿ ਇਹ ਰਾਮ ਮੰਦਰ ਲਾਜ਼ਮੀ ਬਣਾਉਣਗੇ ਤੇ ਮੁਸਲਮਾਨਾਂ ਸਾਹਮਣੇ ਅਸੀਂ ਸਿਰ ਚੱਕਣ ਜੋਗੇ ਹੋ ਜਾਵਾਂਗੇ। ਬਾਬਰੀ ਮਸਜਿਦ ਵਾਲ਼ੀ ਥਾਂ ਉੱਤੇ ਰਾਮ ਮੰਦਰ ਬਣਾਉਣ ਪਿੱਛੇ ਅਸਲ ਕਾਰਨ ਤਾਂ ਪਿਛਲੀਆਂ ਸਦੀਆਂ ਵਿੱਚ ਮੁਸਲਮਾਨਾਂ ਹੱਥੋਂ ਹੋਈ ਹਿੰਦੂਆਂ ਦੀ ਖੇਹ-ਖ਼ੁਆਰੀ ਹੈ। ਹਿੰਦੂਆਂ ਕੋਲ਼ ਅਡਵਾਨੀ, ਇੰਦਰਾ, ਮੋਦੀ ਵਰਗੇ ਆਗੂ ਨੇ ਜਿਹੜੇ ਹਿੰਦੂਤਵ ਲਈ ਨਾ ਕਿਸੇ ਦਾ ਧਰਮ-ਸਥਾਨ ਢਾਹੁਣ-ਢਵਾਉਣ ਮੌਕੇ ਢਿੱਲ ਕਰਦੇ ਨੇ, ਨਾ ਆਪਣੇ ਧਰਮ ਦਾ ਸਥਾਨ ਬਣਾਉਣ ਵੇਲ਼ੇ ਵੇਖਦੇ-ਸੋਚਦੇ ਨੇ ਕਿ ਸਾਰਾ ਸੰਸਾਰ ਸਾਨੂੰ ਲਾਹਨਤਾਂ ਪਾ ਰਿਹਾ! ਹਿੰਦੂਆਂ ਦੇ ਆਗੂ ਸਿਰਫ਼ ਹਿੰਦੂ ਕੌਮ ਦੇ ਹਿਤ ਵੇਖਦੇ ਨੇ! ਉਹ ਆਪਣੇ ਨਿਸ਼ਾਨੇ ਉੱਤੇ ਨਜ਼ਰ ਗੱਡ ਕੇ ਅੱਗੇ ਵਧਦੇ ਨੇ ਜਿਸ ਕਰਕੇ ਹਰੇਕ ਹਿੰਦੂ ਉਨਾਂ ਵਿੱਚ ਅੰਨਾ ਹੋ ਕੇ ਭਰੋਸਾ ਕਰਦਾ ਹੈ। ਬਾਬਰੀ ਮਸਜਿਦ ਢਾਹ ਕੇ ਓਥੇ ਰਾਮ ਮੰਦਰ ਬਣਵਾ ਕੇ ਹਿੰਦੂ ਆਗੂਆਂ ਨੇ ਜਿੱਥੇ ਹਿੰਦੂ ਚੇਤਨਾ ਨੂੰ ਨਿਹਾਲ ਕਰ ਦਿੱਤਾ, ਓਥੇ ਮੁਸਲਮਾਨ ਚੇਤਨਾ ਨੂੰ ਵੀ ਚਾਰ-ਖ਼ਾਨੇ ਚਿੱਤ ਕਰ ਦਿੱਤਾ! ਆਮ ਹਿੰਦੂ-ਮਾਨਸਿਕਤਾ ਵਿੱਚ ਮੁਸਲਮਾਨਾਂ ਪ੍ਰਤੀ ਨਫ਼ਰਤ ਤੇ ਵਿਰੋਧ ਨੂੰ ਆਪਣੇ ਸਿਆਸੀ ਹਿਤ ਲਈ ਵਰਤ ਕੇ ਇਤਿਹਾਸ ਵਿੱਚ ਜੋ ਹਾਰ, ਸ਼ਰਮ, ਹੀਣਤਾ ਝੋਲ਼ੀ ਪਾਈ ਹੈ ਉਹਦੇ ਉੱਪਰ ਜੇਤੂ ਹੋਣ ਦੀ ਮਲਮ ਲਾ ਕੇ ਹਿੰਦੂ ਤਵੀਆਂ ਨੇ ਆਪਣੇ ਸਿਆਸੀ ਭਵਿੱਖ ਨੂੰ ਹੀ ਨਿਸ਼ਚਿਤ ਨਹੀਂ ਕੀਤਾ, ਸਗੋਂ ਭਵਿੱਖ ਦੇ ਭਾਰਤ ਵਿੱਚ ਵੀ ਬੜੀ ਵੱਡੀ ਤਬਦੀਲੀ ਤੇ ਰੱਦੋ-ਬਦਲ ਬਾਰੇ ਦੱਸ ਦਿੱਤਾ ਹੈ। ਉਦਾਰ-ਧਰਮ ਨਿਰਪੱਖ-ਲੋਕਤੰਤਰ (ਲਿਬਰਲ ਸੈਕੂਲਰ ਡੈਮੋਕਰੇਸੀ) ਵਾਲ਼ਾ ਬੁਰਕਾ ਲਾਹ ਕੇ ਹੁਣ ਇੱਥੇ ਹਿੰਦੂਤਵੀ ਕੱਟੜਵਾਦ ਦੀ ਰਾਜਨੀਤੀ ਭਾਰੂ ਹੋਵੇਗੀ। ਜਿਵੇਂ ਇੰਦਰਾ ਦੀ ਥਾਂ ਲੈਣ ਲਈ ਉਹਦੇ ਨਾਲ਼ੋਂ ਵਧ ਕੱਟੜ ਹਿੰਦੂ ਆਗੂ ਦੀ ਲੋੜ ਸੀ ਤੇ ਅਡਵਾਨੀ ਦੀ ਰਥ-ਯਾਤਰਾ ਨਿਕਲੀ ਜਿਸ ਨੇ ਭਾਰਤ ਨੂੰ ਲਹੂ-ਲੁਹਾਨ ਕੀਤਾ। ਫੇਰ ਅਡਵਾਨੀ ਤੋਂ ਗੱਦੀ ਖੋਹਣ ਲਈ ਉਹਦੇ ਨਾਲ਼ੋਂ ਵਧ ਕੱਟੜ ਹਿੰਦੂ ਆਗੂ ਦੇ ਰੂਪ ਵਿੱਚ ਮੋਦੀ ਉੱਭਰਿਆ। ਹੁਣ ਮੋਦੀ ਦੀ ਥਾਂ ਲੈਣ ਲਈ ਮੋਦੀ ਨਾਲ਼ੋਂ ਵਧ ਕੱਟੜ ਹਿੰਦੂ ਆਗੂ ਦਾ ਉਭਾਰ ਹੋਣਾ ਹੈ। ਭਵਿੱਖ ਵਿੱਚ ਕਿਸੇ ਐਹੋ ਜਿਹੇ ਆਗੂ ਲਈ ਕਿਸੇ ਵੱਡੇ ਖ਼ੂਨ-ਖ਼ਰਾਬੇ ਤੇ ਕਤਲੇਆਮ ਦੀ ਵਿਉਂਤਬੰਦੀ ਹੋ ਰਹੀ ਹੋਵੇਗੀ।

ਹੁਣ ਆਪਾਂ ਆਪਣੇ ਘਰ ਵੱਲ ਨਜ਼ਰ ਮਾਰੀਏ! ਕੀ ਬਾਦਲ, ਕੈਪਟਨ, ਢੀਂਡਸਾ ਸਮੇਤ ਭਾਰਤੀ ਮੁੱਖ-ਧਾਰਾ ਨੂੰ ਮੱਥਾ ਟੇਕੀ ਬੈਠੇ ਕਿਸੇ ਸਿੱਖ ਆਗੂ ਵਿੱਚ ਐਨਾ ਹਿੰਦੂ ਆਗੂਆਂ ਵਾਂਗ ਆਪਣੀ ਕੌਮ ਦੇ ਹੱਕਾਂ ਤੇ ਆਪਣੀ ਕੌਮ ਦੇ ਹਿੱਤਾਂ ਲਈ ਲੜਨ-ਮਰਨ ਦਾ ਜਜ਼ਬਾ ਹੈ ? ਹਿੰਦੂ ਆਗੂ ਵੀ ਦੂਜੀਆਂ ਕੌਮਾਂ ਦੀਆਂ ਵੋਟਾਂ ਲੈਂਦੇ ਹਨ ਪਰ ਕਦੇ ਵੀ ਉਹ ਕੰਮ ਕਦਾਚਿਤ ਨਹੀਂ ਕਰਦੇ ਜੋ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਸਹੀ ਨਾ ਹੋਵੇ ਜਦ ਕਿ ਸਿੱਖ ਆਗੂ ਦੂਜਿਆਂ ਧਰਮਾਂ ਦੀਆ ਵੋਟਾਂ ਲੈਣ ਦੇ ਨਾਂ ਹੇਠ ਸਿੱਖ ਰਹਿਤ ਮਰਿਆਦਾ ਦੀਆਂ ਧੱਜੀਆਂ ਉਡਾਉਂਦੇ ਹਨ। ਹਿੰਦੂ ਆਗੂ ਆਪਣੀ ਰਾਜਨੀਤੀ ਆਪਣੇ ਧਰਮ ਵਿਚ ਪਰਪੱਕ ਰਹਿ ਕੇ ਕਰਦੇ ਹਨ, ਜਿਸ ਕਰਕੇ ਹਰੇਕ ਹਿੰਦੂ ਉਨਾਂ ਦਾ ਸਤਿਕਾਰ ਕਰਦਾ ਹੈ ਤੇ ਉਨਾਂ ਦੀ ਹਮਾਇਤ ਕਰਦਾ ਹੈ। ਸਿੱਖ ਆਗੂ ਆਪਣੀ ਰਾਜਨੀਤੀ ਆਪਣੇ ਧਰਮ ਦੇ ਖ਼ਿਲਾਫ਼ ਭੁਗਤ ਕੇ ਹਰ ਉਹ ਕੰਮ ਕਰਦੇ ਹਨ ਜਿਸ ਨਾਲ਼ ਧਰਮੀ ਗੁਰਸਿੱਖ ਸ਼ਰਮਸਾਰ ਹੋ ਜਾਣ, ਇਸ ਕਰਕੇ ਸਿੱਖ ਆਗੂਆਂ ਦਾ ਕੋਈ ਸਤਿਕਾਰ ਨਹੀਂ।

ਹਿੰਦੂ ਆਗੂ ਕਦੇ ਵੀ ਉਸ ਥਾਂ ਨਹੀਂ ਜਾਂਦੇ, ਉਹ ਕੰਮ ਨਹੀਂ ਕਰਦੇ ਜੋ ਉਨਾਂ ਦੇ ਧਰਮ ਦੇ ਹਿਸਾਬ ਨਾਲ਼ ਗ਼ਲਤ ਹੋਵੇ ਤੇ ਉਸ ਕੰਮ ਕਰਕੇ ਹਿੰਦੂ ਲੋਕ ਨਰਾਜ਼ ਹੋ ਜਾਣ। ਪਰ ਸਿੱਖ ਆਗੂ ਹਰ ਉਸ ਥਾਂ ਜਾਣ ਤੇ ਹਰ ਉਸ ਕੰਮ ਨੂੰ ਕਰਨ ਵਿੱਚ ਹੀ ਟੌਹਰ ਸਮਝਦੇ ਹਨ ਜਿਸ ਨਾਲ਼ ਸਿੱਖ ਸੰਗਤਾਂ ਨਰਾਜ਼. ਹੋ ਜਾਣ! ਸੋ, ਜਿਹੜੇ ਹਿੰਦੂ ਆਪਣੇ ਧਰਮ ਵਿੱਚ ਪਰਪੱਕ ਹੋਣ, ਉਨਾਂ ਨਾਲ਼ ਬਾਦਲ, ਕੈਪਟਨ, ਢੀਂਡਸਾ ਵਰਗੇ ਭਾਰਤੀ ਮੁੱਖ-ਧਾਰਾ ਨੂੰ ਮੱਥਾ ਟੇਕੀ ਬੈਠੇ ਸਿੱਖ ਆਗੂ ਕਿੱਥੇ ਮੁਕਾਬਲਾ ਕਰ ਲੈਣਗੇ ? ਹਿੰਦੂ ਆਗੂ ਜਾਣਦੇ ਹਨ ਕਿ ਸਾਡੀ ਹਿੰਦੂ ਕੌਮ ਸਾਡੇ ਨਾਲ਼ ਹੈ ਤੇ ਅਸੀਂ ਉਸ ਨੂੰ ਕਿਸੇ ਵੀ ਕੀਮਤ ਉੱਤੇ ਨਹੀਂ ਕਰਨਾ ਜਦ ਕਿ ਹਿੰਦੂ ਆਗੂ ਇਹ ਵੀ ਜਾਣਦੇ ਹਨ ਕਿ ਬਾਦਲ, ਕੈਪਟਨ, ਢੀਂਡਸਾ ਸਮੇਤ ਭਾਰਤੀ ਮੁੱਖ-ਧਾਰਾ ਨੂੰ ਮੱਥਾ ਟੇਕੀ ਬੈਠੇ ਸਾਰੇ ਸਿੱਖ ਆਗੂ ਸਿੱਖਾਂ ਵਿੱਚ ਆਪਣੀ ਅਹਿਮੀਅਤ, ਕਦਰ, ਹੈਸੀਅਤ ਗਵਾਈ ਬੈਠੇ ਹਨ।

ਹਿੰਦੂ ਆਗੂ ਜਾਣਦੇ ਹਨ ਕਿ ਪ੍ਰਕਾਸ਼ ਸਿਹੁੰ ਬਾਦਲ, ਸੁਖਬੀਰ ਸਿਹੁੰ ਬਾਦਲ, ਕੈਪਟਨ ਅਮਰਿੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ, ਬ੍ਰਹਮਪੁਰਾ ਸਮੇਤ ਭਾਰਤੀ ਮੁੱਖ-ਧਾਰਾ ਨੂੰ ਮੱਥਾ ਟੇਕੀ ਬੈਠੇ ਸਾਰੇ ਸਿੱਖ ਆਗੂ ਬੇਸ਼ੱਕ ਵੋਟਾਂ ਵਿੱਚ ਜਿੱਤ ਵੀ ਜਾਂਦੇ ਹੋਣ ਪਰ ਅਸਲ ਵਿੱਚ ਇਹ ਆਪਣੀ ਕੌਮ ਦੀ ਹਮਾਇਤ ਗਵਾ ਚੁੱਕੇ ਹਨ। ਹਿੰਦੂ ਆਗੂ ਜਾਣਦੇ ਹਨ ਕਿ ਇਹ ਆਗੂ ਸਵਾਰਥਾਂ ਲਈ ਕੌਮੀ ਹਿੱਤਾਂ ਦੀ ਬਲੀ ਦਿੰਦੇ-ਦਿੰਦੇ ਪੂਰੀ ਕੌਮ ਸਾਹਮਣੇ ਨੰਗੇ ਹੋ ਚੁੱਕੇ ਹਨ। ਇਕ ਪਾਸੇ ਇਹ ਬਾਦਲ, ਕੈਪਟਨ, ਢੀਂਡਸਾ ਸਮੇਤ ਭਾਰਤੀ ਮੁੱਖ-ਧਾਰਾ ਨੂੰ ਮੱਥਾ ਟੇਕੀ ਬੈਠੇ ਸਾਰੇ ਸਿੱਖ ਆਗੂ ਨੇ ਜਿਹੜੇ ਬੇਕਾਰ ਜਿਹੀਆਂ ਗੱਲਾਂ ਬਦਲੇ ਹੀ ਆਪਣੀ ਕੌਮ ਦੀ ਹਮਾਇਤ ਗਵਾ ਕੇ ਬਹਿ ਗਏ, ਦੂਜੇ ਪਾਸੇ ਹਿੰਦੂ ਕੌਮ ਹੈ ਜੋ ਜਾਣਦੀ ਹੈ ਕਿ ਇਹ ਹਿੰਦੂ ਆਗੂ ਜਿੰਨਾ ਮਰਜ਼ੀ ਭ੍ਰਿਸ਼ਟਾਚਾਰ ਕਰੀ ਜਾਣ, ਜੋ ਮਰਜ਼ੀ ਹੋਰ ਗੜਬੜਾਂ ਕਰੀ ਜਾਣ ਪਰ ਹਿੰਦੂ-ਹਿਤ ਨੂੰ ਪਿੱਠ ਨਹੀਂ ਵਿਖਾਉਂਦੇ।

ਕਿਸੇ ਕੌਮ ਨੂੰ ਆਪਣੀ ਲੀਡਰਸ਼ਿਪ ਭ੍ਰਿਸ਼ਟ ਹੋਣ ਦਾ ਦੁੱਖ ਓਹਨਾ ਨਹੀਂ ਹੁੰਦਾ, ਜਿੰਨਾ ਦੁੱਖ ਲੀਡਰਸ਼ਿਪ ਉੱਤੇ ਓਦੋਂ ਹੁੰਦਾ ਹੈ ਜਦ ਲੀਡਰਸ਼ਿਪ ਧਰਮ-ਕੌਮ ਦੇ ਹਿੱਤਾਂ ਦੇ ਉਲ਼ਟ ਭੁਗਤਦੀ ਹੈ। ਕਿਸੇ ਧਰਮ ਜਾਂ ਕੌਮ ਨੂੰ ਓਹੀ ਲੀਡਰਸ਼ਿਪ ਪਿਆਰੀ ਹੁੰਦੀ ਹੈ ਜੋ ਧਰਮ-ਕੌਮ ਦੇ ਹਿੱਤਾਂ ਦੇ ਹੱਕ ਵਿਚ ਭੁਗਤੇ। ਲੀਡਰਸ਼ਿਪ ਦੇ ਹੋਰ ਔਗੁਣ ਕੌਮ ਅੱਖੋਂ-ਪਰੋਖੇ ਵੀ ਕਰ ਲੈਂਦੀ ਹੈ ਜਿਵੇਂ, 'ਸ਼ੇਰ-ਏ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਦੇ ਔਗੁਣਾਂ-ਕਮੀਆਂ-ਪੇਸ਼ੀਆਂ ਨਾਲ਼ੋਂ ਸਾਨੂੰ ਉਨਾਂ ਦੇ ਗੁਣਾਂ ਦੀ ਕਦਰ ਜ਼ਿਆਦਾ ਹੈ ਕਿ ਸਾਡੇ ਧਰਮ ਦੀ ਸ਼ਾਨ ਵਧਾਉਣ ਵਾਲ਼ਾ ਰਾਜ ਕਾਇਮ ਕੀਤਾ ਸੀ।

ਜਿਵੇਂ, ਹਿੰਦੂ ਅਵਾਮ ਨੂੰ ਮੋਦੀ ਤੇ ਹੋਰਾਂ ਦੀ ਲੀਡਰਸ਼ਿਪ ਵਿੱਚ ਭਰੋਸਾ ਸੀ ਕਿ ਮੁਸਲਮਾਨਾਂ ਸਾਹਮਣੇ ਸਾਨੂੰ ਸਿਰ ਉੱਚਾ ਕਰਕੇ ਜਿਊਣ ਵਾਲ਼ੇ ਹਾਲਾਤ ਬਣਾਉਣ ਲਈ ਇਹ ਰਾਮ ਮੰਦਰ ਲਾਜ਼ਮੀ ਬਣਾਉਣਗੇ। ਕੀ ਬਾਦਲ, ਕੈਪਟਨ, ਢੀਂਡਸਾ ਸਮੇਤ ਭਾਰਤੀ ਮੁੱਖ-ਧਾਰਾ ਨੂੰ ਮੱਥਾ ਟੇਕੀ ਬੈਠੇ ਸਾਰੇ ਸਿੱਖ ਆਗੂਆਂ ਵਿੱਚੋਂ ਕਿਸੇ ਦੇ ਪੱਲੇ ਐਹੋ ਜਿਹੀ ਲੀਡਰਸ਼ਿਪ ਹੈ ਜੋ ਸਾਰੀ ਕੌਮ ਦਾ ਭਰੋਸਾ ਜਿੱਤਣ ਲਈ ਡਟ ਕੇ ਇਉਂ ਅੱਗੇ ਵਧੇ ਕਿ ਹਰੇਕ ਨੂੰ ਦ੍ਰਿੜ ਯਕੀਨ ਹੋਵੇ ਕਿ ਇਹ ਸਾਡੇ ਢਾਹੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਬਦਲਾ ਲੈ ਕੇ ਦੇਣਗੇ, ਇਹ ਸਾਡੇ ਖੋਹੇ ਹੋਏ ਗੁਰਦੁਆਰੇ ਮਟਨ ਸਾਹਿਬ, ਮੰਗੂਮੱਠ ਸਾਹਿਬ, ਡਾਂਗਮਾਰ ਸਾਹਿਬ, ਗਵਾਲੀਅਰ ਤੇ ਗਿਆਨ ਗੋਦੜੀ ਵਾਪਸ ਲੈ ਕੇ ਦੇਣਗੇ ? ਹੈਗੀ ਸਿੱਖ ਲੀਡਰਸ਼ਿਪ ਜੋ ਇਹ ਭਰੋਸਾ ਪੈਦਾ ਕਰ ਸਕੇ ਕਿ ਸਿੱਖਾਂ ਦਾ ਖੋਹਿਆ ਹੋਇਆ ਵੱਕਾਰ, ਰੁਤਬਾ ਤੇ ਹੈਸੀਅਤ ਬਰਕਰਾਰ ਕਰਾਂਗੇ!

ਮੋਦੀ ਦੀ ਅਗਵਾਈ ਹੇਠ ਹਿੰਦੂ ਲੀਡਰਸ਼ਿਪ ਨੇ ਮੁਲਕ ਭਰ ਵਿੱਚ ਉਹ ਲੋਕ ਉਭਾਰੇ ਜਿਹੜੇ ਸ਼ਰੇਆਮ ਹਿੰਦੂ-ਰਾਸ਼ਟਰ ਦੀ ਗੱਲ ਕਰਦੇ ਨੇ ਪਰ ਜਦ ਬਾਦਲਾਂ ਦਾ ਰਾਜ ਸੀ ਤਾਂ ਮੇਰੇ ਵਰਗੇ ਹਰੇਕ ਪੰਥਕ ਤੇ ਖ਼ਾਲਿਸਤਾਨੀ ਸਿੱਖ ਦਾ ਜਿਊਣਾ ਦੁੱਭਰ ਕਰੀ ਰੱਖਿਆ! ਕਾਂਗਰਸ ਦੇ ਰਾਜ ਵਿਚ ਕੈਪਟਨ ਤੋਂ ਤਾਂ ਆਸ ਹੀ ਕੀ ਕਰਨੀ ਪਰ ਨੀਲੀ ਦਸਤਾਰ ਵਾਲੇ 'ਪੰਥ ਰਤਨ' ਦੇ ਰਾਜ ਵਿੱਚ ਪੰਥਕ ਸੋਚ ਵਾਲ਼ਿਆਂ ਨੂੰ ਯੂ.ਏ.ਪੀ.ਏ. ਲਾ ਕੇ ਜੇਲਾਂ ਵਿੱਚ ਡੱਕਿਆ ਗਿਆ!

ਇੱਕ ਪਾਸੇ ਮੋਦੀ ਵਾਲ਼ੀ ਹਿੰਦੂ ਲੀਡਰਸ਼ਿਪ ਹੈ ਜੋ ਅੱਤਵਾਦੀ ਸਾਧਵੀ ਪ੍ਰਗਿਆ, ਅਸੀਂ ਮਾਨੰਦ, ਕਰਨਲ ਪੁਰੋਹਿਤ ਵਰਗਿਆਂ ਦੀ ਹਮਾਇਤ ਵਿੱਚ ਡਟ ਕੇ ਖੜੀ ਰਹੀ। ਬੰਬ ਧਮਾਕਿਆਂ ਤੇ ਹੋਰ ਖ਼ੂਨੀ ਵਾਰਦਾਤਾਂ ਦੇ ਇਲਜ਼ਾਮਾਂ ਵਿੱਚ ਜੇਲ ਵਿੱਚ ਬੰਦ ਰਹੀ ਸਾਧਵੀ ਪ੍ਰਗਿਆ ਨੂੰ ਪਾਰਲੀਮੈਂਟ ਦੀ ਮੈਂਬਰ ਬਣਾਇਆ। ਹਿੰਦੂ ਰਾਸ਼ਟਰ ਦੀ ਗੱਲ ਕਰਨ ਵਾਲ਼ੇ ਹਰੇਕ ਹਿੰਦੂ ਨੂੰ ਮੋਦੀ ਸਰਕਾਰ ਦਾ ਥਾਪੜਾ ਤੇ ਸਰਪ੍ਰਸਤੀ ਹਾਸਲ ਹੈ ਪਰ ਸਾਡੇ ਬਾਦਲ ਸਾਬ ਨੇ ਜੇਲਾਂ ਵਿੱਚ ਬੰਦ ਸਿੰਘਾਂ ਨੂੰ ਬਨਦੀ ਰਿਹਾਈ ਤਾਂ ਕੀ ਦੇਣੀ ਸੀ, ਬਲਕਿ ਪੰਥਕ ਸੋਚ ਵਾਲ਼ਿਆਂ ਨੂੰ ਆਪਣਾ ਦੁਸ਼ਮਣ ਮੰਨਿਆ ਹੋਇਆ ਹੈ। ਮੋਦੀ ਵਾਲ਼ੀ ਹਿੰਦੂ ਲੀਡਰਸ਼ਿਪ ਹਿੰਦੂ-ਰਾਸ਼ਟਰ ਦੇ ਝੰਡਾ-ਬਰਦਾਰਾਂ ਨਾਲ਼ ਫ਼ੋਟੋਆਂ ਖਿਚਵਾਉਣ ਉਨਾਂ ਨੂੰ ਮਾਣ ਸਨਮਾਨ ਦੇਣ ਵਿੱਚ ਫ਼ਖ਼ਰ ਸਮਝਦੀ ਹੈ ਪਰ ਬਾਦਲ, ਕੈਪਟਨ, ਢੀਂਡਸਾ ਸਮੇਤ ਭਾਰਤੀ ਮੁੱਖ-ਧਾਰਾ ਨੂੰ ਮੱਥਾ ਟੇਕੀ ਬੈਠੇ ਸਾਰੇ ਸਿੱਖ ਆਗੂ ਖ਼ਾਲਿਸਤਾਨੀਆਂ ਤੋਂ ਲੁਕਦੇ ਫਿਰਦੇ ਨੇ ਕਿ ਕਿਤੇ ਇਹਨਾਂ ਨਾਲ਼ ਸਾਡੀ ਫ਼ੋਟੋ ਨਾ ਛਪ ਜਾਵੇ।

ਸੱਚ ਹੈ ਕਿ ਹਿੰਦੂਆਂ ਨੇ ਆਰ.ਐੱਸ.ਐੱਸ. ਨੇ ਉਹ ਲੀਡਰਸ਼ਿਪ ਉਭਾਰੀ ਹੈ ਜੋ ਹੋਰ ਜਿੰਨੀਆਂ ਮਰਜ਼ੀ ਗੜਬੜਾਂ ਕਰ ਲਵੇ ਪਰ ਕਦੇ ਹਿੰਦੂ ਹਿਤ ਦੇ ਖ਼ਿਲਾਫ਼ ਨਹੀਂ ਭੁਗਤਦੀ। ਸਗੋਂ ਹਿੰਦੂਆਂ ਦਾ ਮਾਣ ਵਧਾਉਣ ਲਈ ਕਿਸੇ ਵੀ ਹੱਦ ਤਕ ਜਾ ਸਕਦੀ ਹੈ। ਇਸ ਦੇ ਉਲ਼ਟ ਸਾਡੇ ਪੱਲੇ ਉਹ ਲੀਡਰਸ਼ਿਪ ਹੈ ਜੋ ਹੋਰ ਜੋ ਮਰਜ਼ੀ ਕਰ ਲਵੇ ਪਰ ਕਦੇ ਵੀ ਸਿੱਖ ਕੌਮ ਦੇ ਹਿਤ ਵਿੱਚ ਨਹੀਂ ਭੁਗਤ ਸਕਦੀ, ਸਗੋਂ ਉਹ ਕੰਮ ਕਰਦੀ ਹੈ ਜਿਸ ਨਾਲ਼ ਸਿੱਖਾਂ ਦਾ ਜਲੂਸ ਨਿਕਲੇ ਤੇ ਸਿੱਖਾਂ ਦਾ ਮਾਣ ਟੁੱਟੇ।

ਸਿੱਖ ਲੀਡਰਾਂ ਨਾਲ਼ੋਂ ਤਾਂ ਭਾਰਤੀ ਮੁਸਲਮਾਨਾਂ ਦੀ ਲੀਡਰ ਅਸਦ-ਉਦ-ਦੀਨ ਓਵੈਸੀ ਹੀ ਚੰਗਾ ਹੈ ਜੋ ਸ਼ਰੇਆਮ ਕਹਿੰਦਾ ਹੈ ਕਿ "ਅਸੀਂ ਆਪਣੇ ਬੱਚਿਆ ਨੂੰ ਸਿਖਾ ਕੇ ਜਾਵਾਂਗੇ ਕਿ ਬਾਬਰੀ ਮਸਜਿਦ ਹਿੰਦੂਆਂ ਨੇ ਤੋੜੀ ਸੀ" ਤੇ ਸਾਡੇ ਸਿੱਖ ਆਗੂ ਕਹਿੰਦੇ ਨੇ ਕਿ ਅਸੀਂ ਆਪਣੇ ਬੱਚਿਆ ਨੂੰ ਸਿਖਾ ਕੇ ਜਾਣਾ ਕਿ "ਤੁਸੀਂ ਹਿੰਦੂਆਂ ਦਾ ਹੀ ਹਿੱਸਾ ਹੋ ਤੇ ਦਸਵੇਂ ਪਾਤਸ਼ਾਹ ਨੇ ਹਿੰਦੂਆਂ ਦੀ ਰੱਖਿਆ ਕਰਨ ਲਈ ਖ਼ਾਲਸਾ ਪੰਥ ਸਾਜਿਆ ਸੀ!" ਸਿੱਖ ਆਗੂਆਂ ਨੂੰ ਤਾਂ ਹਿੰਦੂ ਆਗੂ, ਭਾਰਤੀ ਹਕੂਮਤੀ ਮਸ਼ੀਨਰੀ ਤੇ ਮੀਡੀਆ ਡਰਾਈ ਰੱਖਦਾ ਹੈ ਕਿ ਜੇ ਤੁਸੀਂ ਪੰਥ ਤੇ ਪੰਜਾਬ ਦੇ ਹੱਕਾਂ ਦੀ ਗੱਲ ਕੀਤੀ ਤਾਂ ਦੇਸ਼-ਧ੍ਰੋਹੀ ਗਰਦਾਨੇ ਜਾ ਸਕਦੇ ਹੋ ਜਦ ਕਿ ਸਿੱਖਾਂ ਦਾ ਆਗੂ ਤਾਂ ਉਹੀ ਹੋਵੇਗਾ ਜੋ ਹਿੱਕ ਠੋਕ ਕੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵਾਂਗ ਕਹੇ ਕਿ "ਆਪਣੇ ਧਰਮ, ਆਪਣੀ ਕੌਮ, ਆਪਣੇ ਪੰਥ, ਆਪਣੇ ਲੋਕਾਂ ਲਈ ਬੋਲਣਾ ਜੇ ਦੇਸ਼-ਧ੍ਰੋਹ ਹੁੰਦਾ ਹੈ ਤਾਂ ਮੈਂ ਦੇਸ਼-ਧ੍ਰੋਹੀ ਹਾਂ, ਅੱਤਵਾਦੀ ਹਾਂ!" ਪਰ ਜਿਹੜੀ ਮੌਜੂਦਾ ਸਿੱਖ ਲੀਡਰਸ਼ਿਪ ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਵੀ ਸੁਹਿਰਦ ਨਹੀਂ ਉਹਦੇ ਤੋਂ ਕੀ ਆਸ ਕਰ ਸਕਦੇ ਹਾਂ ?



Gary Singh
FOR UNION CITY
CITY COUNCIL

ENDORSEMENTS

Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

Gary Singh,
The Voice of Small Business

ACCOMPLISHMENTS

- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

PRIORITIES

- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

RE - ELECT for City Council
Gary Singh
THE VOICE OF SMALL BUSINESS

Gary Singh is a Union City small business owner and an advocate for other small businesses in our community.

FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com



On November 3, Remember to VOTE for
Gary Singh for Union City, City Council!

PAID FOR BY GARY SINGH FOR CITY COUNCIL 2020. FPPC #1425084


# ਸਿੱਖਿਆ ਵਿੱਚ ਮਿਹਨਤ ਅਤੇ ਸਫਲਤਾ ਦਾ ਰਿਸ਼ਤਾ

ਅੱਜ ਕੱਲ ਹਰ ਕੋਈ ਸਫਲਤਾ ਦੇ ਪਿੱਛੇ ਭੱਜ ਰਿਹਾ ਹੈ ਪਰ ਸਫਲਤਾ ਉਸ ਤੋਂ ਵੀ ਤੇਜ਼ ਰਫ਼ਤਾਰ ਨਾਲ ਪਲਾਇਨ ਕਰ ਰਹੀ ਹੈ। ਕੁਝ ਲੋਕ ਛੇਤੀ ਤੋਂ ਛੇਤੀ ਸਫਲਤਾ ਹਾਸਲ ਕਰਨ ਲਈ ਸ਼ਾਰਟ-ਕੱਟ ਰਸਤਾ ਚੁਣਨ ਵਿਚ ਵੀ ਦੇਰੀ ਨਹੀਂ ਕਰ ਰਹੇ। ਸਿੱਟੇ ਵਜੋਂ; ਉਨਾਂ ਦੇ ਹੱਥ ਨਾਕਾਮਯਾਬੀ ਹੀ ਲੱਗ ਰਹੀ ਹੈ। ਆਖ਼ਰ ਸਫਲਤਾ ਦਾ ਰਹੱਸ ਕੀ ਹੈ ? ਇਸ ਪ੍ਰਸ਼ਨ ਦਾ ਉੱਤਰ ਜਾਣੇ ਬਿਨਾਂ ਅਤੇ ਸਫਲਤਾ ਨੂੰ ਭਲੀਭਾਂਤੀ ਸਮਝੇ ਬਿਨਾਂ ਉਸ ਨੂੰ ਹਾਸਲ ਕਰਨ ਦੀ ਕੋਸ਼ਿਸ਼ ਹੀ ਫ਼ਜ਼ੂਲ ਹੈ। ਕੁਝ ਲੋਕ ਸਫਲਤਾ ਦਾ ਸਹੀ ਅਰਥ ਸਮਝੇ ਬਿਨਾਂ ਹੀ ਫ਼ਜ਼ੂਲ ਦੀ ਦੌੜ ਵਿਚ ਲੱਗੇ ਰਹਿੰਦੇ ਹਨ। ਉਹ ਸਮਝਦੇ ਹਨ ਕਿ ਸਫਲਤਾ ਕੋਈ ਪੜਾਅ ਹੈ। ਅਸਲ ਵਿਚ ਸਫਲਤਾ ਕੋਈ ਪੜਾਅ ਨਾ ਹੋ ਕੇ ਨਿਰੰਤਰ ਚੱਲਣ ਵਾਲੀ ਇਕ ਪ੍ਰਕਿਰਿਆ ਹੈ। ਸਫਲਤਾ ਹਾਸਲ ਕਰਨ ਲਈ ਅਣਥੱਕ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਮਿਹਨਤ ਅਤੇ ਸਫਲਤਾ ਦਾ ਰਿਸ਼ਤਾ ਚੋਲੀ-ਦਾਮਨ ਦਾ ਕਹੀਏ ਤਾਂ ਅਤਿਕਥਨੀ ਨਹੀਂ ਹੋਵੇਗੀ। ਸਫਲਤਾ ਦਾ ਸੁਨਹਿਰਾ ਸੁਪਨਾ ਦੇਖਣ ਵਾਲਿਆਂ ਨੂੰ ਆਪਣੀ ਯੋਗਤਾ 'ਤੇ ਭਰੋਸਾ ਹੋਣਾ ਚਾਹੀਦਾ ਹੈ। ਜਦ ਯੋਗਤਾ ਆ ਜਾਂਦੀ ਹੈ ਤਾਂ ਸਫਲਤਾ ਦਾ ਰਸਤਾ ਬੇਹੱਦ ਆਸਾਨ ਹੋ ਜਾਂਦਾ ਹੈ। ਸਫਲਤਾ ਵਰਗੇ ਸ਼ਬਦ ਦੇ ਹਰ ਵਿਅਕਤੀ ਦੀ ਨਜ਼ਰ ਵਿਚ ਅਲੱਗ-ਅਲੱਗ ਮਾਅਨੇ ਹੋ ਸਕਦੇ ਹਨ। ਇਕ ਵਿਦਿਆਰਥੀ ਲਈ ਨੌਕਰੀ ਅਤੇ ਵੱਧ ਧਨ ਦੀ ਪ੍ਰਾਪਤੀ ਸਫਲਤਾ ਦਾ ਇਕ ਪਹਿਲੂ ਹੋ ਸਕਦਾ ਹੈ। ਭਾਵੇਂ ਹੀ ਮਾਅਨੇ ਢੇਰ ਸਾਰੇ ਹੋਣ ਪਰ ਸਾਰਿਆਂ ਲਈ ਸਫਲਤਾ ਤਕ ਪੁੱਜਣ ਦਾ ਇਕ ਹੀ ਬਦਲ ਹੈ-ਸਬਰ ਅਤੇ ਮਿਹਨਤ ਪਰ ਅੱਜ ਦੇ ਯੁੱਗ ਵਿਚ ਸਭ ਤੋਂ ਵੱਡੀ ਕਮੀ ਹੈ ਤਾਂ ਸਬਰ ਦੀ। ਤੁਰੰਤ ਨਤੀਜੇ ਦੀ ਇੱਛਾ ਵਿਚ ਅਸੀਂ ਅਕਸਰ ਬੇਕਾਬੂ ਹੋ ਕੇ ਗ਼ਲਤ ਰਾਹ 'ਤੇ ਤੁਰ ਕੇ ਸਫਲਤਾ ਦੇ ਨਜ਼ਦੀਕ ਹੁੰਦੇ ਹੋਏ ਵੀ ਉਸ ਤੋਂ ਦੂਰ ਹੋ ਜਾਂਦੇ ਹਾਂ। ਫਿਰ ਤਣਾਅ ਅਤੇ ਗੁੱਸਾ ਸਾਡੇ ਸੁਭਾਅ ਦਾ ਹਿੱਸਾ ਬਣਨ ਲੱਗਦਾ ਹੈ। ਕਿਹਾ ਵੀ ਗਿਆ ਹੈ ਕਿ ਕਿਸਮਤ ਤੋਂ ਵੱਧ ਅਤੇ ਸਮੇਂ ਤੋਂ ਪਹਿਲਾਂ ਕਿਸੇ ਨੂੰ ਕੁਝ ਨਹੀਂ ਮਿਲਦਾ। ਜੀਵਨ ਵਿਚ ਕਰਮ ਹੀ ਵਿਅਕਤੀ ਦੀਆਂ ਸਭ ਇੱਛਾਵਾਂ ਦੀ ਪੂਰਤੀ ਦਾ ਇਕਮਾਤਰ ਮਾਧਿਅਮ ਹੈ। ਸਾਨੂੰ ਵੀ ਆਪਣੇ ਟੀਚੇ ਨਿਰਧਾਰਤ ਕਰ ਕੇ ਉਨਾਂ ਨੂੰ ਹਾਸਲ ਕਰਨ ਲਈ ਦਿਨ-ਰਾਤ ਯਤਨ ਕਰਦੇ ਰਹਿਣਾ ਚਾਹੀਦਾ ਹੈ। ਕੁਝ ਕੁ ਅਸਫਲਤਾਵਾਂ ਦੀਆਂ ਠੋਕਰਾਂ ਤੋਂ ਭੈ-ਭੀਤ ਹੋ ਕੇ ਆਪਣਾ ਰਸਤਾ ਬਦਲ ਲੈਣਾ ਸਹੀ ਨਹੀਂ ਹੈ। ਅਸਫਲਤਾ ਮਗਰੋਂ ਵੀ ਕੋਸ਼ਿਸ਼ ਜਾਰੀ ਰੱਖਣੀ ਚਾਹੀਦੀ ਹੈ ਕਿਉਂਕਿ ਲਹਿਰਾਂ ਤੋਂ ਡਰ ਕੇ ਬੇੜੀ ਪਾਰ ਨਹੀਂ ਹੁੰਦੀ, ਕੋਸ਼ਿਸ਼ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ।

- ਵਿਜੈ ਗਰਗ


Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com


Gary SINGH For City Council
GARY SINGH
MANTECA CITY COUNCIL
YOUR VOICE AT CITY HALL
PRIORITIES:
PUBLIC SAFETY - JOBS - HOMELESSNESS
SUPPORTED BY
MANTECA PUBLIC SAFETY AND WORKING FAMILIES
singhforcouncil@gmail.com
www.singhformanteca.com
MANTECA PROUD

# ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਉਪਰ ਸਿਆਸਤ ਤੇ ਸਤਾ ਸਿਰਜਣ ਵਾਲਾ ਬਾਬਾ ਕਾਂਸ਼ੀ ਰਾਮ

## ✪ ਕਿਹਾ ਸੀ ਕਿ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਪਨਾਏ ਬਿਨਾਂ ਬਹੁਜਨ ਸੰਕਟ ਖਤਮ ਨਹੀਂ ਹੋ ਸਕਦਾ ✪ ਕਾਂਸ਼ੀ ਰਾਮ ਦਾ ਨਾਰਾ ਆਪਣਾ ਮੀਡੀਆ ਤੇ ਮਜ਼ਬੂਤ ਸੰਗਠਨ ਤਿਆਰ ਕਰੋ

**- ਪ੍ਰੋ. ਬਲਵਿੰਦਰ ਪਾਲ ਸਿੰਘ**

ਪਾਗਲ ਤੇ ਮਨੂਵਾਦੀ ਹਵਾਵਾਂ ਵਿਰੁਧ ਜੂਝਣ ਵਾਲੇ ਬਹੁਜਨ ਸਮਾਜ ਪਾਰਟੀ ਦੇ ਬਾਨੀ ਬਾਬਾ ਕਾਂਸ਼ੀ ਰਾਮ ਨੂੰ ਮੈਂ ਨੇੜਿਉਂ ਤਕਿਆ ਹੈ। ਉਨਾਂ ਦੇ ਹਕ ਵਿਚ ਰੋਜਾਨਾ ਅਖਬਾਰਾਂ, ਵਿਦੇਸ਼ੀ ਵੀਕਲੀ ਅਖਬਾਰਾਂ, ਆਪਣੇ ਮੈਗਜੀਨ ਵਿਚ ਲਿਖਿਆ ਹੈ।ਉਹ ਭਾਰਤੀ ਸਿਆਸਤ ਵਿਚ ਮਹਾਂ ਰੂਹ ਸੀ , ਜਿਸਨੇ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਅਪਨਾ ਕੇ ਦਬੇ ਕੁਚਲੇ ਭਾਈਚਾਰੇ ਨੂੰ ਜਗਾਇਆ, ਸਤਾ ਦੀ ਇਛਾ ਜਗਾਈ। ਬਾਬਾ ਕਾਂਸ਼ੀ ਰਾਮ ਭਾਰਤੀ ਸਿਆਸਤ ਦਾਨਾਂ ਵਰਗਾ ਲੀਡਰ ਨਹੀਂ ਸੀ ਜੋ ਆਪਣੇ ਲੋਕਾਂ ਨੂੰ ਟਿਚ ਜਾਣਦੇ ਤੇ ਫਿਰਕਾਪ੍ਰਸਤੀ ਦੀ ਖੇਡ ਖੇਡਦੇ ਹਨ। ਉਸ ਵਿਚ ਗਰੀਬਾਂ, ਅਣਹੋਇਆਂ ਲਈ ਦਰਦ ਸੀ। ਆਪਣੇ ਭਾਈਚਾਰੇ ਦੀ ਬੁਰੀ ਹਾਲਤ ਲਈ ਕਈ ਵਾਰ ਉਹਨਾਂ ਦੀਆਂ ਅੱਖਾਂ ਨਮ ਹੁੰਦੀਆਂ ਮੈਂ ਦੇਖੀਆਂ ਹਨ।ਇਕ ਵਾਰ ਤਾਂ ਕਹਿਣ ਲਗੇ ਕਿ ਦੁਆਬੇ ਦੇ ਦਲਿਤ ਲੀਡਰ ਤੇ ਚਮਾਰ ਸਰਮਾਏਦਾਰੀ ਧੋਖੇਬਾਜ਼ ਹੈ । ਇਹ ਮਨੂਵਾਦੀ ਸਿਆਸੀ ਪਾਰਟੀਆਂ ਦੀ ਪਿਛਲੱਗ ਹੈ। ਜੇ ਇਹ ਮੇਰਾ ਸਾਥ ਦਿੰਦੇ ਮੈਂ ਰਾਜਨੀਤਕ ਤਬਦੀਲੀ ਕਰਕੇ ਦਿਖਾਉਂਦਾ। ਸ਼ੂਗਰ ਦੇ ਮਰੀਜ਼ ਹੋਣ ਦੇ ਬਾਵਜੂਦ ਉਹ ਬਹੁਜਨ ਨੂੰ ਸੱਤਾ ਵਲ ਲਿਜਾਣ ਲਈ ਮਿਹਨਤ ਕਰਦੇ ਰਹੇ।ਆਪਣੀ ਸਿਹਤ ਵੀ ਆਪਣੇ ਮਿਸ਼ਨ ਲਈ ਕੁਰਬਾਨ ਕਰ ਦਿਤੀ। ਉਨਾਂ ਨੇ ਭਾਜਪਾ , ਕਾਂਗਰਸ ਦਾ ਬਹੁਤਾ ਉਭਾਰ ਨਹੀਂ ਹੋਣ ਦਿਤਾ। ਬਸਪਾ ਨੂੰ ਥੋੜੇ ਪਲਾਂ ਵਿਚ ਭਾਰਤ ਦੀ ਤੀਜੀ ਪਾਰਟੀ ਸਿਰਜ ਦਿੱਤਾ। ਇਕ ਦਿਨ ਸਰਦਾਰ ਗੁਰਬਚਨ ਸਿੰਘ ਦੇਸ ਪੰਜਾਬ ਦਾ ਫੋਨ ਆਇਆ ਕਿ ਬੀਬੀ ਮਾਇਆਵਤੀ ਪਹਿਲੀ ਵਾਰ ਯੂਪੀ ਦੀ ਮੁਖ ਮੰਤਰੀ ਬਣੀ ਹੈ। ਯੂਪੀ ਭਵਨ ਦਿਲੀ ਵਿਖੇ ਸਮਾਗਮ ਹੈ ਜਿਸ ਵਿਚ ਰਿਟਾਇਰਡ ਅਫਸਰ ਸ਼ਾਹੀ, ਲੇਖਕ, ਪੱਤਰਕਾਰ, ਪ੍ਰੋਫੈਸਰ ਪਹੁੰਚਣੇ ਹਨ। ਤੁਹਾਨੂੰ ਕਾਂਸ਼ੀ ਰਾਮ ਜੀ ਵਲੋਂ ਵਿਸ਼ੇਸ਼ ਸਦਾ ਦਿਤਾ ਗਿਆ ਹੈ, ਇਸ ਸਮਾਗਮ ਵਿਚ। ਅਗਲੇ ਦਿਨ ਮੈਂ ਸਰਦਾਰ ਗੁਰਬਚਨ ਸਿੰਘ ਨਾਲ ਸ਼ਤਾਬਦੀ ਟਰੇਨ ਰਾਹੀਂ ਦਿੱਲੀ ਚਲੇ ਗਏ। ਸਟੇਸ਼ਨ ਉਪਰ ਕਾਂਸ਼ੀ ਰਾਮ ਜੀ ਦਾ ਡਰਾਈਵਰ ਤੇ ਬਾਡੀਗਾਰਡ ਸਾਨੂੰ ਲੈਣ ਆਏ ਹੋਏ ਸਨ। ਬਾਡੀਗਾਰਡ ਵਾਇਰਲੈਸ ਰਾਹੀਂ ਬਾਬਾ ਕਾਂਸ਼ੀ ਰਾਮ ਨਾਲ ਜੁੜਿਆ ਹੋਇਆ ਸੀ। ਯੂਪੀ ਭਵਨ ਵਿਚ ਪਹੁੰਚੇ ਬਾਬਾ ਕਾਂਸ਼ੀ ਬਨੈਣ ਧੋਤੀ ਵਿਚ ਸਵਾਗਤ ਕਰਨ ਲਈ ਅਗੇ ਖਲੋਤੇ ਸਨ। ਮੈਂ ਗੁਰਬਚਨ ਸਿੰਘ ਹੁਣਾਂ ਨੂੰ ਕਹਿਣ ਲੱਗਾ ਕਿ ਕਿੰਨੀ ਸਾਧਾਰਨ ਉਚ ਸ਼ਖਸੀਅਤ ਹੈ । ਗਰੀਬਾਂ ਦੇ ਲੀਡਰ ਸਰਮਾਏਦਾਰ ਨਹੀਂ ਅਜਿਹੇ ਮਹਾਨ ਵਿਚਾਰਾਂ ਤੇ ਸਾਦਗੀ ਭਰੀ ਜ਼ਿੰਦਗੀ ਨਾਲ ਜੁੜੇ ਹੁੰਦੇ ਹਨ। ਪੰਜਾਬ ਵਿਚੋਂ ਸਿਰਫ ਮੈਨੂੰ ਤੇ ਗੁਰਬਚਨ ਸਿੰਘ ਦੋਹਾਂ ਨੂੰ ਸੱਦਿਆ ਗਿਆ ਸੀ। ਇਹ ਮੇਰੇ ਲਈ ਮਾਣ ਵਾਲੀ ਗਲ ਸੀ। ਕਾਂਸ਼ੀ ਰਾਮ ਜੀ ਨੇ ਸਾਨੂੰ ਘੁਟ ਕੇ ਗਲਵਕੜੀ ਪਾਈ, ਫਤਹਿ ਬੁਲਾ ਕੇ ਸਾਨੂੰ ਅੰਦਰ ਲੈ ਗਏ। ਕਿਹਾ ਜਲ ਪਾਣੀ ਛਕੋ, ਥੋੜਾ ਅਰਾਮ ਕਰੋ। ਫਿਰ ਮਿਸ਼ਨ ਬਾਰੇ ਤੁਹਾਡੇ ਨਾਲ ਦੋ ਘੰਟੇ ਗੱਲਾਂ ਕਰਨੀਆਂ ਹਨ।

ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜੇ ਸਿੱਖ ਤੇ ਪੰਜਾਬ ਦੇ ਭਵਿੱਖ ਲਈ ਸਿਆਸਤ ਦੀ ਰਚਨਾ ਕਰਨੀ ਹੈ ਤੇ ਆਪਣੇ ਪੰਜਾਬ ਦੇ ਭਵਿੱਖ ਨੂੰ ਕਾਇਮ ਕਰਨਾ ਹੈ ਤਾਂ ਬਾਬਾ ਕਾਂਸ਼ੀ ਰਾਮ ਵਰਗਾ ਲੀਡਰ ਪੈਦਾ ਕਰੋ। ਜੋ ਸਿਖਾਂ ਦੀ ਸਿਆਸੀ ਲੀਡਰਸ਼ਿਪ ਹੈ, ਉਹ ਮਨੂਵਾਦੀ ਸਿਆਸਤ ਦੀ ਪਿਛਲਗੂ ਤੇ ਡਾਵਾਂ-ਡੋਲ ਹੈ। ਸਤਾ ਦੀ ਭੁਖ ਉਸਨੂੰ ਕੌਮ ਵਿਰੋਧੀ ਬਣਾ ਦਿੰਦੀ ਹੈ।ਸਾਡੇ ਗੁਰੂ ਗਰੰਥ ਸਾਹਿਬ ਅਣਹੋਇਆਂ, ਦਬੇ ਕੁਚਲਿਆਂ ਕਿਰਤੀਆਂ ਲਈ ਸਮਾਜ ਤੇ ਰਾਜਨੀਤੀ ਦੀ ਰਚਨਾ ਕਰਦੇ ਹਨ ਤੇ ਜੀਵਨ ਮੁਕਤ ਦਾ ਸਿਧਾਂਤ ਪੇਸ਼ ਕਰਦੇ ਹਨ । ਇਹੀ ਗੁਰੂ ਸਾਹਿਬ ਦਾ ਮਿਸ਼ਨ ਬਾਬੇ ਕਾਂਸ਼ੀ ਰਾਮ ਨੇ ਚੁਕਿਆ ਤੇ ਭਾਰਤ ਦੀ ਸਿਆਸਤ ਉਪਰ ਲਾਗੂ ਕੀਤਾ। ਪਰ ਅਕਾਲੀ ਲੀਡਰਸ਼ਿਪ ਇਹ ਮਹਾਨ ਕਰਮ ਨਹੀਂ ਨਿਭਾ ਸਕੀ।

ਜਦ ਕਿ ਬਹੁਜਨ ਸਮਾਜ ਪਾਰਟੀ ਦੇ ਜਨਮਦਾਤਾ ਬਾਬਾ ਕਾਂਸ਼ੀ ਰਾਮ ਨੇ ਗੁਰੂ ਗਰੰਥ ਸਾਹਿਬ ਨੂੰ ਆਪਣੇ ਸਿਆਸੀ ਅੰਦੋਲਨ ਦਾ ਆਧਾਰ ਬਣਾ ਕੇ ਗਰੀਬਾਂ, ਦਬੇ ਕੁਚਲਿਆਂ ਦੀ ਅਜ਼ਾਦੀ ਤੇ ਮਨੁੱਖੀ ਹੱਕਾਂ ਤੇ ਗਰੀਬਾਂ ਵਿਚ ਸਤਾ ਦਾ ਸੁਪਨਾ ਜਗਾਉਣ ਲਈ ਬਸਪਾ ਨੂੰ ਭਾਰਤ ਦੀ ਤੀਜੀ ਵੱਡੀ ਸਿਆਸੀ ਪਾਰਟੀ ਬਣਾਇਆ। ਬਹੁਜਨ ਦੀ ਆਤਮਾ ਨੂੰ ਸਵੈ-ਮਾਣ, ਸਵੈ-ਆਦਰ ਅਤੇ ਮਨੁੱਖੀ ਸ਼ਾਨ ਨਾਲ ਜੋੜਿਆ ਜੋ ਕਿ ਬਹੁਤ ਅਸੰਭਵ ਕਾਰਜ ਸੀ , ਜਿਸਨੂੰ ਬਾਬਾ



ਕਾਂਸ਼ੀ ਰਾਮ ਨੇ ਆਪਣੀ ਮਿਹਨਤ ਤੇ ਉਦਮ ਸਦਕਾ ਸਿਰੇ ਚੜਾਇਆ ਤੇ ਯੂਪੀ ਵਿਚ ਮਨੂਵਾਦੀ ਪਾਰਟੀਆਂ ਕਾਂਗਰਸ ਤੇ ਭਾਜਪਾ ਨੂੰ ਧੋਬੀ ਪਟਕੇ ਮਾਰ ਕੇ ਯੂਪੀ ਵਿਚ ਵਿਸ਼ਾਲ ਸਤਾ ਸਿਰਜੀ। ਅਜਿਹਾ ਉਦਾਹਰਣ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਆਜ਼ਾਦ ਹੋਏ ਦੇਸਾਂ ਵਿਚ ਘਟ ਹੀ ਮਿਲਦਾ ਹੈ। ਇਥੇ ਜ਼ਿਕਰਯੋਗ ਹੈ ਕਿ ਅਜ਼ਾਦ ਦੇਸ 1970 ਦੇ ਦਹਾਕੇ ਤਕ ਪਹੁੰਚਦੇ ਪਹੁੰਚਦੇ ਰਾਜਨੀਤਕ ਅਰਾਜਕਤਾ ਤੇ ਅਸਥਿਰਤਾ ਦਾ ਸ਼ਿਕਾਰ ਹੋ ਚੁਕੇ ਸਨ ।

ਐਮਰਜੈਂਸੀ ਨੂੰ ਛੱਡ ਕੇ ਭਾਰਤ ਦੇ ਲੋਕ ਇਸ ਤਰਾਂ ਦੇ ਰਾਜ ਪਲਟਣ ਤੋਂ ਦੂਰ ਰਹੇ ਹਨ । ਐਮਰਜੈਂਸੀ ਦੌਰਾਨ ਜੋ ਕਾਂਗਰਸ ਵਿਰੋਧੀ ਲੀਡਰਸ਼ਿਪ ਪੈਦਾ ਹੋਈ ਉਹ ਵੀ ਰਾਜਨੀਤਕ ਤਬਦੀਲੀ ਨਹੀਂ ਲਿਆ ਸਕੀ ਤੇ ਭ੍ਰਿਸ਼ਟਾਚਾਰ ਵਿਚ ਗਰਕ ਹੋ ਗਈ । ਇੱਥੋਂ ਤਕ ਕਿ ਇਥੇ ਹਥਿਆਰਬੰਦ ਨਕਸਲਵਾੜੀ ਅਤੇ ਮਾਓਵਾਦੀ ਲਹਿਰ ਸ਼ੁਰੂ ਹੋ ਗਈ ਸੀ।ਇਸ ਦੌਰਾਨ ਮਨੂਵਾਦ ਧਾਰਮਿਕ ਕੱਟੜਵਾਦ ਵੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿਚ ਸ਼ਾਮਲ ਹੋ ਕੇ ਲੋਕਾਂ ਵਿਚ ਆਪਣੀ ਪਹੁੰਚ ਵਧਾਉਣ ਲੱਗ ਪਿਆ ਤਾਂ ਜੋ ਭਾਜਪਾ ਨੂੰ ਕਾਂਗਰਸ ਦੀ ਥਾਂ ਸਥਾਪਤ ਕੀਤਾ ਜਾ ਸਕੇ। ਪੰਜਾਬ ਦੀ ਖ਼ੁਦਮੁਖਤਿਆਰੀ ਲਈ ਸਿਖਾਂ ਵਲੋਂ ਧਰਮ ਯੁਧ ਮੋਰਚਾ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। ਪਰ ਅਕਾਲੀ ਲੀਡਰਸ਼ਿੱਪ ਦੀ ਸਤਾ ਭੁੱਖ ਕਾਰਣ ਸਿੱਖ ਇਹ ਮੋਰਚਾ ਹਾਰੇ।ਦਰਬਾਰ ਸਾਹਿਬ ਉਪਰ ਫੌਜੀ ਹਮਲਾ ਹੋਇਆ। ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੱਖਾਂ ਦੀ ਨਸਲਕੁਸ਼ੀ ਹੋਈ। ਦਿੱਲੀ ਸਿੱਖ ਕਤਲੇਆਮ ਹੋਇਆ। ਪਰ ਅਕਾਲੀ ਲੀਡਰਸ਼ਿਪ ਫਲਾਪ ਸਿੱਧ ਹੋਈ। ਇਸ ਸਭ ਦੇ ਬਾਵਜੂਦ ਭਾਰਤ ਵਿਚ ਬਾਬਾ ਕਾਂਸ਼ੀ ਰਾਮ ਦੀ ਅਗਵਾਈ ਵਿਚ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਨੇ ਆਪਣੀ ਸਮੱਸਿਆ ਦੇ ਹੱਲ ਲਈ ਬੁਲੇਟ ਦੀ ਬਜਾਏ ਬੈਲੇਟ ਦਾ ਰਾਹ ਚੁਣਿਆ, ਜੋ ਕਿ ਬਹੁਜਨ ਅੰਦੋਲਨ ਤੇ ਲੋਕਤੰਤਰ ਦੀ ਸਫਲਤਾ ਪਿੱਛੇ ਇਕ ਵੱਡਾ ਕਾਰਨ ਰਿਹਾ ਹੈ। ਹਾਲਾਂਕਿ ਬਾਬਾ ਕਾਂਸ਼ੀ ਰਾਮ ਕਹਿੰਦੇ ਸਨ ਕਿ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਵੀ ਬੇਇਨਸਾਫੀ ਨਾਲ ਨਜਿੱਠਣ ਲਈ ਗੋਲੀ ਵੀ ਤਿਆਰ ਰੱਖਣੀ ਚਾਹੀਦੀ ਹੈ।

ਕਾਂਸ਼ੀ ਰਾਮ ਜੀ ਨੂੰ ਸਾਡੇ ਤੋਂ ਸਦੀਵੀ ਤੌਰ ’ਤੇ ਵਿਛੜਿਆਂ 14 ਸਾਲਾਂ ਹੋ ਚੁੱਕੇ ਹਨ। ਪਰ ਭਾਰਤ ਵਿੱਚ ਦਲਿਤਾਂ, ਔਰਤਾਂ ਅਤੇ ਘੱਟ ਗਿਣਤੀਆਂ ਵਿਰੁੱਧ ਅੱਤਿਆਚਾਰ ਵਧੇ ਹਨ। ਪਰ ਸੁਆਲ ਇਹ ਹੈ ਕਿ ਅਜੇ ਵੀ ਦਲਿਤਾਂ ਅਤੇ ਵਾਂਝੇ ਲੋਕਾਂ ਨੂੰ ਅਨਿਆਂ ਅਤੇ ਜ਼ੁਲਮ ਵਿਰੁੱਧ ਲੜਨ ਲਈ ਕਿਵੇਂ ਕਾਮਯਾਬ ਕੀਤਾ ਜਾ ਸਕਦਾ ਹੈ। ਇਹ ਸਾਰੇ ਉਪਾਅ ਅੱਜ ਦੇ ਬਹੁਜਨ ਅੰਦੋਲਨ ਲਈ ਬਹੁਤ ਮਹੱਤਵਪੂਰਨ ਸਿੱਧ ਹੋ ਸਕਦੇ ਹਨ।

ਕਾਂਸ਼ੀਰਾਮ ਦਾ ਸਭ ਤੋਂ ਵੱਡਾ ਨੁਕਤਾ ਸੀ ਕਿ ਮਨੂਵਾਦੀ ਮੀਡੀਆ ਉਪਰ ਵਿਸ਼ਵਾਸ ਨਾ ਕਰੋ ਤੇ ਨਾ ਹੀ ਇਸ ਦੀ ਸ਼ਰਨ ਵਿਚ ਆਪਣਾ ਅੰਦੋਲਨ ਖੜਾ ਕਰੋ। ਤੁਹਾਡਾ ਮੀਡੀਆ ਵੰਚਿਤ ਤੇ ਦਬੇ ਕੁਚਲੇ ਲੋਕ ਹਨ। ਆਪਣੀ ਅਖਬਾਰ ਤੇ ਮੀਡੀਆ ਨੂੰ ਉਸਾਰੋ। ਦੱਬੇ-ਕੁਚਲੇ ਵਰਗਾਂ ਨੂੰ ਆਪਣੀ ਸਮੱਸਿਆ ਦੇ ਹੱਲ ਲਈ ਆਪਣੀਆਂ ਮੀਡੀਆ ਸੇਵਾਵਾਂ ਦੀ ਜ਼ਰੂਰਤ ਹੈ। ਉਨਾਂ ਦੇ ਅਨੁਸਾਰ ਮੁੱਖ ਧਾਰਾ ਦਾ ਮਨੂਵਾਦੀ ਮੀਡੀਆ ਦਲਿਤਾਂ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ ’ਤੇ ਹੋ ਰਹੇ ਅੱਤਿਆਚਾਰਾਂ ਨੂੰ ਥੋੜੀ ਜਿਹੀ ਜਗਾ ਦਿੰਦਾ ਹੈ। ਦਲਿਤਾਂ ਨਾਲ ਹੋ ਰਹੀ ਬੇਇਨਸਾਫੀ ਦੇ ਜਵਾਬ ਵਿੱਚ ਬਹੁਜਨ ਵਰਗ ਦੇ ਬੌਧਿਕ ਲੋਕਾਂ ਨੂੰ ਆਪਣਾ ਪੱਖ ਰੱਖਣ ਲਈ ਲੋੜੀਂਦੀ ਜਗਾ ਨਹੀਂ ਦਿੰਦਾ । ਬਹੁਜਨ ਲੋਕਾਂ ਦੁਆਰਾ ਚੁੱਕੇ ਗਏ ਉਸਾਰੂ ਕਦਮਾਂ ਦੀ ਸ਼ਲਾਘਾ ਨਹੀਂ ਕਰਦਾ। ਅਰਥਾਤ ਸਰਕਾਰ ਦੁਆਰਾ ਕੀਤੇ ਝੂਠੇ ਵਾਅਦੇ/ ਖੋਖਲੇ ਨਾਅਰਿਆਂ ਦਾ ਪਰਦਾਫਾਸ਼ ਨਹੀਂ ਕਰਦਾ ਅਤੇ ਬਹੁਜਨ ਦੇ ਵਿਰੋਧ ਵਿਚ ਭੁਗਤਦਾ ਹੈ।

ਅੱਜ ਦੇ ਮਾਹੌਲ ਵਿਚ ਮੁੱਖ ਧਾਰਾ ਮੀਡੀਆ, ਖ਼ਾਸਕਰ ਇਲੈਕਟ੍ਰਾਨਿਕ ਮੀਡੀਆ ਨੈਤਿਕਤਾ ਨੂੰ ਤਿਆਗ ਕੇ ਗੋਦੀ ਮੀਡੀਆ ਬਣ ਚੁਕਾ ਹੈ। ਉਹ ਸਰਕਾਰੀ ਦਬਾਅ , ਇਸ਼ਤਿਹਾਰਬਾਜ਼ੀ ਦੀ ਲਾਲਸਾ ਕਾਰਨ, ਆਪਣੇ ਸਮਾਜਿਕ ਢਾਂਚੇ ਕਾਰਨ ਕਰ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਜੇ ਪਛੜੇ ਵਰਗਾਂ ਅਤੇ ਵਿਰੋਧੀ ਧਿਰਾਂ ਨੂੰ ਲੋਕਾਂ ਵਿੱਚ ਆਪਣੀ ਗੱਲ ਕਹਿਣੀ ਪਵੇ ਤਾਂ ਉਸ ਨੂੰ ਆਪਣੀ ਨਿਊਜ਼ ਸਰਵਿਸ ਸਥਾਪਤ ਕਰਨੀ ਪਵੇਗੀ। ਕਾਂਸ਼ੀ ਰਾਮ ਦੇ ਅਨੁਸਾਰ, ਲੋਕਾਂ ਦਾ ਮੀਡੀਆ ਸਰਕਾਰੀ ਕੁਰਪਟ ਨੀਤੀਆਂ ਅਤੇ ਯੋਜਨਾਵਾਂ ’ਤੇ ਬੋਲਣ ਦਾ ਮੌਕਾ ਪ੍ਰਦਾਨ ਕਰਦਾ ਹੈ ਤੇ ਬਾਹਰੀ ਦੇਸ਼ਾਂ ਨੂੰ ਆਪਣੀ ਸਥਿਤੀ ਤੋਂ ਜਾਣੂ ਕਰਾਉਂਦਾ ਹੈ।

ਕਾਂਸ਼ੀ ਰਾਮ ਦੱਬੇ-ਕੁਚਲੇ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਆਪਣੀ ਸੰਸਥਾ ਸਥਾਪਤ ਕਰਨ ਦਾ ਜ਼ੋਰ ਦਿੰਦੇ ਹਨ, ਕਿਉਂਕਿ ਸੰਗਠਨ ਆਤਮ-ਵਿਸ਼ਵਾਸ ਪੈਦਾ ਕਰਦਾ ਹੈ ਅਤੇ ਮੁੱਦਿਆਂ ਨੂੰ ਮੁੱਖ ਧਾਰਾ ਵਿੱਚ ਲਿਆਉਂਦਾ ਹੈ। ਇਸ ਵਿਚਾਰਧਾਰਾ ਦੇ ਕਾਰਨ, ਕਾਂਸ਼ੀ ਰਾਮ ਨੇ ਆਪਣੇ ਜੀਵਨ ਵਿੱਚ ਖੁਦ ਬਾਮਸੇਫ, ਡੀਐਸ 4 ਅਤੇ ਬਸਪਾ ਦਾ ਗਠਨ ਕੀਤਾ। ਕਾਂਸ਼ੀ ਰਾਮ ਦੇ ਅਨੁਸਾਰ, ਸੰਗਠਨ ਵਿੱਚ ਗਤੀਸ਼ੀਲਤਾ ਹੋਣੀ ਚਾਹੀਦੀ ਹੈ, ਅਜਿਹਾ ਕਰਨ ਲਈ, ਸਮੇਂ ਸਮੇਂ ਤੇ, ਨਵੇਂ ਨੇਤਾਵਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਲੋੜੀਂਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਕਾਂਸ਼ੀ ਰਾਮ ਜੀ ਨੇ ਲੋਕਾਂ ਦੀਆਂ ਭਖਦੀਆਂ ਮੁਸ਼ਕਲਾਂ ਨੂੰ ਉਜਾਗਰ ਕਰਨ ਲਈ ਜਨ ਸੰਸਦ ਦੇ ਸੰਕਲਪ ’ਤੇ ਜ਼ੋਰ ਦਿੱਤਾ ਸੀ ਅਤੇ ਸਾਰੀ ਜਨ ਸੰਸਦ ਦਾ ਆਯੋਜਨ ਵੀ ਕੀਤਾ ਸੀ। ਹਾਲਾਂਕਿ ਜਨ ਸੰਸਦ ਬਿਨਾਂ ਕਿਸੇ ਸਤਾ ਸ਼ਕਤੀ ਦੇ ਹੈ, ਪਰ ਇਹ ਸ਼ਾਸਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਂਦਾ ਹੈ ਤਾਂ ਜੋ ਉਹ ਆਪਣੇ ਚੋਣ ਮੈਨੀਫੈਸਟੋ ਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ।ਜਨ ਸੰਸਦ ਉਨਾਂ ਦਬੇ ਕੁਚਲੇ ਤੇ ਬੇਇਨਸਾਫ਼ੀ ਦੇ ਸ਼ਿਕਾਰ ਭਾਈਚਾਰਿਆਂ ਦੀ ਆਵਾਜ਼ ਨੂੰ ਬਣਾਉਣ ਵਿਚ ਵੀ ਸਹਾਇਤਾ ਕਰਦਾ ਹੈ ਜਿਨਾਂ ਦੀ ਸੰਸਦ ਪ੍ਰਤੀਨਿਧਤਾ ਕਰਦੀ ਹੈ। ਉਦਾਹਰਣ ਵਜੋਂ, ਅੱਜ ਵੀ, ਭਾਰਤ ਦੀ ਸੰਸਦ ਵਿਚ ਔਰਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਦੀ ਪ੍ਰਤੀਨਿਧਤਾ ਘੱਟ ਹੈ।ਪਾਰਟੀ ਦੇ ਵਿਪ ਕਾਰਨ, ਕੁਝ ਸੰਸਦ ਮੈਂਬਰ ਵੀ ਚਾਹੁੰਦੇ ਹੋਏ ਵੀ ਸਾਰੇ ਮੁੱਦੇ ਚੁੱਕਣ ਵਿੱਚ ਅਸਮਰੱਥ ਹਨ। ਇਨਾਂ ਸਾਰੇ ਕਾਰਨਾਂ ਕਰਕੇ, ਜਨ ਸੰਸਦ ਦੀ ਧਾਰਨਾ ਅੱਜ ਵੀ ਬਹੁਤ ਪ੍ਰਸੰਗਿਕ ਹੈ। ਕਾਂਸ਼ੀ ਰਾਮ ਜੀ ਦੀ ਰਣਨੀਤੀ ਦਾ ਅਹਿਮ ਹਿੱਸਾ ਸੀ, ਅਨਿਆਂ ਮੁਕਤ ਖੇਤਰ ਦੀ ਸਥਾਪਨਾ ਕਰਨਾ। ਇਸ ਤਹਿਤ ਕਾਂਸ਼ੀ ਰਾਮ ਬਹੁਜਨ ਸਮਾਜ ਨੂੰ ਆਪਣੀ ਵਲੰਟੀਅਰ ਸੈਨਾ ਤਹਿਤ ਹਰੇਕ ਤਰਾਂ ਦੀ ਸਹਾਇਤਾ, ਕਨੂੰਨੀ ਸਹਾਇਤਾ ਉਪਲਬਧ ਕਰਾਉਂਦੇ ਸਨ। ਇਸ ਤਹਿਤ ਅੱਜ ਵੀ ਕਾਂਸ਼ੀ ਰਾਮ ਦੀ ਰਣਨੀਤੀ ਬਹੁਤ ਕਾਰਗਰ ਹੈ ਜਦੋ ਕਿ ਦਲਿਤਾਂ ਉਪਰ ਜ਼ੁਲਮ ਹੋ ਰਹੇ ਹਨ।

ਕਾਂਸ਼ੀ ਰਾਮ ਦਾ ਮੰਨਣਾ ਹੈ ਕਿ ਭਾਰਤ ਵਿਚ ਬੇਇਨਸਾਫੀ ਤੇ ਜ਼ੁਲਮ ਦੀ ਜੜ ਨੂੰ ਪਛਾਣਨਾ ਬਹੁਤ ਜਰੂਰੀ ਹੈ। ਇਸ ਨੂੰ ਉਖਾੜਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਉਨਾਂ ਦਾ ਮੰਨਣਾ ਸੀ ਬ੍ਰਾਹਮਣਵਾਦ ਹੀ ਅਸਮਾਨਤਾ, ਬਹੁਜਨ ਦੀ ਤਬਾਹੀ ਤੇ ਬੇਇਨਸਾਫ਼ੀ ਦੀ ਜੜ ਹੈ।ਕਾਂਸ਼ੀ ਰਾਮ ਅਨੁਸਾਰ ਬ੍ਰਾਹਮਣਵਾਦ ਸਿਰਫ ਮਨੁੱਖਤਾ ਵਿਚ ਭੇਦ ਤੇ ਵੰਡੀਆਂ ਨਹੀਂ ਪਾਉਂਦਾ, ਸਗੋਂ ਕੁਦਰਤ ਤੇ ਪਸ਼ੂਆਂ ਨੂੰ ਵੀ ਮਨੁਵਾਦੀ ਵਰਤਾਰੇ ਅਨੁਸਾਰ ਦੇਖਦਾ ਹੈ।ਕਾਂਸ਼ੀ ਰਾਮ ਅਨੁਸਾਰ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਪਨਾਏ ਬਿਨਾਂ ਬਹੁਜਨ ਦਾ ਸੰਕਟ ਖਤਮ ਨਹੀਂ ਹੋ ਸਕਦਾ।




# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

**RANJIT SINGH**

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਮਾਮਲਾ ਕੇਂਦਰੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ

## ✪ ਪੰਜਾਬ ਪਹਿਲਾ ਸੂਬਾ ਬਣਿਆ ✪ ਸੂਬੇ ਦੇ 3 ਖੇਤੀ ਬਿੱਲ ਵੀ ਹੋਏ ਪਾਸ ✪ ਭਾਜਪਾ ਦੇ ਵਿਧਾਇਕ ਵਿਧਾਨ ਸਭਾ ਤੋਂ .ਗੈਰ-ਹਾਜ਼ਰ ਰਹੇ

**ਜਲੰਧਰ/ਏ.ਟੀ.ਨਿਊਜ਼:** ਪੰਜਾਬ ਪੂਰੇ ਭਾਰਤ ਵਿੱਚ ਪਹਿਲਾ ਸੂਬਾ ਬਣ ਗਿਆ ਹੈ ਜਿਸ ਦੀ ਵਿਧਾਨ ਸਭਾ ਨੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਖ਼ਿਲਾਫ਼ ਮਤਾ ਪਾਸ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਖੇਤੀ ਬਾੜੀ ਬਿੱਲਾਂ ਨੂੰ ਵੀ ਸਰਬ ਸਹਿਮਤੀ ਨਾਲ ਪੰਜਾਬ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ ਗਿਆ ਹੈ। ਇਨਾਂ ਬਿੱਲਾਂ ਦੇ ਪੇਸ਼ ਹੋਣ ਮੌਕੇ ਭਾਜਪਾ ਦੇ ਵਿਧਾਇਕ ਵਿਧਾਨ ਸਭਾ ਤੋਂ ਗ਼ੈਰ-ਹਾਜ਼ਰ ਰਹੇ। ਇਨਾਂ ਬਿੱਲਾਂ ਵਿੱਚ ਪੰਜਾਬ ਸਰਕਾਰ ਨੇ ਐੱਮਐੱਸਪੀ ਨੂੰ ਸ਼ਾਮਿਲ ਕੀਤਾ ਹੈ ਤੇ ਉਸ ਤੋਂ ਘੱਟ ਕੀਮਤ ’ਤੇ ਫ਼ਸਲ ਦੀ ਕੀਮਤ ਅਦਾ ਕਰਨ ’ਤੇ ਤਿੰਨ ਸਾਲ ਦੀ ਸਜ਼ਾ ਹੈ। ਕਿਸੇ ਸਿਆਸੀ ਆਗੂ ਦਾ ਤਖ਼ਤਾ ਪਲਟਣ ਲਈ ਦੇਸ਼ ਦੀ ਅਬਾਦੀ ਦਾ ਕਿੰਨਾ ਹਿੱਸਾ ਚਾਹੀਦਾ ਹੈ। ਭਾਜਪਾ ਤੋਂ ਇਲਾਵਾ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਖੇਤੀ ਬਿੱਲਾਂ ਲਈ ਇੱਕਜੁੱਟਤਾ ਦਿਖਾਈ ਹੈ। ਭਾਜਪਾ ਤੋਂ ਇਲਾਵਾ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਖੇਤੀ ਬਿੱਲਾਂ ਲਈ ਇੱਕਜੁੱਟਤਾ ਦਿਖਾਈ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਭਾਜਪਾ ਤੋਂ ਇਲਾਵਾ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਨੇ ਰਾਜਪਾਲ ਨਾਲ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਰਾਜ ਭਵਨ ਦੇ ਬਾਹਰ ਸਾਰੀਆਂ ਪਾਰਟੀਆਂ ਦੇ ਵਿਧਾਇਕ ਨਾਲ ਨਜ਼ਰ ਆਏ। ਮੁਲਾਕਾਤ ਮਗਰੋਂ ਕੈਪਟਨ ਅਮਰਿੰਦਰ ਨੇ ਕਿਹਾ; ਕਿ ਉਨਾਂ ਨੇ ਰਾਜਪਾਲ ਨੂੰ ਅਪੀਲ ਕੀਤੀ ਹੈ ਕਿ ਉਹ ਵਿਧਾਨ ਸਭਾ ਵਿੱਚ ਪਾਸ ਬਿੱਲਾਂ ’ਤੇ ਦਸਤਖ਼ਤ ਕਰ ਦੇਣ। ਜਦੋਂ ਕੈਪਟਨ ਅਮਰਿੰਦਰ ਨੂੰ ਪੁੱਛਿਆ, ਕਿ ਜੇ ਰਾਜਪਾਲ ਨੇ ਦਸਤਖ਼ਤ ਨਹੀਂ ਕੀਤੇ ਤਾਂ ਉਨਾਂ ਨੇ ਕਿਹਾ, ਜੇ ਅਜਿਹਾ ਹੁੰਦਾ ਹੈ ਤਾਂ ਸਾਡੇ ਕੋਲ ਕਾਨੂੰਨੀ ਬਦਲ ਹਨ। ਅਸੀਂ ਰਾਸ਼ਟਰਪਤੀ ਕੋਲ ਵੀ ਸਮਾਂ ਮੰਗਿਆ ਹੈ ਤੇ ਨਵੰਬਰ ਦੇ ਪਹਿਲੇ ਹਫ਼ਤੇ ਵਿੱਚ ਸਾਰੀ ਵਿਧਾਨ ਸਭਾ ਉਨਾਂ ਨਾਲ ਮੁਲਾਕਾਤ ਕਰੇਗੀ।

ਪੰਜਾਬ ਨੂੰ ਛੋਟਾ ਸੂਬਾ ਨਾ ਸਮਝਣ ਮੋਦੀ - ਅਕਾਲੀ ਦਲ ਰਾਜ ਭਵਨ ਦੇ ਬਾਹਰੋਂ ਸਾਂਝੀ ਪ੍ਰੈੱਸ ਕਾਨਫ਼ਰੰਸ ਦੇ ਮੰਚ ਤੋਂ ਅਕਾਲੀ ਦਲ ਨੇ ਕਿਹਾ; ਕਿ ਉਨਾਂ ਨੇ ਕੈਪਟਨ ਅਮਰਿੰਦਰ ਦੀ ਸਰਕਾਰ ਵੱਲੋਂ ਲਿਆਏ ਗਏ ਬਿੱਲਾਂ ਦੇ ਨਾਲ ਸਹਿਮਤੀ ਪ੍ਰਗਟਾਈ ਹੈ। ਅਕਾਲੀ ਦਲ ਦੇ ਆਗੂ ਸ਼ਰਨਜੀਤ ਸਿੰਘ ਢਿੱਲੋਂ ਨੇ ਕਿਹਾ, ਮੈਂ ਅੱਜ ਮੋਦੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਛੋਟਾ ਸੂਬਾ ਨਾ ਮੰਨਿਆ ਜਾਵੇ। ਕਈ ਵੱਡੀਆਂ ਲਹਿਰਾਂ ਪੰਜਾਬ ਤੋਂ ਵੀ ਨਿਕਲੀਆਂ ਹਨ। ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਲੀਡਰ ਹਰਪਾਲ ਸਿੰਘ ਚੀਮਾ ਨੇ ਵੀ ਕਿਹਾ, ਕਿ ਉਹ ਇਨਾਂ ਬਿੱਲਾਂ ਦੇ ਹੱਕ ਵਿੱਚ ਪੰਜਾਬ ਸਰਕਾਰ ਨਾਲ ਖੜੇ ਹਨ।

**ਬਿੱਲਾਂ ਵਿੱਚ ਕੀ ਕਿਹਾ ਗਿਆ ਹੈ ?**

ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਤਿੰਨ ਬਿੱਲ ਪੇਸ਼ ਕੀਤੇ ਗਏ। ਇਨਾਂ ਬਿੱਲਾਂ ਵਿੱਚ ਕੀ ਹੈ, ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਦੱਸਿਆ।

ਬਿੱਲ 1- ਕਿਸਾਨ ਵਪਾਰ ਅਤੇ ਵਣਜ ਦੀਆਂ ਵਿਸ਼ੇਸ਼ ਵਿਵਸਥਾਵਾਂ ਅਤੇ ਪੰਜਾਬ ਸੋਧ ਬਿੱਲ 2020 ਤਹਿਤ ਕਣਕ ਜਾਂ ਝੋਨੇ ਦੀ ਕੋਈ ਵੀ ਵਿੱਕਰੀ ਜਾਂ ਖ਼ਰੀਦ ਜਾਇਜ਼ ਨਹੀਂ ਹੋਵੇਗੀ ਜਦੋਂ ਤੱਕ ਇਸ ਦੀ ਕੀਮਤ ਐੱਮਐੱਸਪੀ ਦੇ ਬਰਾਬਰ ਜਾਂ ਵੱਧ ਨਹੀਂ ਹੁੰਦੀ। ਐੱਮਐੱਸਪੀ ਤੋਂ ਘੱਟ ਖ਼ਰੀਦਣ ਵਾਲੇ ਕਿਸੇ ਵੀ ਵਿਅਕਤੀ ਨੂੰ 3 ਸਾਲ ਲਈ ਕੈਦ ਦੀ ਸਜ਼ਾ ਹੋਵੇਗੀ।

ਬਿੱਲ 2 - ਜ਼ਰੂਰੀ ਵਸਤੂਆਂ ਦੀ ਵਿਸ਼ੇਸ਼ ਵਿਵਸਥਾ ਅਤੇ ਪੰਜਾਬ ਸੋਧ ਬਿੱਲ ਖਪਤਕਾਰਾਂ ਨੂੰ ਫ਼ਸਲ ਦੀ ਜਮਾਖ਼ੋਰੀ ਅਤੇ ਕਾਲਾਬਾਜ਼ਾਰੀ ਤੋਂ ਬਚਾਉਂਦਾ ਹੈ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਕਰਦਾ ਹੈ।

ਬਿੱਲ 3 - ਮੁੱਲ ਅਸ਼ੋਰੈਂਸ ਅਤੇ ਫਾਰਮ ਸੇਵਾਵਾਂ (ਪੰਜਾਬ ਸੋਧ) 2020 ’ਤੇ ਕਿਸਾਨ ਸਮਝੌਤਾ’ ਵਿਚ ਕਿਹਾ ਗਿਆ ਹੈ ਕਿ ਖੇਤੀ ਸਮਝੌਤੇ ਤਹਿਤ ਕਣਕ ਅਤੇ ਝੋਨੇ ਦੀ ਕੋਈ ਵਿੱਕਰੀ ਜਾਂ ਖ਼ਰੀਦ ਐੱਮਐੱਸਪੀ ਤੋਂ ਘੱਟ ਨਹੀਂ ਹੋਵੇਗੀ ਅਤੇ ਇਸ ਦੀ ਉਲੰਘਣਾ ਕਰਨ ਵਾਲਿਆਂ ਨੂੰ 3 ਸਾਲ ਤੱਕ ਦੀ ਸਜ਼ਾ ਦਿੱਤੀ ਜਾਏਗੀ।

ਇਸ ਤੋਂ ਇਲਾਵਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ, ਕਿ ਇੱਕ ਹੋਰ ਬਿੱਲ ਵੀ ਕਿਸਾਨਾਂ ਦੇ ਹਿੱਤ ਲਈ ਲਿਆਂਦਾ ਹੈ।

ਬਿੱਲ 4 - ਅਸੀਂ ਕਿਸੇ ਵੀ ਰਿਕਵਰੀ ਦੌਰਾਨ ਕੁਰਕੀ ਤੋਂ ਕਿਸਾਨਾਂ ਨੂੰ ਬਚਾਉਣ ਲਈ ਸਿਵਲ ਪਰੋਸੀਜ਼ਰ ਕੋਡ, 1908 ਵਿੱਚ ਸੋਧ ਕਰਨ ਦਾ ਬਿੱਲ ਵੀ ਪਾਸ ਕਰ ਦਿੱਤਾ ਹੈ। 2.5 ਏਕੜ ਤੱਕ ਦੀਆਂ ਜ਼ਮੀਨਾਂ ਨੂੰ ਕਿਸੇ ਵੀ ਵਸੂਲੀ ਵਿੱਚ ਨਹੀਂ ਜੋੜਿਆ ਜਾਏਗਾ।

‘ਕਰਜ਼ਾ ਕੁਰਕੀ ਖ਼ਤਮ, ਫ਼ਸਲ ਦੀ ਪੂਰੀ ਰਕਮ’

ਬਿੱਲ ਤਹਿਤ ਐੱਮਐੱਸਪੀ ਤੋਂ ਘੱਟ ਰੇਟ ’ਤੇ ਫ਼ਸਲ ਖ਼ਰੀਦਣ ’ਤੇ ਤਿੰਨ ਸਾਲ ਤੱਕ ਦੀ ਸਜ਼ਾ ਹੋਵੇਗੀ

ਭਾਰਤੀ ਕਿਸਾਨ ਯੂਨੀਅਨ ਨੇ ਕੀਤਾ ਧੰਨਵਾਦ

ਭਾਰਤੀ ਕਿਸਾਨ ਯੂਨੀਅਨ ਨੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਬਿੱਲ ਪੇਸ਼ ਕਰਨ ’ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਟਵੀਟ ਕੀਤਾ, ‘ਇਤਿਹਾਸਕ ਕੰਮ ਕਰਨ ਲਈ ਧੰਨਵਾਦ। ਆਉਣ ਵਾਲੇ ਸਮੇਂ ਵਿੱਚ ਇਸ ਦਿਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।‘

**ਕੈਪਟਨ ਦੀ ਕਿਸਾਨ ਜਥੇਬੰਦੀਆਂ ਨੂੰ ਅਪੀਲ**

ਕੈਪਟਨ ਅਮਰਿੰਦਰ ਨੇ ਵਿਧਾਨ ਸਭਾ ਵਿੱਚ ਆਪਣੇ ਕਲੋਜ਼ਿੰਗ ਕਮੈਂਟ ਵਿੱਚ ਕਿਸਾਨਾਂ ਨੂੰ ਰੇਲਾਂ ਤੇ ਟੋਲ ਪਲਾਜ਼ਿਆਂ ਤੋਂ ਧਰਨੇ ਹਟਾਉਣ ਦੀ ਅਪੀਲ ਕੀਤੀ। ਉਨਾਂ ਕਿਹਾ, ‘ਮੇਰੀ ਹੁਣ ਕਿਸਾਨ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਪੰਜਾਬ ਦੇ ਮਾਹੌਲ ਬਾਰੇ ਵੀ ਸੋਚਣ।‘ ਅਸੀਂ ਉਨਾਂ ਨਾਲ ਖੜੇ ਹਾਂ, ਸਾਰੇ ਸਾਡੇ ਗੁਦਾਉਣ ਝੋਨੇ ਨਾਲ ਭਰੇ ਹੋਏ ਹਨ। 170 ਲੱਖ ਟਨ ਸਾਡੀ ਫ਼ਸਲ ਹੈ, ਇਸ ਵੇਲੇ ਤੱਕ 64 ਲੱਖ ਟਨ ਆ ਚੁੱਕੀ ਹੈ, 50 ਲੱਖ ਟਨ ਝੋਨਾ ਅਜੇ ਵੀ ਬਾਕੀ ਹੈ।

ਅਸੀਂ ਇਸ ਨੂੰ ਰੱਖਾਂਗੇ ਕਿੱਥੇ, ਟਰੇਨਾਂ ਨਹੀਂ ਜਾ ਸਕਦੀਆਂ, ਗੁਦਾਉਣ ਖ਼ਾਲੀ ਨਹੀਂ ਹੋ ਸਕਦੇ ਤਾਂ ਰੱਖਣ ਨੂੰ ਥਾਂ ਨਹੀਂ ਹੈ। ਜੇ ਝੋਨਾ ਖ਼ਰਾਬ ਹੋਵੇਗਾ ਤਾਂ ਫੂਡ ਕਾਰਪੋਰੇਸ਼ਨ ਸਾਡੇ ਸਿਰ ਪਾ ਦਿੰਦੀ ਹੈ, ਨੁਕਸਾਨ ਸਾਡਾ ਹੀ ਹੋਣਾ ਹੈ।

ਦੂਜਾ- 40 ਹਜ਼ਾਰ ਕਰੋੜ ਦਾ ਪੰਜਾਬ ਦੀ ਇੰਡਸਟਰੀ ਨੂੰ ਘਾਟਾ ਹੋਇਆ ਹੈ। ਹੁਣ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।

**ਕੈਪਟਨ ਪੰਜਾਬ ਲਈ ਖੇਤਰੀ ਪਾਰਟੀ ਬਣਾਉਣ-ਸੁਖਪਾਲ ਖਹਿਰਾ**

ਸੁਖਪਾਲ ਖਹਿਰਾ ਨੇ ਕਿਹਾ ਹੈ ਕਿ ਉਨਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਲਾਹ ਦਿੱਤੀ ਹੈ ਕਿ ਇਸ ਵੇਲੇ ਪੰਜਾਬ ਨੂੰ ਖੇਤਰੀ ਪਾਰਟੀ ਦੀ ਲੋੜ ਹੈ। ਸੁਖਪਾਲ ਖਹਿਰਾ ਨੇ ਕਿਹਾ, ‘ਕੈਪਟਨ ਅਮਰਿੰਦਰ ਸਿੰਘ ਨੂੰ ਹੁਣ ਦਿੱਲੀ ਦੀਆਂ ਪਾਰਟੀਆਂ ਦਾ ਸਾਥ ਛੱਡਣਾ ਚਾਹੀਦਾ ਹੈ। ਹੁਣ ਉਨਾਂ ਨੂੰ ਪੰਜਾਬ ਲਈ ਇੱਕ ਖੇਤਰੀ ਪਾਰਟੀ ਬਣਾਉਣੀ ਚਾਹੀਦੀ ਹੈ ਤੇ ਜੋ ਥਾਂ ਅਕਾਲੀ ਦਲ ਨੇ ਖ਼ਾਲੀ ਕੀਤੀ ਹੈ ਉਸ ਨੂੰ ਭਰਨਾ ਚਾਹੀਦਾ ਹੈ।‘

ਇਸ ਤੋਂ ਪਹਿਲਾਂ ਕੇਂਦਰ ਸਰਕਾਰ ਦੇ ਖੇਤੀ ਕਾਨੂੰਨ ਨੂੰ ਰੱਦ ਕਰਨ ਵਾਲੇ ਮਤੇ ਦੀਆਂ ਕਾਪੀਆਂ ਨਾ ਦੇਣ ਸਬੰਧੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿੱਚ ਜਵਾਬ ਦਿੰਦਿਆਂ ਕਿਹਾ, ‘ਬਿੱਲ ਦੀਆਂ ਕਾਪੀਆਂ ਤੁਰੰਤ ਨਹੀਂ ਦਿੱਤੀਆਂ ਜਾਂਦੀਆਂ।‘

ਕੈਪਟਨ ਨੇ ਇਸ ਦੌਰਾਨ ਕਿਹਾ, ਕਿ ਬਿੱਲ ਦਾ ਖਰੜਾ ਤਿਆਰ ਕਰਨ ਵਿੱਚ ਵਕਤ ਲਗਦਾ ਹੈ।

ਦਰਅਸਲ ਸੂਬੇ ਵੱਲੋਂ ਜਾਰੀ ਬਿੱਲਾਂ ਦੀਆਂ ਕਾਪੀਆਂ ਨਾ ਦੇਣ ਸਬੰਧੀ ਵਿਰੋਧੀ ਧਿਰਾਂ ਨੇ ਰੋਸ ਜਤਾਇਆ ਸੀ।

## ‘ਅਸਤੀ.ਫਾ ਜੇਬ ’ਚ ਰੱਖਦਾ ਹਾਂ, ਜੇ ਕੱਢਣਾ ਹੈ ਕੱਢ ਦੇਣ ਬੇਇਨਸਾ.ਫੀ ਨਹੀਂ ਸਹਾਂਗੇ’

ਮੈਂ ਭਾਰਤ ਸਰਕਾਰ ਤੋਂ ਜਾਣਨਾ ਚਾਹੁੰਦਾ ਹਾਂ ਕਿ ਸਾਡੇ ਮੁਲਕ ਦਾ ਇੱਕ ਸੰਵਿਧਾਨ ਬਣਿਆ ਸੀ ਜਿਸ ਤਹਿਤ ਸੂਬਾ ਤੇ ਕੇਂਦਰ ਸਰਕਾਰ ਨੂੰ ਫ਼ੈਸਲੇ ਲੈਣ ਦੇ ਅਧਿਕਾਰ ਸਨ ਪਰ ਕੇਂਦਰ ਹੌਲੀ-ਹੌਲੀ ਸੂਬੇ ਦੇ ਅਧਿਕਾਰਾਂ ਨੂੰ ਖ਼ਤਮ ਕਰਦਾ ਰਿਹਾ। ਇਸ ਮੁੱਦੇ ਤੇ ਜਦੋਂ ਬਹਿਸ ਦੀ ਲੋੜ ਸੀ, ਉਸ ਸਮੇਂ ਬਹਿਸ ਨਹੀਂ ਕੀਤੀ ਗਈ। ਧਰਨਿਆਂ ਤੇ ਸੜਕਾਂ ਰੋਕਣ ਜਾਂ ਟੋਲ ਰੋਕਣ ਨਾਲ ਕੁਝ ਨਹੀਂ ਹੋਣਾ, ਸੂਬਾ ਆਰਥਿਕ ਤੌਰ ’ਤੇ ਤੰਗ ਹੈ ਇਸ ਲਈ ਕੇਂਦਰ ਨੂੰ ਧਿਆਨ ਦੇਣ ਚਾਹੀਦਾ ਹੈ।

ਕੌਮੀ ਸੁਰੱਖਿਆ ਵੱਲ ਕੇਂਦਰ ਸਰਕਾਰ ਨੂੰ ਦੇਖਣਾ ਚਾਹੀਦਾ ਹੈ। ਕੇਂਦਰ ਸਰਕਾਰ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੂੰ ਭੁੱਲ ਗਈ ਹੈ ਅਤੇ ਪੰਜਾਬ ਨੂੰ ਇਕੱਠਾ ਹੋਣਾ ਪਊ ਤੇ ਕਿਸਾਨੀ ਨਾਲ ਖੜਨਾ ਪੈਣਾ ਹੈ। ਪੰਜਾਬ ਨੂੰ ਇਕੱਠਾ ਹੋਣਾ ਪਊ ਤੇ ਕਿਸਾਨੀ ਨਾਲ ਖੜਨਾ ਪੈਣਾ ਹੈ ਅਸੀਂ ਖੇਤੀ ਕਾਨੂੰਨਾਂ ਖ਼ਿਲਾਫ਼ ਲੜਾਈ ਲੜਾਂਗੇ ਅਤੇ ਹਰ ਅਦਾਲਤ ਤੱਕ ਜਾਵਾਂਗੇ। ਮੈਂ ਅਸਤੀਫ਼ਾ ਜੇਬ ’ਚ ਰੱਖਦਾ ਹਾਂ, ਕੇਂਦਰ ਚਾਹੇ ਤਾਂ ਸਾਡੀ ਸਰਕਾਰ ਨੂੰ ਬਰਖ਼ਾਸਤ ਕਰ ਦੇਵੇ, ਅਸੀਂ ਬੇਇਨਸਾਫ਼ੀ ਨਹੀਂ ਸਹਾਂਗੇ।



# ਬਿਪਰਨ ਮਾਰੂਥਲ ਵਿਚ ਪੰਥ ਤੋਂ ਲਾਵਾਰਿਸ ਹੋ ਚੁਕਿਆ ਬਾਦਲ ਦਲ

## ✪ ਬੀਜੇਪੀ ਨਾਲੋਂ ਟੁੱਟਣ ਮਗਰੋਂ ਅਕਾਲੀ ਦਲ ਗਠਜੋੜ ਸਿਆਸਤ ਵੱਲ ✪ ਭਾਜਪਾ ਪੰਥ ਤੇ ਪੰਜਾਬ ਲਈ ਫਿਰਕੂ ਭੂਮਿਕਾ ਨਿਭਾਉਂਦੀ ਰਹੀ ✪ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਾਰਣ ਪੰਥ ਬਾਦਲਾਂ ਨਾਲੋਂ ਟੁਟਿਆ

- ਪ੍ਰੋ.ਬਲਵਿੰਦਰ ਪਾਲ ਸਿੰਘ

9815700916

ਬਿਪਰਨ ਮਾਰੂਥਲ ਵਿਚ ਡੁਬ ਕੇ ਅਕਾਲੀ ਦਲ ਦੀ ਖੁਦਮੁਖਤਿਆਰ ਖਤਮ ਹੋ ਚੁਕੀ ਹੈ। ਵਿਸ਼ਾਲ ਸੰਗਠਨ ਖਾਲਸਾ ਪੰਥ ਉਸ ਨਾਲੋਂ ਟੁਟ ਚੁਕਿਐ ਹੈ। ਸੰਘ ਪਰਿਵਾਰ ਦੀ ਝੋਲੀ ਵਿਚ ਪੈ ਕੇ ਉਸ ਨੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ ਨੂੰ ਪੰਥ ਦੀ ਮਹਾਨ ਸੰਸਥਾ ਨੂੰ ਢਾਹ ਲਗਾਕੇ ਨਿਜੀ ਜਾਇਦਾਦ ਤੇ ਕਾਰਪੋਰੇਟ ਅਦਾਰਾ ਬਣਾ ਦਿਤਾ ਹੈ। ਇਹ ਗਲ ਸਚ ਹੈ ਕਿ ਜਿਹਨਾਂ ਕੌਮਾਂ ਦੀ ਸਿਆਸੀ ਲੀਡਰਸ਼ਿਪ ਖੁਦਮੁਖਤਿਆਰ ਨਹੀਂ ਹੁੰਦੀ ਉਹ ਆਪਣੀ ਕੌਮ ਨੂੰ ਮਾਰੂਥਲ ਦੀ ਅਗਨ ਵਿਚ ਧਕੇਲਦੀ ਖੁਆਰ ਕਰ ਦਿੰਦੀ ਹੈ। ਅੱਜ ਸਿਖ ਪੰਥ ਦੀ ਦਸ਼ਾ ਸ਼੍ਰੋਮਣੀ ਅਕਾਲੀ ਦਲ ਕਰਕੇ ਹੈ। ਪੰਥ ਵਿਰੋਧੀ ਡੇਰੇਦਾਰ, ਗੁਰੂ ਗਰੰਥ ਸਾਹਿਬ ਬੇਅਦਬੀ ਸੰਕਟ ਤੇ ਪੰਜਾਬ ਖੁਦਮੁਖਤਿਆਰੀ ਸੰਕਟ ਬਾਦਲ ਦਲ ਕਰਕੇ ਵਾਪਰੇ ਹਨ । ਹੁਣ ਅਕਾਲੀ ਦਲ ਦਾ ਕੋਈ ਆਧਾਰ ਨਹੀ । ਗੁਰੂ ਗਰੰਥ ਸਾਹਿਬ ਦੀ ਬੇਅਦਬੀ ਬਾਅਦ ਸਿੱਖਾਂ ਨੇ ਬਾਦਲ ਦਲ ਨੂੰ ਮੁਆਫ ਨਹੀਂ ਕੀਤਾ। ਭਾਵੇਂ ਭਾਜਪਾ ਨਾਲ ਅਕਾਲੀ ਦਲ ਬਾਦਲ ਨੇ ਨਾਤਾ ਤੋੜ ਲਿਆ ਹੈ। ਪਰ ਬਾਦਲ ਦਲ ਸਿੱਖ ਜਗਤ ਵਿਚ ਆਪਣਾ ਪੁਨਰ ਵਿਸ਼ਵਾਸ ਪੈਦਾ ਨਹੀਂ ਕਰ ਸਕਿਆ , ਨਾ ਅੱਗੋਂ ਸੰਭਾਵਨਾ ਦਿਖਾਈ ਦੇ ਰਹੀ ਹੈ। ਅੱਗੋਂ ਸੰਕਟ ਹੋਰ ਗੰਭੀਰ ਹੋਣਗੇ।

ਭਾਜਪਾ ਨਾਲ ਗਠਜੋੜ ਕਿਉਂ ਟੁਟਿਆ 26 ਸਤੰਬਰ 2020 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ ਉਹ ਐਨਡੀਏ ਤੋਂ ਵੱਖ ਹੋ ਰਹੀ ਹੈ। ਇਸ ਤਰਾਂ ਸੱਤਾਧਾਰੀ ਭਾਜਪਾ ਨਾਲ ਉਸ ਦੀ 24 ਸਾਲਾਂ ਦੀ ਲੰਬੀ ਸਾਂਝੇਦਾਰੀ ਖਤਮ ਹੋ ਗਈ। ਕੇਂਦਰ ਸਰਕਾਰ ਵੱਲੋਂ ਖੇਤੀ ਉਪਜ ਦੀ ਖਰੀਦ ਅਤੇ ਵਿਕਰੀ ਨਾਲ ਸੰਬੰਧਤ ਤਿੰਨ ਵਿਵਾਦਪੂਰਨ ਆਰਡੀਨੈਂਸਾਂ ਨੂੰ ਕਾਨੂੰਨ ਬਣਾਉਣ ਦੇ ਫੈਸਲੇ ਨੂੰ ਬਹਾਨਾ ਬਣਾ ਕੇ ਅਕਾਲੀ ਦਲ ਗੱਠਜੋੜ ਤੋਂ ਵੱਖ ਹੋਣ ਦਾ ਬਹਾਨਾ ਪਾਲਿਆ ਹੈ । ਹਾਲਾਂਕਿ ਅਕਾਲੀ ਦਲ ਇਨਾਂ ਆਰਡੀਨੈਂਸਾਂ ਦੀ ਤਾਰੀਫ਼ ਕਰਦਾ ਰਿਹਾ ਹੈ। ਇਥੋਂ ਤਕ ਜੰਮੂ, ਕਸ਼ਮੀਰ ਦੀ 370 ਧਾਰਾ ਖਤਮ ਕਰਨ ਤੇ ਰਾਮ ਮੰਦਰ ਦੀ ਹਮਾਇਤ ਕਰਦਾ ਰਿਹਾ ਹੈ । ਅਜਿਹਾ ਕਰਕੇ ਇਸ ਨੇ ਘਟ ਗਿਣਤੀ ਕੌਮਾਂ ਦੀ ਦਾਅਵੇਦਾਰੀ ਤਿਆਗੀ ਹੈ। ਸਿਖ ਖੁਦਮੁਖਤਿਆਰੀ ਨੂੰ ਖਤਮ ਕੀਤਾ ਤੇ ਭਾਜਪਾ ਦਾ ਵਿੰਗ ਬਣਿਆ ਰਿਹਾ ਹੈ। ਹੁਣੇ ਜਿਹੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਵੀਟ ਕੀਤਾ ਕਿ ਭਾਜਪਾ ਨਾਲ ਤੋੜ ਵਿਛੋੜੇ ਦਾ ਕਾਰਨ ਕੇਂਦਰ ਦਾ 'ਐਮਐਸਪੀਜ਼' ਤੇ ਫਸਲਾਂ ਦੀ ਮਾਰਕਿਟ ਨੂੰ ਯਕੀਨੀ ਬਣਾਉਣ ਅਤੇ ਕਾਨੂੰਨੀ ਗਾਰੰਟੀ ਦੇਣ ਤੋਂ ਇਨਕਾਰ ਕਰਨਾ ਅਤੇ ਪੰਜਾਬੀ ਅਤੇ ਸਿੱਖ ਮੁੱਦਿਆਂ ਪ੍ਰਤੀ ਕੇਂਦਰ ਸਰਕਾਰ ਦਾ ਗੈਰ ਉਸਾਰੂ ਪੱਖ ਸੀ।

ਸੁਖਬੀਰ ਬਾਦਲ ਦਾ ਇਹ ਸਪੱਸ਼ਟੀਕਰਨ ਚਲਾਕੀ ਵਾਲਾ ਅਤੇ ਰਾਜਨੀਤੀ ਤੋਂ ਪ੍ਰੇਰਿਤ ਪ੍ਰਤੀਤ ਹੁੰਦਾ ਹੈ। ਪਿਛਲੇ ਪੰਜ ਦਹਾਕਿਆਂ ਤੋਂ ਸੰਘ ਪਰਿਵਾਰ ਸਿਖਾਂ ਨੂੰ ਹਿੰਦੂ ਧਰਮ ਦਾ ਅੰਗ ਕਹਿ ਕੇ ਜ਼ਲੀਲ ਕਰਦਾ ਰਿਹਾ ਹੈ ਪਰ ਅਕਾਲੀ ਹਾਈਕਮਾਂਡ ਨੇ ਕਦੇ ਨੋਟਿਸ ਨਹੀਂ ਲਿਆ, ਸਗੋਂ ਭਾਜਪਾ ਦੀਆਂ ਟਿਕਟਾਂ ਉਪਰ ਵਿਧਾਨ ਸਭਾ ਚੋਣਾਂ ਦੌਰਾਨ ਆਪਣੇ ਦਿਲੀ ਵਾਲੇ ਅਕਾਲੀ ਮਹਾਂਰਥੀ ਲੜਾਉਂਦੇ ਰਹੇ ਤੇ ਇਸ ਬਦਲੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇ ਤੇ ਟਿਕਟਾਂ ਸੌਂਪਦੇ ਰਹੇ ਹਨ। ਇਤਿਹਾਸ ਗਵਾਹ ਕਿ ਅਕਾਲੀ ਦਲ ਨੇ ਭਾਜਪਾ ਅਤੇ ਇਸ ਤੋਂ ਪਹਿਲਾਂ ਭਾਰਤੀ ਜਨਸੰਘ ਨਾਲ ਚੋਣ ਸੰਬੰਧ ਬਣਾਈ ਰੱਖੇ ਤੇ ਪੰਜਾਬ ਵਿਚ ਭਾਜਪਾ ਨੇ ਅਕਾਲੀ ਰਣਨੀਤੀ ਤਹਿਤ ਹੀ ਆਪਣੀ ਸਿਆਸੀ ਦੁਨੀਆ ਵਿਛਾਈ । ਅੱਜ ਇਹੀ ਭਾਜਪਾ ਅਕਾਲੀ ਦਲ ਨੂੰ ਚੈਲਿੰਜ ਕਰਕੇ ਪੰਜਾਬ ਦੀ ਸਿਆਸਤ ਉਪਰ ਵਡੀ ਦਾਅਵੇਦਾਰੀ ਕਰ ਰਹੀ ਹੈ। ਅਕਾਲੀ ਦਲ ਨੇ ਆਪਣੀ ਬਿਪਰਨੀ ਸਿਆਸੀ ਪਹੁੰਚ ਕਾਰਣ ਬਹੁਜਨ ਸੁਪਰੀਮੋ ਕਾਂਸ਼ੀ ਰਾਮ ਨਾਲ ਸਿਧਾਂਤਕ ਗਠਜੋੜ ਤੋਂ ਟੁੱਟ ਕੇ ਭਾਜਪਾ ਨਾਲ ਜਾ ਜੁੜਿਆ ਤੇ ਪੂਰੇ ਭਾਰਤ ਵਿਚ ਭਾਜਪਾ ਨੂੰ ਅਕਾਲੀ ਦਲ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਨੇ ਭਾਜਪਾ ਨੂੰ ਆਕਸੀਜਨ ਦਿੱਤੀ ਤੇ ਸਿਖ ਪੰਥ ਦੇ ਸਿਆਸੀ ਵਜੂਦ ਤੇ ਕੇਡਰ ਨੂੰ ਖਤਮ ਕੀਤਾ। ਪਿਛਲੇ ਸਾਲਾਂ ਵਿੱਚ ਅਕਾਲੀ ਦਲ ਨੂੰ ਪੰਜਾਬ ਦੇ ਅੰਦਰ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਜਪਾ ਦੇ ਨਾਲ ਅਕਾਲੀ ਪਾਰਟੀ ਦਾ ਇਤਿਹਾਸ ਦੱਸਦਾ ਹੈ ਕਿ ਐਨ.ਡੀ.ਏ ਨਾਲ ਸੰਬੰਧ ਤੋੜਨ ਦਾ ਬਾਦਲ ਦਲ ਵਲੋਂ ਫ਼ੈਸਲਾ ਸਿੱਖ ਮੁੱਦਿਆਂ ਪ੍ਰਤੀ ਸੁਹਿਰਦਤਾ ਤੇ ਵਚਨਬੱਧਤਾ ਵਿਚੋਂ ਨਹੀ ਨਿਕਲਿਆ। ਇਸ ਪਿਛੇ ਕਾਰਣ ਭਾਜਪਾ ਵਲੋਂ ਅਕਾਲੀ ਦਲ ਕੋਲੋਂ ਵਿਧਾਨ ਸਭਾ ਦੀਆਂ ਪੰਜਾਹ ਪ੍ਰਤੀਸ਼ਤ ਸੀਟਾਂ ਦੀ ਮੰਗ ਰਖਣਾ ਤੇ ਅਕਾਲੀ ਦਲ ਦੀ ਖੁਦਮੁਖਤਿਆਰ ਹੋਂਦ ਨੂੰ ਚੈਲਿੰਜ ਕਰਨਾ ਸੀ।

ਪੰਜਾਬ ਤੇ ਪੰਥ ਪ੍ਰਤੀ ਭਾਜਪਾ ਦੀ ਸਾਜਿਸ਼ੀ ਸਿਆਸਤ

ਅਕਾਲੀ ਦਲ 1996 ਵਿਚ ਭਾਜਪਾ ਨਾਲ ਗੱਠਜੋੜ ਕਰਨ ਤੋਂ ਪਹਿਲਾਂ ਕਈ ਵਾਰ ਜਨਸੰਘ ਨਾਲ ਗਠਜੋੜ ਕੀਤਾ। 1967 ਵਿਚ ਅਕਾਲੀ ਦਲ, ਜਨ ਸੰਘ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਪੰਜਾਬ ਵਿਚ



ਪਹਿਲੀ ਵਾਰ ਗੈਰ-ਕਾਂਗਰਸ ਮੁੱਖ ਮੰਤਰੀ ਬਣਾਇਆ। ਇਕ ਦਹਾਕੇ ਬਾਅਦ ਜਨਸੰਘ ਨਾਲ ਮੁੜ ਗੱਠਜੋੜ ਕਰਨ ਤੋਂ ਬਾਅਦ, ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਇਆ ਗਿਆ। ਅਗਲੇ 15 ਸਾਲ ਪੰਜਾਬ ਦੇ ਹਿਤਾਂ ਲਈ ਅਕਾਲੀ ਦਲ ਨੇ ਕੇਂਦਰ ਸਰਕਾਰ ਵਿਰੁਧ ਪੰਜਾਬ ਦੇ ਵਧ ਅਧਿਕਾਰਾਂ ਲਈ ਧਰਮ ਯੁਧ ਮੋਰਚਾ ਲਗਾ ਦਿਤਾ। ਭਾਜਪਾ ਤੇ ਉਸ ਨਾਲ ਜੁੜੇ ਸੰਗਠਨ ਦੇ ਲੋਕਾਂ ਨੇ ਸਿੱਖ ਪੰਥ ਵਿਰੁੱਧ ਬਹੁਤ ਸਾਰੇ ਜੁਰਮ ਕੀਤੇ ਤੇ ਪੰਜਾਬ ਨੂੰ ਉਬਲਦੇ ਪਾਣੀ ਵਿਚ ਇਸ਼ਨਾਨ ਕਰਵਾਉਣ ਲਈ ਬਹੁਤ ਸਾਰੇ ਪੰਜਾਬ ਵਿਰੋਧੀ ਅਪਰਾਧ ਕੀਤੇ। ਸਭ ਤੋਂ ਭਿਆਨਕ ਜੁਰਮ ਜੂਨ 1984 ਦਾ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਦੀ ਹਮਾਇਤ ਸੀ। ਫੌਜੀ ਹਮਲਾ 84 ਤੋਂ ਕੁਝ ਚਿਰ ਪਹਿਲਾਂ ਅਪਰੈਲ ਮਹੀਨੇ ਦਰਬਾਰ ਸਾਹਿਬ ਉਪਰ ਇੱਕ ਫੌਜੀ ਮੁਹਿਮ ਦੀ ਮੰਗ ਕੀਤੀ ਗਈ । ਇਸ ਤੋਂ ਪਹਿਲਾਂ ਇੱਕ ਭਾਜਪਾ ਦੇ ਸਾਬਕਾ ਵਿਧਾਇਕ ਦੁਆਰਾ ਕੀਤੀ ਗਈ ਸੀ। 1996 ਵਿਚ ਇਸ ਘਟਨਾ ਦਾ ਸ਼੍ਰੋਮਣੀ ਕਮੇਟੀ ਨੇ ਆਪਣੇ "ਪੰਜਾਬ ਦਾ ਸੱਚ ਵਾਈਟ ਪੇਪਰ ਵਿਚ ਇਹ ਸਚਾਈ ਬਿਆਨ ਕੀਤੀ ਕਿ ਰਾਸ਼ਟਰੀ ਹਿੰਦੂ ਸੁਰੱਖਿਆ ਸਮਿਤੀ ਨਾਮਕ ਇਕ ਫਿਰਕੂ ਸੰਗਠਨ ਨੇ ਫਰਵਰੀ 1984 ਵਿਚ ਬੰਦ ਦਾ ਆਯੋਜਨ ਕੀਤਾ ਸੀ। 14 ਫਰਵਰੀ 1984 ਦੌਰਾਨ ਹਿੰਦੂ ਸਮਿਤੀ ਨੇ ਭਾਰਤ ਬੰਦ ਦਾ ਸੱਦਾ ਦਿੱਤੇ ਜਾਣ ਤੋਂ ਬਾਅਦ , ਸਿੱਖ ਗੁਰੂ ਸਾਹਿਬਾਨਾਂ, ਗੁਰਧਾਮਾਂ ਵਿਰੁਧ ਫਿਰਕੂ ਜ਼ਹਿਰ ਫੈਲਾਇਆ। ਸਿੱਖ ਧਰਮ ਅਤੇ ਉਨਾਂ ਦੀਆਂ ਧਾਰਮਿਕ ਸੰਸਥਾਵਾਂ ਉਪਰ ਹਮਲਾ ਕਰਨ ਲਈ ਕਰਨ ਲਈ ਅੰਮ੍ਰਿਤਸਰ ਵਿਖੇ 56 ਥਾਵਾਂ 'ਤੇ ਫਿਰਕੂ ਬਿਪਰਨ ਭੀੜ ਇਕੱਠੀ ਹੋਈ । ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਸਜਿਆ ਦਰਬਾਰ ਸਾਹਿਬ ਦਾ ਮਾਡਲ ਭੰਨਿਆ। ਕਈ ਸਾਲਾਂ ਤੋਂ ਪ੍ਰਦਰਸ਼ਨੀ ਲਈ ਰੱਖੇ ਚੌਥੇ ਸਿੱਖ ਗੁਰੂ ਰਾਮਦਾਸ ਜੀ ਦੀ ਤਸਵੀਰ ਇੰਨੀ ਬੇਅਦਬ ਕੀਤੀ ਗਈ ਕਿ ਇਸ ਨੂੰ ਪਛਾਣਿਆ ਨਹੀਂ ਜਾ ਸਕਿਆ ਅਤੇ ਮਨੂਵਾਦੀ ਫਿਰਕੂਆਂ ਇਸ ਨਾਲ ਬਲਦੀ ਹੋਈ ਸਿਗਰੇਟ ਵੀ ਰਗੜੀ। ਫੋਟੋ ਨੂੰ ਪੈਰ ਨਾਲ ਕੁਚਲਣਾ ਤੇ ਪਿਸ਼ਾਬ ਕਰਨਾ ਫਿਰਕੂ ਭੀੜ ਦੁਆਰਾ ਭੜਕਾਊ ਕਾਰਵਾਈਆਂ ਸਨ ਜਿਨਾਂ ਸਿਖ ਪੰਥ ਦੇ ਮਨਾਂ ਵਿਚ ਗੁੱਸਾ ਭਰ ਦਿੱਤਾ। ਇਸ ਫਿਰਕੂ ਭੀੜ ਦੀ ਅਗਵਾਈ ਸਾਬਕਾ ਵਿਧਾਇਕ ਅਤੇ ਭਾਜਪਾ ਜ਼ਿਲਾ ਪ੍ਰਧਾਨ ਹਰਬੰਸ ਲਾਲ ਖੰਨਾ ਨੇ ਕੀਤੀ।

ਬਾਅਦ ਵਿਚ 2 ਅਪ੍ਰੈਲ ਦੌਰਾਨ ਖੰਨਾ ਮਾਰ ਦਿੱਤਾ ਗਿਆ। ਦੋ ਮਹੀਨਿਆਂ ਬਾਅਦ ਜੂਨ 84 ਦੌਰਾਨ ਦਰਬਾਰ ਸਾਹਿਬ ਉਪਰ ਕੀਤੇ ਆਪ੍ਰੇਸ਼ਨ ਫੌਜੀ ਹਮਲੇ ਵਿੱਚ ਸੈਂਕੜੇ ਨਿਰਦੋਸ਼ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅਕਾਲ ਤਖਤ ਸਾਹਿਬ ਨੂੰ ਤੋਪਾਂ, ਟੈਂਕਾਂ ਨਾਲ ਖੰਡਹਰ ਬਣਾ ਦਿਤਾ। ਹਰਿਮੰਦਰ ਸਾਹਿਬ ਦੀ ਬਿਲਡਿੰਗ ਨੂੰ ਨੁਕਸਾਨ ਹੋਇਆ ।ਇਹ ਗਲ ਕਿਸੇ ਨੂੰ ਭੁਲੀ ਨਹੀ ਹੈ ਕਿ ਫੌਜੀ ਹਮਲੇ ਤੋਂ ਕੁਝ ਹਫ਼ਤੇ ਪਹਿਲਾਂ, ਆਪ੍ਰੇਸ਼ਨ ਬਲਿਊ ਸਟਾਰ ਦੇ ਕੁਝ ਦਿਨ ਪਹਿਲਾਂ ਲਾਲ ਕ੍ਰਿਸ਼ਨ ਅਡਵਾਨੀ ਅਤੇ ਅਟਲ ਬਿਹਾਰੀ ਵਾਜਪਾਈ ਇੰਦਰਾ ਸਰਕਾਰ ਕੋਲੋਂ ਇਹ ਮੰਗ ਕਰ ਰਹੇ ਸਨ ਕਿ ਦਰਬਾਰ ਸਾਹਿਬ ਫੌਜ ਭੇਜੀ ਜਾਵੇ। ਅਡਵਾਨੀ ਨੇ ਆਪਣੀ ਸਵੈ ਜੀਵਨੀ ਮਾਈ ਕੰਟਰੀ ਮਾਈ ਲਾਈਫ ਵਿਚ ਇਸ ਗੱਲ ਨੂੰ ਮੰਨਿਆ ਅਤੇ ਫੌਜੀ ਕਾਰਵਾਈ ਦੀ ਵੀ ਪ੍ਰਸ਼ੰਸਾ ਕੀਤੀ।ਆਪਣੀ ਸਵੈ ਜੀਵਨੀ, ਦਿ ਟਰਾਮਾ ਐਂਡ ਟਰਾਈਅੰਪ ਪੰਜਾਬ ਦੇ ਇੱਕ ਚੈਪਟਰ ਵਿੱਚ ਅਡਵਾਨੀ ਨੇ ਲਿਖਿਆ, 'ਭਾਜਪਾ ਦੇ ਇਤਿਹਾਸ ਵਿੱਚ ਇੱਕ ਵੱਡਾ ਲੋਕ ਅੰਦੋਲਨ ਭਿੰਡਰਾਂਵਾਲੇ ਅਤੇ ਉਸਦੀ ਫੌਜ ਦੇ ਸਾਹਮਣੇ ਸਰਕਾਰ ਦੇ ਸਮਰਪਣ ਦੇ ਵਿਰੁੱਧ ਸੀ।' ਭਿੰਡਰਾਂਵਾਲੇ ਨੇ ਹਰਿਮੰਦਰ ਸਾਹਿਬ ਨੂੰ ਆਪਣੀ ਕਾਰਵਾਈ ਦਾ ਮੁੱਖ ਦਫਤਰ ਬਣਾਇਆ ਸੀ।

ਦਿੱਲੀ ਸਿੱਖ ਕਤਲੇਆਮ ਵਿਚ ਸੰਘ ਪਰਿਵਾਰ ਦਿੱਲੀ ਸਿੱਖ ਕਤਲੇਆਮ ਵਿਚ ਸੰਘ ਪਰਿਵਾਰ

ਉਸ ਸਾਲ 1984 ਨੂੰ ਇੰਦਰਾ ਗਾਂਧੀ ਨੂੰ ਮਾਰ ਦਿੱਤਾ ਗਿਆ ਅਤੇ ਸਿੱਖਾਂ ਦਾ ਸਾਜਿਸ਼ ਤਹਿਤ ਕਤਲੇਆਮ ਕੀਤਾ ਗਿਆ। ਇਸ ਹਿੰਸਾ ਦੀ ਅਗਵਾਈ ਕਾਂਗਰਸ ਨੇ ਕੀਤੀ ਸੀ ਪਰ ਉਸ ਸਮੇਂ ਦੀਆਂ ਹਿਊਮਨ ਰਾਈਟਸ ਰਿਪੋਰਟਾਂ ਆਖਦੀਆਂ ਹਨ ਕਿ ਇਸ ਕਤਲੇਆਮ ਵਿਚ ਭਾਜਪਾ ਅਤੇ ਆਰਐਸਐਸ ਦੇ ਕਈ ਨੇਤਾ ਵੀ ਸ਼ਾਮਲ ਸਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਤਲੇਆਮ ਤੋਂ ਬਾਅਦ, ਦਿੱਲੀ ਸਿਟੀ ਥਾਣੇ ਵਿਚ ਦਰਜ 14 ਐਫ.ਆਈ.ਆਰ. ਵਿਚ ਭਾਜਪਾ ਅਤੇ ਸੰਘ ਨਾਲ ਸਬੰਧਤ 49 ਵਿਅਕਤੀ ਸ਼ਾਮਲ ਹਨ। ਸ੍ਰੀਨਿਵਾਸਪੁਰ ਥਾਣਾ ਦੱਖਣੀ ਦਿੱਲੀ ਵਿੱਚ ਹੋਰ ਕੇਸ ਦਰਜ ਹਨ। ਐਫਆਈਆਰ ਦਰਸਾਉਂਦੀ ਹੈ ਕਿ ਹਰੀ ਨਗਰ, ਆਸ਼ਰਮ, ਭਗਵਾਨਗਰ ਅਤੇ ਸਨ ਲਾਈਟ ਕਲੋਨੀ ਵਿੱਚ ਭਾਜਪਾ ਅਤੇ ਆਰਐਸਐਸ ਦੇ ਨੇਤਾਵਾਂ ਦੇ ਖਿਲਾਫ ਸਿਖਾਂ ਦੇ ਕਤਲ, ਅਗਨੀ, ਲੁੱਟ-ਖੋਹ ਦੇ ਕੇਸ ਦਰਜ ਹਨ। ਐਫਆਈਆਰ ਵਿਚ ਜਿਨਾਂ ਵਿਅਕਤੀਆਂ ਦੇ ਨਾਮ ਦਰਜ ਹਨ, ਉਨਾਂ ਵਿਚੋਂ ਇਕ ਰਾਮ ਕੁਮਾਰ ਜੈਨ ਹੈ, ਜੋ 1980 ਦੀਆਂ ਲੋਕ ਸਭਾ ਚੋਣਾਂ ਵਿਚ ਅਟਲ ਬਿਹਾਰੀ ਵਾਜਪਾਈ ਦਾ ਚੋਣ ਏਜੰਟ ਸੀ।ਫਿਰ ਵੀ ਅਕਾਲੀ ਦਲ ਨੇ ਇਨਾਂ ਘਟਨਾਵਾਂ ਨੂੰ ਅਖੋਂ ਪਰੋਖੇ ਕਰਕੇ ਤੇ ਭਾਜਪਾ ਨਾਲ ਗੱਠਜੋੜ ਕਰਕੇ ਸਿਖ ਪੰਥ ਨਾਲ ਇਤਿਹਾਸਕ ਅਪਰਾਧ ਕੀਤਾ ਹੈ। 1996 ਵਿਚ, ਅਕਾਲੀ ਦਲ ਨੇ ਲੋਕ ਸਭਾ ਚੋਣਾਂ ਵਿਚ ਭਾਜਪਾ ਨਾਲ ਚੋਣਾਂ ਤੋਂ ਪਹਿਲਾਂ ਗਠਜੋੜ ਬਣਾਇਆ, ਜਿਸ ਤੋਂ ਬਾਅਦ ਵਾਜਪਾਈ ਨੇ ਥੋੜੇ ਸਮੇਂ ਦੀ ਸਰਕਾਰ ਬਣਾਈ। ਅਗਲੇ ਸਾਲ, 1997 ਵਿਚ ਪੰਜਾਬ ਵਿਧਾਨ ਸਭਾ ਚੋਣਾਂ ਲਈ ਦੋਵੇਂ ਪਾਰਟੀਆਂ ਇਕੱਠੀਆਂ ਹੋਈਆਂ ਅਤੇ ਚੋਣਾਂ ਜਿੱਤੀਆਂ।ਪ੍ਰਕਾਸ਼ ਸਿੰਘ ਬਾਦਲ ਫਿਰ ਮੁੱਖ ਮੰਤਰੀ ਬਣੇ। ਇਸ ਸਿਆਸੀ ਗਠਜੋੜ ਬਾਰੇ ਸ਼ੁਰੂ ਤੋਂ ਹੀ ਗੰਭੀਰ ਇਤਰਾਜ਼ ਅਤੇ ਖ਼ਦਸ਼ੇ ਜਤਾਉਣ ਵਾਲੇ ਅਕਾਲੀ ਦਲ ਦੇ ਇੱਕ ਹੋਰ ਵੱਡੇ ਆਗੂ ਗੁਰਚਰਨ ਸਿੰਘ ਟੌਹੜਾ ਨੇ ਸਭ ਤੋਂ ਪਹਿਲਾਂ ਇਸ ਗਠਜੋੜ ਉੱਤੇ ਸਵਾਲ ਖੜੇ ਕਰਦਿਆਂ 7 ਸਤੰਬਰ 1998 ਨੂੰ ਹੀ ਕਹਿ ਦਿੱਤਾ ਸੀ, ਸਿੱਖ ਅਤੇ ਪੰਜਾਬ ਦੇ ਮਾਮਲਿਆਂ ਬਾਰੇ ਭਾਜਪਾ ਕਾਂਗਰਸ ਤੋਂ ਕਿਸੇ ਤਰਾਂ ਵੀ ਵੱਖਰੀ ਨਹੀਂ ਹੈ।'

ਬਾਦਲ ਪਰਿਵਾਰ ਨੇ ਆਪਣੀ ਸਤਾ ਹਠ ਵਿਚ ਜਥੇਦਾਰ ਟੌਹੜਾ ਦੀ ਕੋਈ ਗੱਲ ਨਹੀਂ ਸੁਣੀ।

**ਬਾਦਲ ਦਲ ਦਾ ਪੰਜਾਬ , ਪੰਥ ਵਿਰੋਧੀ ਵਰਤਾਰਾ**

ਪਿਛਲੇ ਕੁੱਝ ਸਾਲਾਂ ਵਿੱਚ, ਅਕਾਲੀ ਦਲ ਆਪਣੀ ਖੁਦਮੁਖਤਿਆਰ ਹੋਂਦ ਨੂੰ ਕਾਇਮ ਰੱਖਣ ਦੀ ਬਜਾਏ ਭਾਜਪਾ ਨੂੰ ਪਹਿਲ ਦਿੰਦਾ ਰਿਹਾ ਹੈ। ਚਿਟੀ ਸਿੰਘਪੁਰਾ ਵਿਚ ਸਰਕਾਰੀ ਕੈਟਾਂ ਦੁਆਰਾ ਉਸ ਸਮੇਂ ਦੇ ਅਮਰੀਕਨ ਰਾਸ਼ਟਰਪਤੀ ਬਿਲ ਕਲਿੰਟਨ ਦੀ ਆਮਦ ਉਪਰ ਕਤਲੇਆਮ ਬਾਰੇ ਬਾਦਲ ਅਕਾਲੀ ਦਲ ਚੁਪ ਰਿਹਾ। ਇਨਸਾਫ ਦੀ ਕੋਈ ਮੰਗ ਨਹੀ ਕੀਤੀ। ਅਕਾਲੀ ਦਲ ਸੰਘਵਾਦ ਨੂੰ ਤਿਆਗ ਕੇ 370 ਧਾਰਾ ਕਸ਼ਮੀਰ ਵਿਚੋਂ ਖਤਮ ਕਰਨ ਦੇ ਮੋਦੀ ਸਰਕਾਰ ਦਾ ਪਿਛਲੱਗ ਬਣ ਗਿਆ। 1960 ਅਤੇ 1990 ਦੇ ਵਿਚਾਲੇ, ਅਕਾਲੀ ਦਲ ਨੇ ਘੱਟੋ ਘੱਟ ਚਾਰ ਵਾਰ ਮਤਿਆਂ ਅਤੇ ਬਿਆਨ ਜਾਰੀ ਕਰਕੇ ਰਾਜਾਂ ਨੂੰ ਵਧੇਰੇ ਖੁਦਮੁਖਤਿਆਰੀ ਦੇਣ ਦਾ ਸਮਰਥਨ ਕੀਤਾ ਸੀ। ਇਸ ਵਿਚ 1973 ਵਿਚ ਅਨੰਦਪੁਰ ਸਾਹਿਬ ਦਾ ਮਤਾ ਵੀ ਸ਼ਾਮਲ ਸੀ ਜਿਸ ਵਿਚ ਰਾਜਾਂ ਨੂੰ ਖੁਦਮੁਖਤਿਆਰੀ ਅਤੇ ਭਾਰਤ ਵਿਚ ਸੰਘੀ ਢਾਂਚੇ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਗਿਆ ਸੀ।ਇਸ ਪੰਜਾਬ ਪਖੀ ਤਜਵੀਜ਼ ਨੂੰ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਪੇਸ਼ ਕੀਤਾ ਸੀ ਅਤੇ ਇਸ ਨੂੰ ਅਕਾਲੀ ਦਲ ਨੇ ਸਮਰਥਨ ਦਿੱਤਾ ਸੀ। ਇਸ ਵਿਚ ਜ਼ਿਕਰ ਹੈ : ਇਹ ਮਤੇ ਨੂੰ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੁਆਰਾ ਪੇਸ਼ ਕੀਤਾ ਗਿਆ ਅਤੇ ਇਸ ਨੂੰ ਅਕਾਲੀ ਦਲ ਵੱਲੋਂ ਸਮਰਥਨ ਦਿੱਤਾ । ਇਸ ਵਿਚ ਜ਼ਿਕਰ ਕੀਤਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਾ ਹੈ ਕਿ ਉਹ ਵੱਖ-ਵੱਖ ਭਾਸ਼ਾਈ ਅਤੇ ਸਭਿਆਚਾਰਕ ਵਰਗਾਂ, ਧਾਰਮਿਕ ਘੱਟ ਗਿਣਤੀਆਂ ਅਤੇ ਲੱਖਾਂ ਲੋਕਾਂ ਦੀਆਂ ਆਵਾਜ਼ਾਂ ਬਾਰੇ ਧਿਆਨ ਰਖਦੇ ਹੋਏ ਅਤੇ ਦੇਸ਼ ਦੇ ਸੰਵਿਧਾਨਕ ਢਾਂਚੇ ਨੂੰ ਲਾਗੂ ਕਰਨ ਤੇ ਸੰਵਿਧਾਨ ਵਿਚ ਸੁਰਜੀਤ ਕਰਨ। ਇਹ ਤਾਕੀਦ ਕਰਦਾ ਹੈ ਕਿ ਰਾਜਾਂ ਨੂੰ ਵਧ ਅਧਿਕਾਰ ਦਿੱਤੇ ਜਾਣ।

**ਪੰਜਾਬੀ ਪਾਰਟੀ ਵਲ ਬਾਦਲ ਦਲ**

ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਨੇ 1996 ਵਿਚ ਆਪਣੇ 75ਵੇਂ ਸਥਾਪਨਾ ਦਿਵਸ ਮੌਕੇ ਮੋਗਾ ਕਾਨਫਰੰਸ ਦੌਰਾਨ ਪੰਥਕ ਤੋਂ ਪੰਜਾਬੀਅਤ ਵੱਲ ਮੋੜਾ ਕੱਟਿਆ ਤੇ ਅਨੰਦਪੁਰ ਦਾ ਮਤਾ ਤੇ ਪੰਜਾਬ ਦੀ ਖੁਦਮੁਖਤਿਆਰ ਹਸਤੀ ਦਾ ਸੁਆਲ ਖਤਮ ਕਰ ਦਿਤਾ । ਇਸ ਏਜੰਡੇ ਤਹਿਤ ਆਪਣੇ ਆਪ ਨੂੰ ਪੰਥਕ ਏਜੰਡੇ ਤੋਂ ਦੂਰ ਕਰਕੇ ਹਿੰਦੂ ਭਾਈਚਾਰੇ ਦੇ ਵੋਟ ਹਾਸਲ ਕਰਨ ਲਈ ਨਵਾਂ ਰਾਜਸੀ ਤਜਰਬਾ ਸੀ। ਇਸ ਤਜਰਬੇ ਨੇ ਪੰਜਾਬ ਵਿਚ ਅਕਾਲੀ ਸਰਕਾਰਾਂ ਤਾਂ ਬਣ ਗਈਆਂ ਪਰ ਇਸ ਅਮਲ ਵਿਚ ਪੰਥਕ ਹਸਤੀ ਤੇ ਸੰਸਥਾਵਾਂ ਦਾ ਕਾਫ਼ੀ ਨੁਕਸਾਨ ਹੋਇਆ। ਬਰਗਾੜੀ ਮੋਰਚੇ ਕਾਰਣ ਅਕਾਲੀ ਦਲ ਨੂੰ ਰਾਜਨੀਤਕ ਮੰਚ ਤੋਂ ਉਖਾੜ ਦਿਤਾ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਕੇਸ ਵਿਚ ਜਿਨਾਂ ਵਿਅਕਤੀਆਂ ਦੇ ਨਾਂ ਪੁਲੀਸ ਜਾਂਚ ਵਿਚ ਸਾਹਮਣੇ ਆਏ, ਉਹ ਡੇਰਾ ਸੱਚਾ ਸੌਦਾ ਦੇ ਸ਼ਰਧਾਲੂ ਹਨ। ਇਨਾਂ ਬਾਰੇ ਬਾਦਲ ਸਰਕਾਰ ਦਾ ਪੈਂਤੜਾ ਹਮਾਇਤੀਆਂ ਵਾਲਾ ਪੰਥ ਵਿਰੋਧੀ ਰਿਹਾ ਹੈ।

ਕਸ਼ਮੀਰ ਬਾਰੇ ਬਾਦਲ ਦਲ ਘਟ ਗਿਣਤੀਆਂ ਵਿਰੋਧੀ ਨੀਤੀ

ਪਿਛਲੇ ਸਾਲ ਅਗਸਤ ਵਿੱਚ , ਜਦੋਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਰੁਤਬਾ ਖਤਮ ਕਰ ਦਿਤਾ ਅਤੇ ਇਸਨੂੰ ਕੇਂਦਰ ਦੇ ਅਧਿਕਾਰ ਹੇਠ ਕਰ ਦਿੱਤਾ, ਤਾਂ ਅਕਾਲੀ ਦਲ ਆਪਣੇ ਉਪਰੋਕਤ ਬਿਆਨਾਂ ਨੂੰ ਭੁੱਲ ਗਿਆ। ਸੁਖਬੀਰ ਬਾਦਲ ਨੇ ਸੰਸਦ ਦੇ ਇਸ ਕਦਮ ਦਾ ਸਮਰਥਨ ਕਰਦਿਆਂ ਕਿਹਾ, 'ਮੈਂ ਮਾਣਯੋਗ ਗ੍ਰਹਿ ਮੰਤਰੀ ਦੁਆਰਾ ਆਰਟੀਕਲ 370 ਅਤੇ 35 ਏ ਨੂੰ ਖਤਮ ਕਰਨ ਲਈ ਪੇਸ਼ ਕੀਤੇ ਗਏ ਬਿੱਲ ਦਾ ਸਮਰਥਨ ਕਰਦਾ ਹਾਂ।

ਬਾਕੀ ਸਫ਼ਾ 27 'ਤੇ

# ਪ੍ਰਵਾਸੀਆਂ ਨੇ ਕਿਸਾਨਾਂ ਦੀ ਹਮਾਇਤ 'ਚ ਸਿਆਸਤ ਤੋਂ ਉੱਪਰ ਉੱਠ ਕੇ ਕਿਸਾਨਾਂ ਦੀ ਹਮਾਇਤ ਦਾ ਡੰਕਾ ਵਜਾਇਆ

**✪ ਕਿਸਾਨ ਸੰਘਰਸ਼ ਨੂੰ ਜਾਰੀ ਰੱਖਣ ਲਈ ਹਰ ਪ੍ਰਵਾਸੀ ਮਦਦ ਕਰੇਗਾ ✪ ਕਿਸਾਨਾਂ ਖ਼ਿਲਾਫ਼ ਪਾਸ ਕੀਤੇ ਤਿੰਨ ਬਿੱਲ ਰੱਦ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ**

**- ਵਰਜੀਨੀਆ (ਸੁਰਿੰਦਰ ਗਿੱਲ)**



ਕੇਂਦਰ ਸਰਕਾਰ ਦੀ ਕਿਸਾਨ ਮਾਰੂ ਨੀਤੀ ਸਬੰਧੀ ਇੱਕ ਸੈਮੀਨਾਰ ਕਿਸਾਨਾਂ ਦੀ ਹਮਾਇਤ ਵਿੱਚ ਪ੍ਰਵਾਸੀਆਂ ਵੱਲੋਂ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਵਿੱਚ ਮੈਟਰੋਪੁਲਿਟਨ ਵਾਸ਼ਿੰਗਟਨ ਡੀ. ਸੀ. ਦੀਆਂ ਸਿਰਕੱਢ ਸ਼ਖ਼ਸੀਅਤਾਂ, ਜਥੇਬੰਦੀਆਂ, ਰਾਜਨੀਤਿਕ ਪਾਰਟੀਆਂ (ਅਕਾਲੀ, ਕਾਂਗਰਸੀ, ਆਪ, ਪੰਜਾਬ ਏਕਤਾ) ਸ਼ਾਮਲ ਹੋਈਆਂ। ਪ੍ਰੋਗਰਾਮ ਦੀ ਸ਼ੁਰੂਆਤ ਮਹਿਤਾਬ ਸਿੰਘ ਨੇ ਕਿਸਾਨਾਂ ਖ਼ਿਲਾਫ਼ ਪਾਸ ਕੀਤੇ ਕਿਸਾਨ ਮਾਰੂ ਬਿੱਲਾਂ ਬਾਰੇ ਜ਼ਿਕਰ ਕਰਨ ਤੋਂ ਸ਼ੁਰੂ ਕੀਤਾ ਗਿਆ। ਜਿਸ ਵਿੱਚ ਰਾਜ ਕਾਕੜਾ ਨੇ ਆਪਣੀ ਅਵਾਜ਼ ਰਾਹੀਂ ਸਰੋਤਿਆਂ ਨੂੰ ਕਿਹਾ, ' ਕਿ ਕਿਸਾਨ ਆਪਣੀ ਜ਼ਮੀਨ ਨੂੰ ਮਾਂ ਸਮਝਕੇ ਪਾਲਦਾ ਹੈ, ਉਸਦੇ ਸਾਰੇ ਸੁਪਨੇ ਇਸ ਜ਼ਮੀਨ ਤੋਂ ਪੂਰੇ ਹੁੰਦੇ ਹਨ। ਜੇ ਜ਼ਮੀਨ ਨਹੀਂ ਤਾਂ ਕਿਸਾਨ ਵੀ ਨਹੀਂ, ਇਸ ਲਈ ਇਨਾਂ ਦੇ ਸੰਘਰਸ਼ ਨੂੰ ਹਮਾਇਤ ਕਰਨਾ ਸਾਡਾ ਮੁੱਢਲਾ ਫ਼ਰਜ਼ ਹੈ।' ਹੌਬੀ ਧਾਲੀਵਾਲ ਨੇ ਕਿਹਾ, ਕਿ 'ਕਾਲੇ ਕਿਸਾਨੀ ਕਾਨੂੰਨਾਂ' ਖ਼ਿਲਾਫ਼ ਤੁਹਾਡੇ ਸਾਥ ਦੀ ਲੋੜ ਹੈ। ਸੋ ਦਿਲ ਖੋਲ ਕੇ ਪ੍ਰਵਾਸੀਆਂ ਨੂੰ ਮਦਦ ਕਰਨ ਦੀ ਅਪੀਲ ਕੀਤੀ ਤਾਂ ਜੋ ਕਿਸਾਨੀ ਸੰਘਰਸ਼ ਨੂੰ ਕਾਮਯਾਬ ਕੀਤਾ ਜਾ ਸਕੇ।

ਹਰਪ੍ਰੀਤ ਸਿੰਘ ਗਿੱਲ ਨੇ ਕਵਿਤਾ ਰਾਹੀਂ ਆਪਣੀ ਹਮਾਇਤ ਕਿਸਾਨਾਂ ਨੂੰ ਦਿੱਤੀ। ਦਵਿੰਦਰ ਬਦੇਸ਼ਾ ਨੇ ਕਿਹਾ; ਕਿ ਸਰਦਾਰ ਕਪੂਰ ਸਿੰਘ ਵੱਧ ਅਧਿਕਾਰ ਸਟੇਟਾਂ ਨੂੰ ਦੇਣ ਬਾਰੇ ਕਹਿ ਗਏ ਹਨ। ਉਸ ਤੋਂ ਬਗੈਰ ਕੋਈ ਹੱਲ ਨਹੀਂ ਹੈ। ਉਨਾਂ ਧਾਰਮਿਕ ਸੂਰਬੀਰਾਂ ਦੀਆਂ ਉਦਾਹਰਨਾਂ ਦੇ ਕੇ ਦਿੱਲੀ ਸਰਕਾਰ ਨੂੰ ਕੋਸਿਆ ਤੇ ਕਨੂੰਨ ਵਾਪਸ ਲੈਣ ਦੀ ਗੱਲ ਕਹੀ। ਨਵਦੀਪ ਸਿੰਘ ਚੜਦੀ ਕਲਾ ਸਪੋਰਟਸ ਕਲੱਬ ਨੇ ਨੌਜਵਾਨ ਵਰਗ ਦੀ ਹਮਾਇਤ ਦਾ ਜ਼ਿਕਰ ਕਰਕੇ ਹਾਜ਼ਰੀ ਲਗਵਾਈ। ਜਦਕਿ ਬਲਵਿੰਦਰ ਸਿੰਘ ਚੱਠਾ ਨੇ ਕਿਹਾ; ਕਿ ਪੰਜਾਬ ਦਾ ਇੱਕੋ ਇੱਕ ਹੱਲ ਹੈ ਅਜ਼ਾਦ ਪੰਜਾਬ ਉਹ ਭਾਵੇਂ ਅੱਜ ਲੈ ਲਵੋ ਜਾਂ ਕੱਲ, ਇਸ ਬਗੈਰ ਗੁਜ਼ਾਰਾ ਨਹੀਂ ਹੈ।

ਆਗਿਆਪਾਲ ਬਾਠ ਨੇ ਕਿਹਾ; ਕਿ ਕੋਈ ਨਵੀਂ ਉਡਾਰੀ ਮਾਰੋ, ਜਿਸ ਨਾਲ ਕਿਸਾਨ ਸਰਦਾਰੀ ਕਾਇਮ ਰਹਿ ਸਕੇ ਅਤੇ ਕਿਸਾਨ ਆਪਣੀ ਅਣਖ ਨੂੰ ਕਾਇਮ ਰੱਖ ਸਕੇ। ਜਿਸ ਲਈ ਦਿੱਲੀ ਨੂੰ ਸਬਕ ਸਿਖਾਉਣਾ ਪਵੇਗਾ, ਕਿਰਨਦੀਪ ਭੋਲੇ ਨੇ ਆਪਣੇ ਨੁਮਾਇੰਦੇ ਰਾਹੀਂ ਕਿਹਾ; ਕਿ ਕਿਸਾਨੀ ਸਾਡੇ ਕੋਲੋਂ ਖੋਈ ਜਾ ਰਹੀ ਹੈ, ਜਿਸ ਲਈ ਰਾਜਨੀਤੀ ਤੋਂ ਉੱਪਰ ਉੱਠ ਕੇ ਸੰਘਰਸ਼ ਨੂੰ ਮਜ਼ਬੂਤ ਕਰਨਾ ਪਵੇਗਾ। ਗੁਰਵਿੰਦਰ ਸਿੰਘ ਇੱਕ ਪੰਜਾਬੀ ਨੇ ਕਿਹਾ; ਕਿ ਪੰਜ ਏਕੜ ਵਾਲਾ ਕਿਸਾਨ 80 ਪ੍ਰਤੀਸ਼ਤ ਹੈ, ਜੋ ਬਿਲਕੁਲ ਮਰਨ ਕਿਨਾਰੇ ਹੋ ਜਾਵੇਗਾ, ਇਸ ਲਈ ਇਸ ਸੰਘਰਸ਼ ਨੂੰ ਓਨਾ ਚਿਰ ਚਲਾਉਣਾ ਪਵੇਗਾ, ਜਿੰਨਾ ਚਿਰ ਇਹ ਕਾਨੂੰਨ ਕਿਸਾਨਾਂ ਦੇ ਗੱਲੋਂ ਲਹਿ ਨਹੀਂ ਜਾਂਦੇ। ਕੇਵਲ ਸਿੰਘ ਪੰਜਾਬੀ ਕਲੱਬ ਮੈਰੀਲੈਂਡ ਨੇ ਕਿਹਾ; ਕਿ ਪੰਜਾਬ ਦੇ ਕਿਸਾਨ ਨੇ ਕਣਕ, ਮੱਕੀ ਨਾਲ ਹਿੰਦੁਸਤਾਨ ਰਜਾਇਆ ਹੈ। ਅਮੋਲਕ ਸਿੰਘ ਸਿੱਖ ਪ੍ਰੋਫੈਸ਼ਨਲ ਨੈੱਟਵਰਕ ਨੇ ਕਿਹਾ; ਕਿ ਨੌਜਵਾਨ ਕਿਸਾਨਾਂ ਦੇ ਦਰਦ ਨੂੰ ਸਮਝਦਾ ਹੈ ਅਤੇ ਨੌਜਵਾਨ ਆਪਣੀ ਪੂਰਨ ਹਮਾਇਤ ਕਿਸਾਨਾਂ ਦੇ ਸੰਘਰਸ਼ ਦੇ ਲੇਖੇ ਲਾਉਣ ਲਈ ਹਰ ਮਦਦ ਕਰੇਗਾ।

ਭੁਪਿੰਦਰ ਸਿੰਘ ਖ਼ਾਲਸਾ ਨੇ ਕਿਹਾ, 'ਦਿੱਲੀ ਤੇ ਬਿੱਲੀ ਸਾਨੂੰ ਮਾਰਨੀ ਆਉਂਦੀ ਹੈ। ਇਹ ਕੋਈ ਵੱਡੀ ਗੱਲ ਨਹੀਂ ਹੈ। ਕੇਂਦਰ ਦਾ ਹਿੰਦੂ ਰਾਜ ਦਾ ਏਜੰਡਾ ਹੈ, ਜੋ ਕਿਸਾਨਾਂ ਨੂੰ ਇਹਨਾਂ ਬਿੱਲਾਂ ਰਾਹੀਂ ਲਾਗੂ ਕਰਕੇ ਜ਼ਮੀਨਾਂ ਖੋਹਣਾ ਚਾਹੁੰਦਾ ਹੈ, ਜੋ ਹਰਗਿਜ਼ ਨਹੀਂ ਹੋਣ ਦਿੱਤਾ ਜਾਵੇਗਾ। ਇਤਿਹਾਸ ਗਵਾਹ ਹੈ ਕਿ ਅਸੀਂ ਭਾਜੀ ਕਿਵੇਂ ਮੋੜਦੇ ਹਾਂ।' ਸਤਪਾਲ ਸਿੰਘ ਚੀਫ਼ ਸਪੋਕਸਮੈਨ ਅਕਾਲੀ ਦਲ ਨੇ ਕਿਹਾ; ਕਿ ਕੇਂਦਰ ਨੇ ਬਹੁਤ ਗੰਭੀਰ ਮਸਲਾ ਖੜਾ ਕਰ ਦਿੱਤਾ ਹੈ, ਸਾਨੂੰ ਇਕੱਠਿਆਂ ਹੋ ਕੇ ਹੱਲ ਕਰਨਾ ਪਵੇਗਾ। ਸਾਨੂੰ ਇਸ ਮਸਲੇ ਨੇ ਇਕੱਠਿਆਂ ਕਰ ਦਿੱਤਾ ਹੈ। ਕਿਉਂਕਿ ਨਾ ਉਗਾਉਣ ਤੇ ਕੰਟਰੋਲ ਤੇ ਨਾ ਵੇਚਣ ਤੇ ਕੰਟਰੋਲ ਹੈ। ਜੋ ਇਨਾਂ ਬਿੱਲਾਂ ਦੀ ਪਰਿਭਾਸ਼ਾ ਹੈ, ਜੋ ਕਦੇ ਵੀ ਲਾਗੂ ਨਹੀਂ ਹੋਣ ਦਿਆਂਗੇ। ਅਮਰਜੀਤ ਸਿੰਘ ਸੰਧੂ ਪੰਜਾਬ ਏਕਤਾ ਪਾਰਟੀ ਨੇ ਜ਼ੋਰ ਦੇ ਕੇ ਕਿਹਾ; ਕਿ ਪ੍ਰਵਾਸੀ ਹਰ ਸੰਘਰਸ਼ ਨੂੰ ਕਾਮਯਾਬ ਕਰਨ ਵਿੱਚ ਅਥਾਹ ਯੋਗਦਾਨ ਪਾਉਂਦੇ ਹਨ। ਅਸੀਂ ਵੀ ਇਸ ਸਬੰਧੀ ਆਪਣੀ ਹਮਾਇਤ ਕਿਸਾਨਾਂ ਨੂੰ ਦੇਵਾਂਗੇ ਤੇ ਸੰਘਰਸ਼ ਨੂੰ ਜਿੱਤਣ ਲਈ ਹਰ ਉਪਰਾਲਾ ਕਰਾਂਗੇ। ਡਾ. ਸੁਰਿੰਦਰ ਗਿੱਲ ਨੇ ਕਿਹਾ; ਕਿ ਕਿਸਾਨ ਸੰਘਰਸ਼ ਨੂੰ ਕਾਮਯਾਬ ਤੇ ਅੱਗੇ ਤੋਰਨ ਲਈ ਸਾਨੂੰ ਸਾਰਿਆਂ ਨੂੰ ਆਪਣੇ ਪਿੰਡਾਂ ਨੂੰ ਆਰਥਿਕ ਮਦਦ ਕਰਕੇ ਸੰਘਰਸ਼ ਨੂੰ ਕਾਮਯਾਬੀ ਤੱਕ ਲੈ ਜਾਣਾ ਪਵੇਗਾ। ਕੇਵਲ ਗੱਲਾਂ ਨਾਲ ਨਹੀਂ ਸਰਨਾ। ਸੋ ਆਓ ਆਪਣੇ ਪਿੰਡਾਂ ਦੇ ਸੰਘਰਸ਼ੀ ਕਿਸਾਨਾਂ ਨੂੰ ਕਾਮਯਾਬ ਕਰਨ ਲਈ ਮਾਲੀ ਮਦਦ ਵੀ ਕਰੀਏ। ਮੱਲਾ ਸਾਹਿਬ ਨੇ ਕਿਹਾ; ਕਿ ਅਸੀਂ ਕਿਸਾਨ ਜ਼ਰੂਰ ਹਾਂ ਪਰ ਕਿਸਾਨੀ ਨਬਜ਼ ਨੂੰ ਸਮਝ ਨਹੀਂ ਸਕੇ, ਜਿਸ ਕਰਕੇ ਇਹ ਕਾਨੂੰਨ ਸਾਡੇ ਤੇ ਥੋਪ ਦਿੱਤੇ ਹਨ। ਇਹਨਾਂ ਤੋਂ ਮੁਕਤੀ ਲੈਣ ਲਈ ਸਾਨੂੰ ਇੱਕਜੁੱਟ ਹੋ ਕੇ ਕਿਸਾਨਾਂ ਦੀ ਹਰ ਪੱਖੋਂ ਮਦਦ ਕਰਨੀ ਪਵੇਗੀ ਤਾਂ ਹੀ ਸੰਘਰਸ਼ ਕਾਮਯਾਬ ਹੋਵੇਗਾ। ਡਾ. ਸੁਖਪਾਲ ਸਿੰਘ ਧਨੋਆ ਨੇ ਕਿਹਾ; ਕਿ ਇਹਨਾਂ ਕਨੂੰਨਾਂ ਦਾ ਪਾਸ ਹੋਣਾ ਸਾਡੀਆਂ ਰਾਜਨੀਤਿਕ ਪਾਰਟੀਆਂ ਦੀ ਗ਼ਲਤੀ ਹੈ। ਜਿਸ ਨੂੰ ਠੱਲ ਪਾਉਣ ਲਈ ਸਾਨੂੰ ਬਹੁਤ ਕੁਝ ਕਰਨ ਦੀ ਲੋੜ ਹੈ। ਅੱਜ ਦਾ ਪ੍ਰਵਾਸੀ ਇਕੱਠ ਜਿੱਥੇ ਏਕੇ ਦਾ ਪ੍ਰਤੀਕ ਬਣਿਆ ਹੈ, ਉੱਥੇ ਇਨਾਂ ਬਿੱਲਾਂ ਤੋਂ ਮੁਕਤੀ ਦਿਵਾਉਣ ਵਿੱਚ ਮਦਦ ਵੀ ਕਰੇਗਾ।

ਅਖੀਰ ਵਿੱਚ ਦਵਿੰਦਰ ਬਦੇਸ਼ਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਰਾਤਰੀ ਭੋਜ ਲਈ ਨਿਮੰਤਰਿਤ ਕੀਤਾ। ਇਸ ਕਿਸਾਨੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਸ਼ਵਿੰਦਰ ਸਿੰਘ, ਕੇ ਕੇ ਸਿੱਧੂ, ਜਿੰਦਰ ਬਰਾੜ, ਅਜੀਤ ਸਿੰਘ ਸ਼ਾਹੀ, ਰਤਨ ਸਿੰਘ, ਸੇਵਾ ਸਿੰਘ, ਜੱਸਾ ਸਿੰਘ, ਨਰਿੰਦਰ ਸਿੰਘ, ਸੁਰਮੁਖ ਸਿੰਘ ਮਾਣਕੂ, ਮਨੀਸ਼ ਬੀਹਲਾ ਚੜਦੀ ਕਲਾ, ਸੰਨੀ ਮੱਲੀ ਭਾਰੀ ਸ਼ਵਿੰਦਰ ਸਿੰਘ, ਨੱਤ ਸਾਹਿਬ ਅਤੇ ਕਈ ਹੋਰ ਉੱਘੀਆਂ ਸ਼ਖ਼ਸੀਅਤਾਂ ਨੇ ਇਸ ਕਿਸਾਨ ਹਮਾਇਤੀ ਸਮਾਗਮ ਨੂੰ ਕਾਮਯਾਬ ਕਰਨ ਵਿੱਚ ਮਦਦ ਕੀਤੀ। ਹਰਜੀਤ ਸਿੰਘ ਹੁੰਦਲ ਨੇ ਕਿਹਾ; ਕਿ ਇਨਾਂ ਕਿਸਾਨ ਮਾਰੂ ਬਿੱਲਾਂ ਨਾਲ ਸੜਕਾਂ, ਮੰਡੀਆਂ, ਮਾਰਕੀਟਾਂ ਦਾ ਸੱਤਿਆਨਾਸ ਹੋ ਜਾਵੇਗਾ। ਉਨਾਂ ਕਿਹਾ; ਕਿ ਛੇ ਖ਼ੁਦਕੁਸ਼ੀਆਂ ਹੋਈਆਂ ਹਨ, ਉਨਾਂ ਬਾਰੇ ਕੁਝ ਕਰਨਾ ਚਾਹੀਦਾ ਹੈ। ਸਮੁੱਚੇ ਤੌਰ 'ਤੇ ਇਹ ਸਮਾਗਮ ਕਾਮਯਾਬ ਰਿਹਾ।

# ਜ਼ਰੂਰੀ ਹੈ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਹੋਣਾ

**- ਹਰਕੀਰਤ ਕੌਰ ਸਭਰਾ**
**9779118066**

ਇਸ ਦੁਨੀਆ ਵਿੱਚ ਜਿੰਨੇ ਵੀ ਇਨਸਾਨ ਹਨ, ਹਰ ਇੱਕ ਵਿੱਚ ਕੋਈ ਨਾ ਕੋਈ ਵਿਲੱਖਣਤਾ ਜ਼ਰੂਰ ਹੈ। ਜਿਸ ਵਿਲੱਖਣਤਾ ਦੀ ਪਹਿਚਾਣ ਕਰ, ਕਈ ਇਸ ਸਮਾਜ ਵਿੱਚ ਆਪਣੀ ਇੱਕ ਵੱਖਰੀ ਪਛਾਣ ਬਣਾ ਲੈਂਦੇ ਹਨ। ਆਮ ਹੀ ਲੋਕਾਂ ਨੂੰ ਕਹਿੰਦਿਆਂ ਸੁਣਿਆ ਹੈ, ਕਿ ਪੜ ਲਿਖ ਕੇ ਬੰਦਾ ਵਧੀਆ ਇਨਸਾਨ ਬਣ ਜਾਂਦਾ ਹੈ, ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ, ਮੈਂ ਆਪਣੀ ਜ਼ਿੰਦਗੀ ਵਿੱਚ ਅਜਿਹੇ ਬਹੁਤ ਲੋਕ ਵੇਖੇ ਹਨ, ਜੋ ਕਹਿਣ ਨੂੰ ਤਾਂ ਬਹੁਤ ਪੜੇ ਲਿਖੇ ਹੁੰਦੇ ਹਨ, ਪਰ ਉਨਾਂ ਵਿੱਚ ਬੋਲਣ ਦਾ ਸਲੀਕਾ, ਲੋਕਾਂ ਵਿੱਚ ਵਿਚਰਨ ਦਾ ਹੁਨਰ, ਕਿਸੇ ਦੂਸਰੇ ਦੇ ਦਰਦ ਨੂੰ ਸਮਝਣ ਦੇ ਗੁਣ ਬਹੁਤ ਘੱਟ ਹੁੰਦੇ ਹਨ। ਇਹ ਭਾਰਤੀ ਸਮਾਜ ਤੇ ਵਿਵਸਥਾ ਦੀ ਹਮੇਸ਼ਾ ਊਣਤਾਈ ਰਹੀ ਹੈ, ਬਚਪਨ ਤੋਂ ਹੀ ਸਾਡੇ ਸਮਾਜ ਵਿੱਚ ਬੱਚੇ ਦੇ ਸਰਬਪੱਖੀ ਵਿਕਾਸ ਦੀ ਬਜਾਏ ਕੇਵਲ ਪੜਾਈ ਵਿੱਚ ਰਟੇ ਲਗਵਾਉਣ ਵੱਲ ਧਕੇਲਿਆ ਜਾਂਦਾ ਹੈ। ਕੁਝ ਵੀ ਵਿਚਾਰ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਬਹੁਤ ਜ਼ਰੂਰੀ ਹੈ ਕਿ ਅਸਲ ਵਿੱਚ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਹੈ ਕੀ ? 'ਸਰਬ' ਦਾ ਅਰਥ ਹੈ ਸਾਰੇ ਅਤੇ 'ਪੱਖੀ' ਤੋਂ ਭਾਵ ਪਾਸਿਆਂ ਤੋਂ ਭਾਵ ਕਲਾਵਾਂ ਵਿੱਚ। ਇੰਝ ਸਰਬਪੱਖੀ ਸ਼ਬਦ ਦਾ ਅਰਥ ਹੈ ਸਰਬ ਗੁਣ ਭਰਪੂਰ ਹੋਣਾ।

ਸੁਭਾਅ ਵਿੱਚ ਬਹੁਤ ਹੀ ਨਿਮਰ, ਲੋਕਾਂ ਦੀਆਂ ਭਾਵਨਾਵਾਂ ਦਾ ਮਾਣ ਰੱਖਣ ਵਾਲਾ, ਦ੍ਰਿੜ ਇਰਾਦੇ, ਅਣਖੀ, ਸੱਚਾ, ਨਿਡਰ, ਪਿਆਰ ਦਾ ਮੁਜੱਸਮਾ, ਜਿਸ ਨੂੰ ਦੇਖ ਦੇ ਹੀ ਰੂਹ ਖਿੜ ਜਾਵੇ, ਜਿਸ ਨਾਲ ਕੋਈ ਵੀ ਇਨਸਾਨ ਆਪਣੀਆਂ ਦਿਲ ਦੀਆਂ ਗੱਲਾਂ ਬਿਨਾ ਕਿਸੇ ਝਿਜਕ ਦੇ ਕਰ ਸਕੇ, ਕਲਾ ਦਾ ਸੋਮਾ, ਗ਼ਰੀਬਾਂ ਦਾ ਮਸੀਹਾ ਕੁਝ ਅਜਿਹੇ ਗੁਣ ਹੀ ਹੁੰਦੇ ਹਨ ਇੱਕ ਵਧੀਆ ਸ਼ਖ਼ਸੀਅਤ ਵਿੱਚ।

ਪਰ ਇੱਕ ਸਰਬਪੱਖੀ ਸ਼ਖ਼ਸੀਅਤ ਬਣਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਸਰਬਪੱਖੀ ਸ਼ਖ਼ਸੀਅਤ ਦੀ ਘਾੜਤ ਲਈ ਬਹੁਤ ਹੀ ਵਿਸ਼ੇਸ਼ ਅਤੇ ਉਚੇਚੇ ਯਤਨ ਕਰਨੇ ਪੈਂਦੇ ਹਨ । ਸਰਬਪੱਖੀ ਬਣਨ ਤੋਂ ਪਹਿਲਾਂ ਸੁਚੱਜੀ, ਸੁਥਰੀ ਸ਼ਖ਼ਸੀਅਤ ਦੇ ਨੁਕਤਿਆਂ ਤੋਂ ਵਾਕਫ਼ ਹੋਣਾ ਜ਼ਰੂਰੀ ਹੈ। ਸਰਬਪੱਖੀ ਸ਼ਖ਼ਸੀਅਤ ਬਣਨ ਲਈ ਜ਼ਰੂਰੀ ਹੈ ਕਿ ਸਾਡਾ ਸੁਭਾਅ ਬਹੁਤ ਖ਼ੁਸ਼ਫਹਿਮੀ ਹੋਵੇ। ਹਰ ਇੱਕ ਨੂੰ ਹੰਸੂ-ਹੰਸੂ ਕਰਦੇ ਮਿਲੀਏ। ਗੱਲਬਾਤ ਵਿੱਚ ਹੋਰਨਾਂ ਦੀਆਂ ਭਾਵਨਾਵਾਂ ਅਤੇ ਉਨਾਂ ਦੇ ਸਹੀ ਵਿਚਾਰਾਂ ਦੀ ਵਡਿਆਈ ਅਤੇ ਕਦਰ ਕਰਨੀ ਇੱਕ ਚੰਗੀ ਸ਼ਖ਼ਸੀਅਤ ਦੀ ਨਿਸ਼ਾਨੀ ਹੈ। ਧਿਆਨ ਰਹੇ ਦੂਸਰਿਆਂ ਦੀਆਂ ਗੱਲਾਂ ਸੁਣਦੇ ਸਮੇਂ ਸਾਡੇ ਚਿਹਰੇ ਤੇ ਅਕੇਵੇਂ ਦਾ ਚਿੰਨ ਨਹੀਂ ਆਉਣਾ ਚਾਹੀਦਾ। ਕਹਿੰਦੇ ਹਨ ਕਿ ਚਿਹਰੇ ਸਾਡੇ ਅੰਦਰਲੇ ਆਪੇ ਦਾ ਆਈਨਾ ਹੈ। ਸਾਨੂੰ ਚਿਹਰੇ ਨੂੰ ਹਮੇਸ਼ਾ ਮੁਸਕਰਾਹਟ ਭਰਪੂਰ ਰੱਖਣਾ ਚਾਹੀਦਾ ਹੈ। ਸਰਬਪੱਖੀ ਸ਼ਖ਼ਸੀਅਤ ਵਿੱਚ ਸਾਡੇ ਪਹਿਰਾਵੇ ਦੀ ਅਹਿਮ ਭੂਮਿਕਾ ਹੁੰਦੀ ਹੈ। ਆਪਣੇ ਸਰੀਰ ਲਈ ਫਬਵਾਂ ਅਤੇ ਢੁਕਵਾਂ ਪਹਿਰਾਵਾ ਪਾਉਣਾ ਸਾਡੀ ਸ਼ਖ਼ਸੀਅਤ ਲਈ ਬਹੁਤ ਜ਼ਰੂਰੀ ਹੈ। ਇਸ ਦਾ ਅਰਥ ਇਹ ਨਹੀਂ ਕਿ ਸਾਨੂੰ ਬਹੁਤੇ ਕੀਮਤੀ ਕੱਪੜੇ ਪਹਿਨ ਕੇ ਆਪਣੀ ਸ਼ਖ਼ਸੀਅਤ ਨੂੰ ਨਿਖਾਰਨਾ ਹੈ, ਸਗੋਂ ਕੱਪੜੇ ਪਹਿਨਦੇ ਸਮੇਂ ਜ਼ਰੂਰੀ ਹੈ ਕਿ ਅਸੀਂ ਕੱਪੜਿਆਂ ਦਾ ਅਕਾਰ ਅਤੇ ਰੰਗ ਆਪਣੇ ਸਰੀਰ ਅਨੁਸਾਰ ਚੁਣੀਏ। ਆਤਮ ਵਿਸ਼ਵਾਸ ਸਰਬਪੱਖੀ ਸਖਸ਼ੀਅਤ ਦਾ ਅਹਿਮ ਨੁਕਤਾ ਹੈ। ਇੱਕ ਵਿਅਕਤੀ ਦੀ ਵੱਖਰੀ ਪਛਾਣ ਉਸ ਦਾ ਆਤਮ ਵਿਸ਼ਵਾਸ ਹੀ ਤਾਂ ਹੈ। ਆਤਮ ਬਲ ਆਪਣੇ ਫ਼ਰਜ਼ਾਂ, ਜ਼ਿੰਮੇਵਾਰੀਆਂ ਅਤੇ ਜੀਵਨ ਮਨੋਰਥਾਂ ਲਈ ਲਗਾਤਾਰ ਕੰਮ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਆਤਮਿਕ ਬਲ ਦਾ ਸਿੱਧਾ ਸਬੰਧ ਸਾਡੀ ਹਿੰਮਤ ਨਾਲ ਹੈ। ਹਿੰਮਤ ਨੂੰ ਅਸੀਂ ਆਤਮ ਸ਼ਕਤੀ ਵੀ ਕਹਿੰਦੇ ਹਾਂ । ਕਿਸੇ ਵੀ ਵਿਅਕਤੀ ਦੀ ਜੀਵਨ ਸ਼ੈਲੀ ਜਿੰਨੀ ਸਰਲ, ਸਪਸ਼ਟ ਅਤੇ ਸੰਜਮ ਮਈ ਹੋਵੇਗੀ ਉਨੀ ਹੀ ਉਸਦੀ ਸ਼ਖ਼ਸੀਅਤ ਸਰਲ ਹੋਵੇਗੀ।

ਇਸ ਲਈ ਸਾਨੂੰ ਸਰਬਪੱਖੀ ਸ਼ਖ਼ਸੀਅਤ ਦੀ ਘਾੜਤ ਘੜਦਿਆਂ ਆਪਣੇ ਜੀਵਨ ਵਿੱਚ ਸਰਲ, ਸਪਸ਼ਟ, ਸੰਜਮ ਅਤੇ ਸਾਦਗੀ ਨੂੰ ਧਾਰਨ ਕਰਨਾ ਚਾਹੀਦਾ ਹੈ । ਇਨਾਂ ਗੁਣਾ ਨਾਲ ਅਸੀਂ ਆਪਣੇ ਜੀਵਨ ਨੂੰ ਸਕਾਰਾਤਮਿਕ ਬਣਾ ਸਕਦੇ ਹਾਂ। ਜਿਨਾਂ ਨੇ ਆਪਣੇ ਜੀਵਨ ਦੀ ਸਕਾਰਾਤਮਿਕਾ ਨੂੰ ਸਮਝ ਲਿਆ, ਉਹ ਵਿਅਕਤੀ ਹੀ ਇਸ ਜੀਵਨ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਿੱਚ ਸਫਲ ਹੁੰਦੇ ਹਨ। ਜਿਹੜੀ ਵੀ ਸ਼ਖ਼ਸੀਅਤ ਇਸ ਪੜਾਅ ਤੱਕ ਪਹੁੰਚ ਜਾਂਦੀ ਹੈ ਉਹ ਸਰਬਪੱਖੀ ਸ਼ਖ਼ਸੀਅਤ ਹੋ ਨਿੱਬੜਦੀ ਹੈ। ਅਜਿਹੀਆਂ ਸ਼ਖ਼ਸੀਅਤਾਂ ਮਾਨਵਤਾ ਦਾ ਸ਼ਿੰਗਾਰ ਹੁੰਦੀਆਂ ਹਨ। ਸੋ, ਸਾਨੂੰ ਆਪਣੀ ਅਤੇ ਬੱਚਿਆਂ ਦੀ ਸ਼ਖ਼ਸੀਅਤ ਦੇ ਸਰਬਪੱਖੀ ਵਿਕਾਸ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

# ਮੋਦੀ ਸਟੇਟ ਦੇ 'ਕਾਲੇ ਕਾਨੂੰਨਾਂ' ਕਾਰਨ ਵਧ ਰਹੀ ਰਿਆਸਤੀ ਬੇਇਨਸਾਫ਼ੀ

## ✪ ਭਾਰਤ ਦਾ ਫ਼ੇਲ ਹੋ ਰਿਹਾ ਸਰਕਾਰੀ ਨਿਆਂ ਪ੍ਰਬੰਧ ✪ ਕਿਸਾਨਾਂ ਦੀ ਆਵਾਜ਼ ਭਾਰਤੀ ਸਟੇਟ ਵੱਲੋਂ ਸੁਣੀ ਨਹੀਂ ਜਾ ਰਹੀ



- ਗੁਰਮੀਤ ਸਿੰਘ ਪਲਾਹੀ
9815802070

ਕੇਂਦਰ ਮੋਦੀ ਦੇ ਦੂਜੇ ਕਾਰਜ ਕਾਲ ਵਿੱਚ ਜਿਵੇਂ ਕੁਝ ਕਾਨੂੰਨ ਬਣਾਏ ਗਏ ਹਨ, ਉਨਾਂ ਦਾ ਦੇਸ਼ ਦੀ ਜਨਤਾ ਵੱਲੋਂ ਪੁਰਜ਼ੋਰ ਵਿਰੋਧ ਹੋਇਆ ਹੈ। ਇਹਨਾਂ ਫ਼ੈਸਲਿਆਂ ਨੂੰ ਅਦਾਲਤਾਂ ਵਿੱਚ ਵੀ ਲੈ ਜਾਇਆ ਗਿਆ ਹੈ। ਜਨਹਿਤ ਪਟੀਸ਼ਨਾਂ ਰਾਹੀਂ ਕਈ ਸਵਾਲ ਵੀ ਚੁੱਕੇ ਗਏ ਹਨ। ਦੇਸ਼ ਵਿੱਚ ਵਾਪਰਦੀਆਂ ਕਈ ਘਟਨਾਵਾਂ ਨਾਲ ਜਿਸ ਢੰਗ ਨਾਲ ਸਰਕਾਰ ਨਜਿੱਠ ਰਹੀ ਹੈ, ਉਸ ਤੋਂ ਇਸ ਗੱਲ ਦਾ ਝਲਕਾਰਾ ਪੈਂਦਾ ਹੈ ਕਿ ਸਰਕਾਰ ਲੋਕ ਹਿੱਤਾਂ ਨਾਲੋਂ ਵੱਧ ਆਪਣੇ ਹਿਤਾਂ ਵੱਲ ਧਿਆਨ ਦਿੰਦੀ ਹੈ। ਇਨਸਾਫ਼ ਦੀ ਤੱਕੜੀ ਉਹਦੇ ਹੱਥ ਵਿੱਚ ਨਹੀਂ ਹੈ।

ਦਲਿਤ ਪੀੜਤਾਂ ਵਾਂ ਨਾਲ ਵਾਪਰੀਆਂ ਘਟਨਾਵਾਂ ਹਾਥਰਸ ਕਾਂਡ ਮਾਮਲੇ 'ਤੇ ਗ਼ੌਰ ਕਰੋ। ਰਿਆਸਤ/ਸਟੇਟ ਸੁੱਤੀ ਰਹੀ। ਪੁਲਿਸ, ਪੰਚਾਇਤ, ਜ਼ਿਲਾ ਮੈਜਿਸਟਰੇਟ (ਡੀ.ਐੱਮ.), ਮੀਡੀਆ ਸਭ ਸੁੱਤੇ ਰਹੇ। ਇੱਕ ਕੁੜੀ ਨਾਲ ਜਬਰ ਜਨਾਹ ਹੋਇਆ, ਜਿਸ ਤੋਂ ਸਟੇਟ ਹੁਣ ਇਨਕਾਰ ਕਰ ਰਹੀ ਹੈ। ਸਟੇਟ/ ਰਿਆਸਤ ਜਿਸ ਦੀ ਸਭ ਤੋਂ ਮੁੱਢਲੀ ਜ਼ਿੰਮੇਵਾਰੀ ਆਪਣੇ ਨਾਗਰਿਕਾਂ ਦੀ ਸਲਾਮਤੀ ਯਕੀਨੀ ਬਣਾਉਣਾ ਹੈ, ਉਹ ਸਟੇਟ ਇਸ ਗੰਭੀਰ ਮਾਮਲੇ ਨੂੰ ਆਖ਼ਰ ਨਜ਼ਰ ਅੰਦਾਜ਼ ਕਿਉਂ ਕਰ ਰਹੀ ਹੈ, ਉਸ ਹਾਲਤ ਵਿੱਚ ਜਦੋਂ ਪੂਰੇ ਦੇਸ਼ ਵਿੱਚ ਇਸ ਘਟਨਾ ਨੂੰ ਲੈ ਕੇ ਉਬਾਲ ਉੱਠਿਆ ਹੋਇਆ ਹੈ। ਸਟੇਟ/ਰਿਆਸਤ ਵੱਲੋਂ ਇਸ ਘਟਨਾ ਨੂੰ ਪੁੱਠਾ ਗੇੜਾ ਦੇ ਕੇ ਦੋਸ਼ੀਆਂ ਨੂੰ ਪੀੜਤ ਅਤੇ ਦੁੱਖਾਂ ਦੇ ਮਾਰੇ ਪੀੜਤ ਪਰਿਵਾਰ ਨੂੰ ਦੋਸ਼ੀ ਬਣਾਇਆ ਜਾ ਰਿਹਾ ਹੈ। ਆਖ਼ਿਰ ਇਹ ਕਿਹੜਾ ਇਨਸਾਫ਼ ਹੈ ?

ਕਿਸਾਨ ਅੰਦੋਲਨ ਦੇਸ਼ ਇਸ ਵੇਲੇ ਕਿਸਾਨ ਅੰਦੋਲਨ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਖ਼ਾਸ ਕਰਕੇ ਪੰਜਾਬ, ਹਰਿਆਣਾ ਦੇ ਕਿਸਾਨ ਸੜਕਾਂ 'ਤੇ ਹਨ, ਰੇਲ ਪਟੜੀਆਂ ਉਨਾਂ ਦਾ ਰੈਣ-ਬਸੇਰਾ ਬਣਿਆ ਹੋਇਆ ਹੈ। ਉਨਾਂ ਦੀ ਮੰਗ ਸਰਕਾਰ ਵੱਲੋਂ ਕਥਿਤ ਤੌਰ 'ਤੇ ਕਿਸਾਨਾਂ ਦੇ ਹੱਕ ਵਿੱਚ ਬਣਾਏ 'ਖੇਤੀ ਕਾਨੂੰਨਾਂ' ਹਨ, ਇਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਹੈ। ਪਰ ਦੇਸ਼ ਦੇ ਹਾਕਮ ਵੱਡਿਆਂ ਦਾ ਢਿੱਡ ਭਰਨ ਲਈ ਕਿਸਾਨਾਂ ਦੀ ਕੋਈ ਪ੍ਰਵਾਹ ਨਹੀਂ ਕਰ ਰਹੇ। ਲੰਮੇ ਸਮੇਂ ਦੇ ਅੰਦੋਲਨ ਬਾਅਦ ਵੀ ਸਰਕਾਰੇ-ਦਰਬਾਰੇ ਉਨਾਂ ਦੀ ਆਵਾਜ਼ ਹਾਕਮੀ ਬੋਲੇ ਕੰਨਾਂ ਵੱਲੋਂ ਸੁਣੀ ਨਹੀਂ ਜਾ ਰਹੀ।

ਭੀਮਾ ਕੋਰੇਗਾਓਂ ਕਾਂਡ ਤੇ ਸਟੇਟ ਦਾ ਜ਼ਾਲਮਾਨਾ ਵਰਤਾਰਾ ਇੱਕ ਜਨਵਰੀ 2018 ਨੂੰ ਪੂਣੇ ਦੇ ਨੇੜੇ ਭੀਮਾ ਕੋਰੇਗਾਂਵ ਜੰਗ ਦੀ 200ਵੀਂ ਵਰੇਗੰਢ ਦੇ ਜਸ਼ਨਾਂ ਮੌਕੇ ਵਿਰੋਧੀਆਂ ਵੱਲੋਂ ਜਸ਼ਨਾਂ ਵਿੱਚ ਖ਼ਲਲ ਪਾਉਣ ਮੌਕੇ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਇਸ ਤੋਂ ਇੱਕ ਦਿਨ ਪਹਿਲਾਂ 31 ਦਸੰਬਰ 2017 ਨੂੰ ਪੂਨੇ ਵਿੱਚ ਐਲਗਾਰ ਪ੍ਰੀਸ਼ਦ ਦਾ ਇੱਕ ਸੰਮੇਲਨ ਹੋਇਆ, ਜਿਸ ਵਿੱਚ ਵੱਡੀ ਗਿਣਤੀ ਸਮਾਜਿਕ ਕਾਰਕੁਨ ਸ਼ਾਮਲ ਹੋਏ ਸਨ। ਭੀਮਾ ਕੋਰੇਗਾਂਵ ਜਸ਼ਨਾਂ ਸਮੇਂ ਹੋਈ ਘਟਨਾ ਲਈ ਇਹਨਾਂ ਸਮਾਜਿਕ ਕਾਰਕੁਨਾਂ ਨੂੰ ਜ਼ਿੰਮੇਵਾਰ ਠਹਿਰਾ ਦਿੱਤਾ ਗਿਆ ਅਤੇ ਇੱਕ ਕੇਸ ਦਰਜ਼ ਕਰਕੇ ਸਮਾਜਿਕ ਕਾਰਕੁੰਨਾਂ ਸੁਧੀਰ ਧਾਵਲੇ, ਰੋਨਾ ਵਿਲਸਨ, ਸੁਰਿੰਦਰ ਗਾਡਲਿੰਗ, ਸੋਮਾ ਸੇਨ, ਮਹੇਸ਼ ਰਾਊਤ, ਕਵੀ ਵਰਵਰਾ ਰਾਓ, ਵਕੀਲ, ਸੁਧਾ ਭਾਰਦਵਾਜ, ਸਮਾਜਿਕ ਕਾਰਕੁੰਨ ਅਰੁਣ ਫਰੇਰਾ, ਗੌਤਮ ਨਵਲੱਖਾ, ਵਰਣਨ ਗੋਂਜਾਵਿਲਸ, 83 ਸਾਲ ਫਾਦਰ ਸਟੈਨ ਸਵਾਮੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਵੱਲੋਂ ਇਸ ਸਬੰਧੀ ਦਸ ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਅਦਾਲਤ ਵਿੱਚ ਪੇਸ਼ ਕੀਤੀ ਗਈ ਹੈ। ਇਸ ਕੇਸ ਵਿੱਚ ਪੱਤਰਕਾਰ, ਵਕੀਲ , ਪ੍ਰੋਫੈਸਰ, ਸਮਾਜਿਕ ਕਾਰਜ ਕਰਤਾ ਫਸਾਏ ਗਏ ਹਨ। ਇਹ ਉਹ ਲੋਕ ਹਨ, ਜਿਹੜੇ ਦੇਸ਼ ਵਿੱਚ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਸ਼ਖ਼ਸ ਹਨ। ਆਨੰਦ ਤੇਲ ਤੁੰਬੜੇ ਉਹ ਵਿਅਕਤੀ ਹੈ, ਜਿਹੜਾ ਭੀਮਾ ਕੋਰੇਗਾਂਵ ਦੀ ਜੰਗ ਨੂੰ ਦਲਿਤ ਬਹਾਦਰੀ ਕਹਿਣ ਦਾ ਵੀ ਵਿਰੋਧੀ ਹੈ। ਦਿੱਲੀ ਦੰਗਿਆਂ ਨੂੰ ਇਹ ਮਨੱਕੇ ਕਿ ਇਹ ਇੱਕ ਸਾਜ਼ਿਸ਼ ਅਧੀਨ ਕਰਾਏ ਗਏ ਸਨ, ਇਸ ਵਿੱਚ ਨੌਜਵਾਨਾਂ, ਵਿਦਿਆਰਥੀਆਂ ਨੂੰ ਕੇਸਾਂ ਵਿੱਚ ਲਪੇਟਿਆ ਜਾ ਰਿਹਾ ਹੈ। ਅਸਲ ਵਿੱਚ ਤਾਂ ਹਾਕਮ ਹਰ ਉਸ ਆਵਾਜ਼ ਨੂੰ ਬੰਦ ਕਰਨ ਦੇ ਰਾਹ ਤੁਰੀ ਹੋਈ ਹੈ, ਜਿਹੜੀ ਸਰਕਾਰ ਦੇ ਵਿਰੋਧੀ ਦੀ ਆਵਾਜ਼ ਹੋਵੇ। ਨਾਗਰਿਕਤਾ ਕਾਨੂੰਨ ਦੇ ਖ਼ਿਲਾਫ਼ ਵੱਡੇ ਪੱਧਰ 'ਤੇ ਦੇਸ਼ ਵਿੱਚ ਲੋਕ-ਉਬਾਲ ਆਇਆ। ਸ਼ਾਹੀਨ ਬਾਗ ਵਿਖੇ 100 ਤੋਂ ਜ਼ਿਆਦਾ ਦਿਨ ਤੱਕ ਲੋਕ ਧਰਨੇ 'ਤੇ ਬੈਠੇ ਰਹੇ। ਪਰ ਲੋਕਾਂ ਦੀਆਂ ਹੱਕੀ ਮੰਗਾਂ ਵੱਲ ਕੇਂਦਰ ਨੇ ਕੋਈ ਧਿਆਨ ਨਹੀਂ ਦਿੱਤਾ। ਹੈਰਾਨੀ ਦੀ ਗੱਲ ਤਾਂ ਇਹ ਵੀ ਹੋਈ ਹੈ ਕਿ ਨਾਗਰਿਕਤਾ ਕਾਨੂੰਨ ਖ਼ਿਲਾਫ਼ ਦਿੱਲੀ ਦੇ ਸ਼ਾਹੀਨ ਬਾਗ ਵਿੱਚ ਹੋਏ ਧਰਨੇ ਬਾਰੇ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਕੋਈ ਵੀ ਵਿਅਕਤੀ ਜਾਂ ਸਮੂਹ ਜਨਤਕ ਥਾਵਾਂ ਨੂੰ ਜਾਮ ਨਹੀਂ ਕਰ ਸਕਦਾ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ; ਕਿ ਜਨਤਕ ਥਾਵਾਂ 'ਤੇ ਅਣਮਿੱਥੇ ਸਮੇਂ ਲਈ ਕਬਜ਼ਾ ਨਹੀਂ ਕੀਤਾ ਜਾ ਸਕਦਾ।

ਅਦਾਲਤ ਨੇ ਕਿਹਾ; ਕਿ ਧਰਨਾ-ਪ੍ਰਦਰਸ਼ਨ ਦਾ ਅਧਿਕਾਰ ਆਪਣੀ ਜਗਾ ਹੈ ਪਰ ਅੰਗਰੇਜ਼ਾਂ ਦੇ ਸ਼ਾਸਨ ਵਾਲੀ ਹਰਕਤ ਹੁਣ ਕਰਨਾ ਸਹੀ ਨਹੀਂ ਹੈ। ਸੁਪਰੀਮ ਕੋਰਟ ਨੇ ਕਿਹਾ; ਕਿ ਨਾਗਰਿਕਤਾ ਕਾਨੂੰਨ ਦੇ ਵਿਰੋਧ ਵਿੱਚ ਵੱਡੀ ਗਿਣਤੀ ਵਿੱਚ ਲੋਕ ਸੜਕਾਂ 'ਤੇ ਇਕੱਠੇ ਹੋਏ ਸੀ, ਰਸਤਿਆਂ ਨੂੰ ਪ੍ਰਦਰਸ਼ਨਕਾਰੀਆਂ ਨੇ ਜਾਮ ਕੀਤਾ। ਸੁਪਰੀਮ ਕੋਰਟ ਨੇ ਕਿਹਾ ਕਿ ਜਨਤਕ ਥਾਵਾਂ ਅਤੇ ਸੜਕਾਂ 'ਤੇ ਅਣਮਿੱਥੇ ਸਮੇਂ ਲਈ ਕਬਜ਼ਾ ਨਹੀਂ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਦਾ ਕਹਿਣਾ ਸੀ ਕਿ ਜਨਤਕ ਮੀਟਿੰਗਾਂ 'ਤੇ ਪਾਬੰਦੀ ਨਹੀਂ ਲਗਾਈ ਜਾ ਸਕਦੀ ਪਰ ਉਹ ਨਿਰਧਾਰਿਤ ਖੇਤਰਾਂ ਵਿੱਚ ਹੋਣੀਆਂ ਚਾਹੀਦੀਆਂ ਹਨ।

ਸਰਵ ਉੱਚ ਅਦਾਲਤ ਦੇ ਇਸ ਕਿਸਮ ਦੇ ਫ਼ੈਸਲਿਆਂ ਨਾਲ ਕੇਂਦਰ ਸਰਕਾਰ ਨੂੰ ਤਾਕਤ ਮਿਲਦੀ ਹੈ ਤੇ ਉਸ ਵੱਲੋਂ ਲੋਕਾਂ ਦੇ ਹੱਕਾਂ ਦਾ ਘਾਣ ਕਰ ਦਿੱਤਾ ਜਾਂਦਾ ਹੈ ਅਤੇ ਹੱਕੀ ਮੰਗਾਂ ਵੱਲ ਵੀ ਧਿਆਨ ਨਹੀਂ ਦਿੱਤਾ ਜਾਂਦਾ। ਸੁਪਰੀਮ ਕੋਰਟ ਦਾ ਇੱਕ ਹੋਰ ਫ਼ੈਸਲਾ ਕਿ ਅਜੋਕੇ ਸਮੇਂ ਵਿੱਚ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੀ ਸਭ ਤੋਂ ਵੱਧ ਦੁਰਵਰਤੋਂ ਕੀਤੀ ਗਈ ਹੈ। ਇਹ ਤਲਖ਼ ਟਿੱਪਣੀ ਚੀਫ ਜਸਟਿਸ ਐੱਸ.ਏ. ਬੋਬੜੇ, ਜਸਟਿਸ ਏ.ਐੱਸ. ਬੋਪੰਨਾ ਅਤੇ ਜਸਟਿਸ ਵੀ.ਰਾਮਾ ਸੁਬਰਾਮਨੀਅਨ ਦੇ ਬੈਂਚ ਨੇ ਜਮੀਅਤ ਉਲੇਮਾ ਹਿੰਦ ਅਤੇ ਹੋਰਾਂ ਦੀਆਂ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਕੀਤੀ। ਇਸ ਮੁੱਦੇ 'ਤੇ ਕੇਂਦਰ ਦੇ 'ਕਪਟੀ' ਪਟੀਸ਼ਨ ਹਲਫ਼ਨਾਮੇ ਲਈ ਉਸਦੀ ਖਿਚਾਈ ਕੀਤੀ ਗਈ। ਇਸ ਪਟੀਸ਼ਨ ਵਿੱਚ ਕੋਵਿਡ-19 ਦੌਰਾਨ ਤਬਲੀਗੀ ਜਮਾਤ ਦੇ ਹੋਏ ਸਮਾਗਮ ਬਾਰੇ ਮੀਡੀਆ ਵੱਲੋਂ ਇੱਕ ਵਰਗ ਵਿਸ਼ੇਸ਼ ਵਿਰੁੱਧ ਫ਼ਿਰਕੂ ਨਫ਼ਰਤ ਫੈਲਾਉਣ ਦਾ ਵਿਰੋਧ ਕੀਤਾ ਗਿਆ ਸੀ। ਪਰ ਜਾਪਦਾ ਹੈ ਕਿ ਸਰਕਾਰ ਉਨਾਂ ਪਟੀਸ਼ਨਾਂ ਦੇ ਫ਼ੈਸਲਿਆਂ ਨੂੰ ਹੀ ਲਾਗੂ ਕਰਨ ਲਈ ਤਤਪਰ ਹੁੰਦੀ ਹੈ, ਜਿਹੜੇ ਉਸਦੇ ਆਪਣੇ ਹਿਤ ਵਿੱਚ ਹੋਣ ਅਤੇ ਜਿਹੜੇ ਉਨਾਂ ਦੇ ਆਪਣੇ ਦੇਸ਼ ਵਿਆਪੀ ਅਜੰਡੇ ਨੂੰ ਲਾਗੂ ਕਰਨ ਲਈ ਸਹਾਈ ਹੋ ਰਹੇ ਹੋਣ।

ਸਿਆਸਤ ਦਾ ਅਪਰਾਧੀ ਕਰਨ ਕੇਂਦਰ ਸਰਕਾਰ ਨੇ ਕਦੇ ਵੀ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਬਾਰੇ ਤਵੱਜੋ ਨਹੀਂ ਦਿੱਤੀ, ਜਿਸ ਵਿੱਚ ਅਦਾਲਤ ਵੱਲੋਂ ਕਿਹਾ ਗਿਆ ਸੀ ਕਿ ਲੋਕ ਸਭਾ, ਵਿਧਾਨ ਸਭਾ ਵਿੱਚ ਅਪਰਾਧੀਆਂ ਦਾ ਦਾਖ਼ਲਾ ਰੋਕਿਆ ਜਾਣਾ ਜ਼ਰੂਰੀ ਹੈ ਅਤੇ ਜਿਨਾਂ ਸਾਂਸਦਾਂ ਅਤੇ ਵਿਧਾਇਕਾਂ ਵਿਰੁੱਧ ਅਪਰਾਧਿਕ ਮਾਮਲੇ ਹਨ, ਉਨਾਂ ਦਾ ਨਿਬੇੜਾ ਕੀਤਾ ਜਾਣਾ ਜ਼ਰੂਰੀ ਹੈ। ਯਾਦ ਰਹੇ; ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ ਵਿਧਾਨ ਸਭਾਵਾਂ ਤੇ ਸੰਸਦ ਵਿੱਚ ਦਸੰਬਰ 2018 ਵਿੱਚ 4122 ਅਪਰਾਧਿਕ ਕੇਸ ਦਰਜ਼ ਸਨ ਜਦ ਕਿ ਮਾਰਚ 2020 ਤਕ ਇਹ ਗਿਣਤੀ ਵਧ ਕੇ 4442 ਹੋ ਗਈ। ਪਰ ਇੱਕ ਹੋਰ ਰਿਪੋਰਟ ਅਨੁਸਾਰ ਦੇਸ਼ ਦੀਆਂ ਹਾਈਕੋਰਟਾਂ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਇਹ ਗਿਣਤੀ ਵਧ ਕੇ ਹੁਣ 4859 ਹੋ ਗਈ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ 2019 ਵਿੱਚ ਲੋਕ ਸਭਾ ਵਿੱਚ ਪਹੁੰਚਣ ਵਾਲੇ 539 ਸਾਂਸਦਾਂ ਵਿੱਚ 233 ਸਾਂਸਦਾਂ ਨੇ ਇਹ ਐਫੀਡੇਵਿਟ ਦਿੱਤਾ ਹੋਇਆ ਸੀ ਕਿ ਉਨਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ਼ ਹਨ। ਭਾਵ ਦੇਸ਼ ਦਾ ਕਾਨੂੰਨ ਬਣਾਉਣ ਵਾਲੀ ਸੰਸਥਾ ਵਿੱਚ ਅੱਧੇ ਮੈਂਬਰ ਅਪਰਾਧਿਕ ਪਿਛੋਕੜ ਵਾਲੇ ਹਨ। ਜਦਕਿ 2019 ਵਿੱਚ ਇਹ 44 ਫ਼ੀਸਦੀ ਸੀ। ਇਸ ਮਾਮਲੇ ਵਿੱਚ 2016 ਵਿੱਚ ਦਾਇਰ ਇੱਕ ਪਟੀਸ਼ਨ ਸਬੰਧੀ ਹਾਈਕੋਰਟ ਵੱਲੋਂ ਤਾਂ ਸੁਪਰੀਮ ਕੋਰਟ ਵਿੱਚ ਵੇਰਵੇ ਪ੍ਰਾਪਤ ਹੋਏ ਹਨ ਪਰ ਕੇਂਦਰ ਸਰਕਾਰ ਵੱਲੋਂ ਕੇਸਾਂ ਦੇ ਨਿਪਟਾਰੇ ਸਬੰਧੀ ਸੀ.ਬੀ.ਆਈ. ਅਤੇ ਈ.ਡੀ. ਅਤੇ ਹੋਰ ਏਜੰਸੀਆਂ ਵਿੱਚ ਸਾਂਸਦਾਂ/ਵਿਧਾਇਕਾਂ ਸਬੰਧੀ ਸਟੇਟਸ ਰਿਪੋਰਟ ਸੁਪਰੀਮ ਕੋਰਟ ਵਿੱਚ ਪੇਸ਼ ਨਹੀਂ ਕੀਤੀ ਗਈ। ਕੇਂਦਰ ਸਰਕਾਰ ਅਤੇ ਹਾਕਮ ਧਿਰ ਦਾ ਇਹ ਵਰਤਾਰਾ ਦਰਸਾਉਂਦਾ ਹੈ ਕਿ ਉਹ ਆਪਣੇ ਧੱਕੜ ਸਾਂਸਦਾਂ ਅਤੇ ਵਿਧਾਇਕਾਂ ਵਿਰੁੱਧ ਕੋਈ ਕਾਰਵਾਈ ਕਰਕੇ ਆਪਣੀ ਹਕੂਮਤ ਦੇ ਡਿੱਗਣ ਦਾ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੀ। ਭਾਵੇਂ ਕਿ ਇਹ ਗੱਲ ਵੀ ਪ੍ਰਤੱਖ ਹੈ ਕਿ ਇਹ ਅਪਰਾਧਿਕ ਪਿਛੋਕੜ ਵਾਲੇ ਕਾਨੂੰਨ ਘਾੜਿਆਂ ਵਿੱਚ ਲਗਭਗ ਸਭਨਾਂ ਸਿਆਸੀ ਪਾਰਟੀਆਂ ਦੇ ਸਾਂਸਦ ਵਿਧਾਇਕ ਸ਼ਾਮਲ ਹਨ, ਕੁਝ ਪਾਰਟੀਆਂ ਹੀ ਇਨਾਂ ਤੋਂ ਬਚੀਆਂ ਹੋਈਆਂ ਹਨ।

'ਇੱਕ ਦੇਸ਼ ਇੱਕ ਪਾਰਟੀ' ਦਾ ਫ਼ਾਰਮੂਲਾ ਦੇਸ਼ ਵਿੱਚ 'ਇੱਕ ਦੇਸ਼ ਇੱਕ ਪਾਰਟੀ' ਦਾ ਫ਼ਾਰਮੂਲਾ ਲਾਗੂ ਕਰਨ ਅਤੇ ਆਪਣੇ ਅਜੰਡੇ ਨੂੰ ਹਰ ਕੀਮਤ ਉੱਤੇ ਲਾਗੂ ਕਰਨ ਦੀ ਸੋਚ ਨੇ ਦੇਸ਼ ਦੀ ਆਰਥਿਕਤਾ ਨੂੰ ਤਾਂ ਤਬਾਹੀ ਦੇ ਕੰਢੇ ਉੱਤੇ ਪਹੁੰਚਾ ਹੀ ਦਿੱਤਾ ਹੈ। ਮਨ-ਮਰਜ਼ੀ ਦੇ ਕਾਨੂੰਨ ਪਾਸ ਕਰਕੇ ਸੰਵਿਧਾਨ ਦੀ ਮਨਸ਼ਾ ਅਧਾਰਿਤ ਕੰਮ ਕਰਨ ਤੋਂ ਵੀ ਮੂੰਹ ਮੋੜਿਆ ਜਾ ਰਿਹਾ ਹੈ। ਕ੍ਰਿਤ ਕਾਨੂੰਨ ਵਿੱਚ ਸੋਧ ਕਰਕੇ, ਦੇਸ਼ ਦੇ ਤੇਰਾਂ ਸੂਬਿਆਂ ਵਿੱਚ ਮਜ਼ਦੂਰਾਂ ਦੇ ਪ੍ਰਤੀ ਦਿਨ 8 ਤੋਂ ਵਧਾ ਕੇ 12 ਘੰਟੇ ਕੰਮ ਲਾਗੂ ਕਰਨਾ, ਕਿਰਤੀਆਂ ਦੀ ਸੁਰੱਖਿਆ ਲਈ ਪ੍ਰਵਾਨ ਕੀਤੇ ਹੋਏ ਕਿਰਤ ਕਾਨੂੰਨਾਂ ਨੂੰ ਤਿੰਨ ਸਾਲਾਂ ਲਈ ਸਸਪੈਂਡ ਕਰ ਦੇਣਾ, ਦੇਸ਼ ਦੀਆਂ 41 ਤੋਂ ਵੱਧ ਕਾਰਪੋਰੇਸ਼ਨਾਂ ਅਤੇ ਸਰਕਾਰੀ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣਾ ਅਤੇ ਕਾਰਪੋਰੇਟ ਘਰਾਨਿਆਂ ਨੂੰ ਮਨਮਰਜ਼ੀ ਕਰਨ ਦੀ ਖੁੱਲ ਦੇਣਾ, ਦੇਸ਼ ਵਿੱਚ ਕੀ ਅਰਾਜਕਤਾ ਦਾ ਮਾਹੌਲ ਪੈਦਾ ਨਹੀਂ ਕਰੇਗਾ ? ਕੀ ਦੇਸ਼ ਵਿੱਚ ਦਲਿਤਾਂ ਅਤੇ ਘੱਟ ਗਿਣਤੀਆਂ ਪ੍ਰਤੀ ਬੇ-ਵਿਸ਼ਵਾਸੀ ਅਤੇ ਧੱਕੇਸ਼ਾਹੀ ਦੇਸ਼ ਨੂੰ ਕੀ ਟੋਟੇ-ਟੋਟੇ ਨਹੀਂ ਕਰ ਦੇਵੇਗੀ ?

ਹਾਕਮਾਂ ਦੀ ਹਕੂਮਤੀ ਹਵਸ ਨੇ ਦੇਸ਼ ਦੀਆਂ ਖ਼ੁਦਮੁਖ਼ਤਿਆਰ ਸੰਸਥਾਵਾਂ ਰਿਜ਼ਰਵ ਬੈਂਕ, ਸੀ.ਬੀ.ਆਈ., ਈ.ਡੀ., ਚੋਣ ਕਮਿਸ਼ਨ ਆਦਿ ਨੂੰ ਪੰਗੂ ਬਣਾ ਦਿੱਤਾ ਹੈ। ਨਵੀਂ ਸਿੱਖਿਆ ਨੀਤੀ ਲਿਆ ਕੇ, ਸਿੱਖਿਆ ਨੂੰ ਵੀ ਅਜ਼ਾਰੇਦਾਰਾਂ, ਕਾਰਪੋਰੇਟਾਂ ਦੇ ਹੱਥ ਦਾ ਖਿਡੌਣਾ ਬਣਾਉਣ ਦੀ ਸਾਜ਼ਿਸ਼ ਘੜੀ ਗਈ ਹੈ। ਆਪਣੀ ਸੋਚ ਵਾਲਿਆਂ ਨੂੰ ਸਰਕਾਰ ਦੇ ਵੱਖੋ-ਵੱਖਰੇ ਮਹਿਕਮਿਆਂ, ਅਦਾਰਿਆਂ ਵਿੱਚ ਜਾਇੰਟ ਸਕੱਤਰ ਦੇ ਅਹੁਦਿਆਂ ਉੱਤੇ ਨਿਯੁਕਤੀਆਂ ਦੇ ਕੇ ਮਨਚਾਹੇ ਫ਼ੈਸਲੇ ਦੇਸ਼ ਉੱਤੇ ਥੋਪਣ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ ਅਤੇ ਆਮ ਲੋਕਾਂ ਨੂੰ ਛੋਟੀਆਂ ਛੋਟੀਆਂ ਸਹੂਲਤਾਂ, ਬੈਂਕਾਂ ਵਿੱਚ ਛੋਟੇ ਕਰਜ਼ੇ, ਮਾਲਕੀ ਦਾ ਅਖ਼ਤਿਆਰ , ਰੁਪਏ ਕਿਲੋ ਕਣਕ, ਚਾਵਲ , ਕਿਸਾਨਾਂ ਨੂੰ ਦੋ ਹਜ਼ਾਰ ਦਮੜਿਆਂ ਦੀ ਕਿਸ਼ਤ ਦੇ ਕੇ ਭਰਮਾਇਆ ਜਾ ਰਿਹਾ ਹੈ, ਪਰ ਦੂਜੇ ਪਾਸੇ ਦੇਸ਼ ਨੂੰ ਕਾਰਪੋਰੇਟਾਂ ਹੱਥ ਵੇਚਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ ਅਤੇ ਸਭ ਕੁਝ ਖੁੱਲੀ ਮੰਡੀ ਦੇ ਹਵਾਲੇ ਕਰਕੇ ਲੋਕਾਂ ਲਈ ਦੁੱਖਾਂ ਤੇ ਭੁੱਖ ਦਾ ਸਮਾਨ ਪੈਦਾ ਕੀਤਾ ਜਾ ਰਿਹਾ ਹੈ।

---

# ਜ਼ਰੂਰਤ ਹੈ ਸਮਾਜਿਕ ਇਨਕਲਾਬ ਦੀ.....

- ਹਰਕੀਰਤ ਕੌਰ ਸਭਰਾ

ਇੱਕ ਸਾਫ਼ ਸੁਥਰੀ ਜ਼ਿੰਦਗੀ ਜਿਊਣ ਲਈ ਇੱਕ ਸਾਫ਼ ਸੁਥਰੇ ਸਮਾਜ ਦਾ ਹੋਣਾ ਬਹੁਤ ਜ਼ਰੂਰੀ ਹੈ। ਵਿਦਵਾਨਾਂ ਅਨੁਸਾਰ, 'ਜਿਸ ਸਮਾਜ ਵਿੱਚ ਲੋਕ ਇੱਕ ਸੁਰੱਖਿਅਤ ਅਤੇ ਆਰਾਮਦਾਇਕ ਜ਼ਿੰਦਗੀ ਜਿਉਂਦੇ ਹਨ, ਇੱਕ ਵਧੀਆ ਸਮਾਜ ਅਖਵਾਉਣ ਦਾ ਹੱਕਦਾਰ ਹੈ। ਪਰ ਇੱਥੇ ਗੱਲ ਇਹ ਸੋਚਣ ਵਾਲੀ ਹੈ ਕਿ, ਸਮਾਜ ਦੀ ਸਿਰਜਣਾ ਕਰਦਾ ਕੌਣ ਹੈ ? ਜਿਸ ਦਾ ਬਹੁਤ ਹੀ ਸਿੱਧਾ ਅਤੇ ਆਮ ਜਿਹਾ ਜਵਾਬ ਹੈ ਕਿ ਹਰ ਵਰਗ ਦਾ ਇਨਸਾਨ ਮਿਲ ਕੇ ਸਮਾਜ ਬਣਾਉਂਦਾ ਹੈ। ਹਰ ਵਿਅਕਤੀ, ਮਰਦ, ਔਰਤ, ਬੱਚੇ, ਬੁੱਢੇ ਸਮਾਜ ਦੀ ਸਿਰਜਣਾ ਵਿੱਚ ਸ਼ਮੂਲੀਅਤ ਹੈ। ਇਸ ਤੋਂ ਇਲਾਵਾ ਸਮਾਜ ਨੂੰ ਸੁਵਿਧਾਵਾਂ ਪ੍ਰਦਾਨ ਕਰਨ ਲਈ, ਮਸਲਿਆਂ ਦਾ ਨਿਪਟਾਰਾ ਕਰਨ ਲਈ ਸਾਡੀ ਸੁਰੱਖਿਆ ਲਈ ਸਾਡੇ ਕੋਲ ਨਿਆਂਪਾਲਿਕਾ ਹੈ, ਸਰਕਾਰ ਹੈ। ਪਰ ਜੇਕਰ ਮੌਜੂਦਾ ਸਮੇਂ ਦੇ ਹਾਲਾਤਾਂ ਵੱਲ ਗ਼ੌਰ ਫੁਰਮਾਇਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਸਾਡਾ ਵਰਤਮਾਨ ਸਮਾਜ ਕੋਈ ਬਹੁਤਾ ਸੁਖਾਵਾਂ ਸਮਾਜ ਨਹੀਂ ਹੈ। ਇੱਕ ਖ਼ਾਸ ਵਰਗ ਨੂੰ ਛੱਡ ਕੇ ਬਾਕੀ ਸਾਰੇ ਦੁੱਖਾਂ ਤਕਲੀਫ਼ਾਂ ਵਾਲੀ ਜ਼ਿੰਦਗੀ ਜੀਅ ਰਹੇ ਹਨ। ਭਾਰਤ ਇੱਕ ਲੋਕਤੰਤਰੀ ਦੇਸ਼ ਹੈ। ਇੱਥੇ ਲੋਕਾਂ ਨੂੰ ਸੰਵਿਧਾਨਕ ਤੌਰ 'ਤੇ ਸਰਕਾਰ ਚੁਣਨ ਦਾ ਅਧਿਕਾਰ ਪ੍ਰਾਪਤ ਹੈ। ਲੋਕਾਂ ਕੋਲ ਇਹ ਵੀ ਹੱਕ ਹੈ ਕਿ ਜੇਕਰ ਸਰਕਾਰਾਂ ਉਨਾਂ ਦੀਆਂ ਉਮੀਦਾਂ ਉੱਪਰ ਖਰੀਆਂ ਨਹੀਂ ਉੱਤਰਦੀਆਂ ਤਾਂ ਜਨਤਾ ਸਰਕਾਰਾਂ ਦਾ ਬਾਈਕਾਟ ਵੀ ਕਰ ਸਕਦੀਆਂ ਹਨ। ਭਾਵੇਂ ਅਜ਼ਾਦੀ ਤੋਂ ਲੈ ਕੇ ਅੱਜ ਤੱਕ ਭਾਰਤ ਨੇ ਕਾਫ਼ੀ ਤਰੱਕੀ ਕਰ ਲਈ ਹੈ, ਪਰ ਮੈਨੂੰ ਯਕੀਨ ਹੈ ਕਿ ਅੱਜ ਵੀ ਭਾਰਤ ਦੀ ਜਨਸੰਖਿਆ ਦਾ ਤੀਸਰਾ ਹਿੱਸਾ ਭੁੱਖਮਰੀ, ਗ਼ਰੀਬੀ, ਬਿਮਾਰੀ, ਔਰਤਾਂ ਨਾਲ ਅੱਤਿਆਚਾਰ, ਸਮਾਜਿਕ ਵਿਤਕਰੇ, ਸਰੀਰਕ ਸ਼ੋਸ਼ਣ ਆਦਿ ਅਲਾਮਤਾਂ ਨਾਲ ਜੂਝ ਰਿਹਾ ਹੈ। ਸਾਨੂੰ ਸਭ ਨੂੰ ਯਾਦ ਹੋਵੇਗਾ; ਕਿ ਜਦੋਂ ਸੂਰਬੀਰ ਯੋਧੇ ਸਰਦਾਰ ਭਗਤ ਸਿੰਘ ਜੀ ਨੇ ਦੇਸ਼ ਨੂੰ ਅਜ਼ਾਦ ਕਰਵਾਇਆ ਸੀ ਤਾਂ ਉਨਾਂ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਬੁਲੰਦ ਕੀਤਾ ਸੀ। ਉਨਾਂ ਜ਼ਰੂਰ ਇਸ ਆਸ 'ਤੇ ਇਸ ਨਾਅਰੇ ਨੂੰ ਬੁਲੰਦ ਕੀਤਾ ਹੋਵੇਗਾ ਕਿ ਆਉਣ ਵਾਲੀਆਂ ਪੀੜੀਆਂ ਇਸੇ ਤਰਾਂ ਇਸ ਨਾਅਰੇ ਦੀ ਅਵਾਜ਼ ਨੂੰ ਅਸਮਾਨਾਂ ਤੱਕ ਗੂੰਜਦੀ ਰੱਖੇਗੀ। ਪਰ ਹੋਇਆ ਸਭ ਉਨਾਂ ਦੀਆਂ ਆਸਾਂ ਦੇ ਉਲਟ ਹੈ। ਅੱਜ ਸਾਡੇ ਸਮਾਜ ਦਾ ਉਹ ਵਰਗ ਜਿਸ ਦੇ ਮੋਢਿਆਂ 'ਤੇ ਅਸੀਂ ਆਪਣੀ ਸੁਰੱਖਿਆ ਦੀ ਜ਼ਿੰਮੇਵਾਰੀ ਪਾਈ ਹੈ, ਉਹ ਖ਼ੁਦ ਸਾਡੇ ਉੱਤੇ ਮਾਰੂ ਨੀਤੀਆਂ ਨਾਲ ਹਮਲਾ ਕਰ ਰਿਹਾ ਹੈ। ਅਸੀਂ ਲੋਕ ਟੈਲੀਵਿਜ਼ਨ ਦੀਆਂ ਖ਼ਬਰਾਂ ਵਿੱਚ ਦਿਖਾਏ ਜਾਂਦੇ ਕੁਝ ਗਿਣਵੇਂ ਚੁਣਵੇਂ ਲੋਕਾਂ ਨੂੰ ਦੇਖ ਕੇ ਇਹ ਅੰਦਾਜ਼ਾ ਲਗਾ ਲੈਂਦੇ ਹਾਂ ਕਿ ਅਸੀਂ ਬਹੁਤ ਤਰੱਕੀ ਕਰ ਚੁੱਕੇ ਹਾਂ ਪਰ ਕੈਮਰਿਆਂ ਪਿੱਛੇ ਛੁਪੀ ਅਸਲੀਅਤ ਜੋ ਸਾਡੇ ਇਰਦ ਗਿਰਦ ਵਾਪਰਦੀ ਹੈ, ਉਸ ਵੱਲ ਸਾਡਾ ਧਿਆਨ ਹੀ ਨਹੀਂ ਜਾਂਦਾ। ਅੱਜ ਵੀ ਰਾਹ ਜਾਂਦੀ ਲੜਕੀ ਸਮਾਜ ਦੀਆਂ ਬੁਰੀਆਂ ਨਿਗਾਹਾਂ ਦੀ ਸ਼ਿਕਾਰ ਹੁੰਦੀ ਹੈ। ਅੱਜ ਵੀ ਘਰ ਵਿੱਚ ਰਹਿ ਰਹੀ ਔਰਤ ਮਰਦ ਦੇ ਅੱਤਿਆਚਾਰ ਦਾ ਸ਼ਿਕਾਰ ਹੋ ਰਹੀ ਹੈ। ਅੱਜ ਵੀ ਕਿਸਾਨ ਆਪਣੇ ਹੱਕਾਂ ਲਈ ਸੜਕਾਂ ਤੇ ਰੁਲਦਾ ਫਿਰਦਾ ਹੈ ਅਤੇ ਅੱਜ ਵੀ ਬਹੁਤ ਸਾਰੇ ਬਾਲ ਨਿਆਣੇ ਕਿਤਾਬਾਂ ਤੋਂ ਦੂਰ ਬੈਠੇ ਹਨ। ਅੱਜ ਵੀ ਜਿਨਾਂ ਹੱਥਾਂ ਵਿੱਚ ਕਾਪੀਆਂ-ਕਿਤਾਬਾਂ ਹੋਣੀਆਂ ਚਾਹੀਦੀਆਂ ਹਨ, ਉਨਾਂ ਹੱਥਾਂ ਵਿੱਚ ਇੱਟਾਂ ਬਣਾਉਣ ਲਈ ਮਿੱਟੀ ਹੈ। ਮੈਨੂੰ ਅਕਸਰ ਮੇਰੇ ਪਾਠਕ ਕਹਿੰਦੇ ਹਨ ਕਿ ਕੀ ਤੁਹਾਨੂੰ ਸਮਾਜ ਵਿੱਚ ਅਛਾਈ ਨਜ਼ਰ ਨਹੀਂ ਆਉਂਦੀ ? ਮੇਰਾ ਜਵਾਬ ਹੁੰਦਾ ਕਿ ਮੈਂ ਸੁਰਖ਼ੀਆਂ ਦੇ ਵਿੱਚ ਰਹਿਣ ਵਾਲਿਆਂ ਦੇ ਜੀਵਨ ਨੂੰ ਘੱਟ ਤੇ ਸੁਰਖ਼ੀਆਂ ਵਿੱਚ ਲਿਆਉਣ ਵਾਲਿਆਂ ਦੇ ਜੀਵਨ ਨੂੰ ਜ਼ਿਆਦਾ ਦੇਖਦੀ ਹਾਂ, ਇਸੇ ਲਈ ਸ਼ਾਇਦ ਸਮਾਜ ਦੀ ਅਸਲ ਤਸਵੀਰ ਨੂੰ ਬਿਆਨ ਕਰਨ ਦਾ ਹੀਲਾ ਕਰ ਲੈਂਦੀ ਹਾਂ। ਹੁਣ ਸਵਾਲ ਇਹ ਨਿਕਲਦਾ ਹੈ ਕਿ ਇਸ ਦਾ ਹੱਲ ਕੀ ਹੋ ਸਕਦਾ ਹੈ ? ਜੇਕਰ ਸਿੱਖ ਪਰੰਪਰਾ ਵੱਲ ਝਾਤ ਮਾਰੀਏ ਤਾਂ ਇਹ ਤੱਥ ਬੜੇ ਪ੍ਰਭਾਵਕਾਰੀ ਢੰਗ ਨਾਲ ਨਿੱਖਰ ਕੇ ਸਾਹਮਣੇ ਆਉਂਦੇ ਹਨ ਕਿ ਸਾਡੇ ਗੁਰੂਆਂ ਨੇ ਹਮੇਸ਼ਾ ਇੱਕ ਵਧੀਆ ਸਮਾਜ ਸਿਰਜਣ ਦਾ ਯਤਨ ਕੀਤਾ। ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਦਾ ਉਪਦੇਸ਼ ਪਹਿਲੀ ਪਾਤਸ਼ਾਹੀ ਨੇ ਹੀ ਸਾਡੀ ਝੋਲੀ ਵਿੱਚ ਪਾ ਦਿੱਤਾ। ਸਿੱਖ ਇਤਿਹਾਸ ਨੂੰ ਫੋਲ ਲਈਏ ਤਾਂ ਨਚੋੜ ਇਹ ਨਿਕਲਦਾ ਹੈ ਇਸ ਸਾਰੇ ਦਰਦੱਦ ਦਾ ਮਕਸਦ ਇੱਕ ਨਵੇਂ ਸਮਾਜ ਦੀ ਸਿਰਜਣਾ ਸੀ । ਸਾਰੀ ਸੋਚ ਦਾ ਕੇਂਦਰ ਸਮਾਜਿਕ ਬਦਲਾਵ ਸੀ। ਪਰ ਅੱਜ ਦੇ ਹਾਲਾਤਾਂ ਵੱਲ ਝਾਤ ਮਾਰੀਏ ਤਾਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ, ਆਪਣੇ ਹੱਕਾਂ ਲਈ ਇਨਕਲਾਬ ਦਾ ਨਾਅਰਾ ਬੁਲੰਦ ਕਰਨਾ ਸਮੇਂ ਦੀ ਮੁੱਖ ਲੋੜ ਹੈ। ਜਦੋਂ ਭਗਤ ਸਿੰਘ ਹੋਰਾਂ ਦੇਸ਼ ਨੂੰ ਅਜ਼ਾਦ ਕਰਵਾਇਆ ਸੀ ਤਾਂ ਉਨਾਂ ਦੀ ਸਭ ਤੋਂ ਵੱਡੀ ਤਾਕਤ ਇੱਕ ਤਾਂ ਆਪਸੀ ਏਕਤਾ ਸੀ ਅਤੇ ਦੂਸਰਾ ਉਨਾਂ ਵਿੱਚ ਆਪਣਾ ਕੋਈ ਵੀ ਨਿੱਜੀ ਸੁਆਰਥ ਨਹੀਂ ਸੀ। ਉਨਾਂ ਜੋ ਵੀ ਕੀਤਾ ਦੇਸ਼ ਭਗਤੀ ਦੀ ਆੜ ਵਿੱਚ ਕੀਤਾ। ਅੱਜ ਵੀ ਸਮਾਜ ਦੀ ਨੁਹਾਰ ਬਦਲਣ ਲਈ ਆਪਸੀ ਏਕਤਾ ਅਤੇ ਨਿਰਸਵਾਰਥ ਹੋਣ ਦੀ ਜ਼ਰੂਰਤ ਹੈ। ਅਸੀਂ ਆਮ ਹੀ ਦੇਖਦੇ ਹਾਂ ਕਿ ਜੇਕਰ ਕੋਈ ਇੱਕ ਸਮਾਜ ਭਲਾਈ ਦੇ ਕੰਮਾਂ ਲਈ ਉੱਠਦਾ ਹੈਂ ਤਾਂ ਅਸੀਂ ਸਾਰੇ ਰਲ ਮਿਲ ਕੇ ਇਹ ਸੋਚਣ ਲੱਗਦੇ ਹਾਂ ਕਿ ਇਸਨੂੰ ਪਿੱਛੇ ਵੱਲ ਨੂੰ ਕਿਵੇਂ ਧਕੇਲਿਆ ਜਾਵੇ ਜਾਂ ਕਿਸੇ ਤਰਾਂ ਦੀ ਤੋਹਮਤ ਕਿਵੇਂ ਲਗਾਈ ਜਾਵੇ। ਮੈਨੂੰ ਲੱਗਦਾ ਜਿਸ ਸਮਾਜ ਵਿਚ ਇੱਕ ਦੂਸਰੇ ਨੂੰ ਅੱਗੇ ਵੱਧਣ ਲਈ ਪ੍ਰੋਤਸ਼ਾਹਿਤ ਕਰਨ ਦੀ ਬਜਾਏ ਪਿੱਛੇ ਖਿੱਚਿਆ ਜਾਂਦਾ ਹੈ, ਅਜਿਹਾ ਸਮਾਜ ਇੱਕ ਚੰਗਾ ਸਮਾਜ ਅਖਵਾਉਣ ਦਾ ਹੱਕਦਾਰ ਨਹੀਂ ਹੈ। ਅੱਜ ਜ਼ਰੂਰਤ ਹੈ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋਣ ਦੀ, ਜ਼ਰੂਰਤ ਹੈ ਆਪਣੀ ਆਵਾਜ਼ ਨੂੰ ਬੁਲੰਦ ਕਰਨ ਦੀ। ਜ਼ਰੂਰਤ ਹੈ ਭਗਤ ਸਿੰਘ ਵਾਂਗ ਇਨਕਲਾਬ ਦੇ ਨਾਅਰੇ ਨੂੰ ਬੁਲੰਦ ਕਰਨ ਦੀ, ਤਾਂ ਜੋ ਅਸੀਂ ਕੂਟਨੀਤਕ ਸਰਕਾਰਾਂ ਨਾਲ ਟਾਕਰਾ ਕਰ ਸਕੀਏ ਅਤੇ ਇੱਕ ਚੰਗਾ ਸਮਾਜ ਸਿਰਜ ਸਕੀਏ।

# ਟੀਆਰਪੀ ਦੇ ਭਿਅੰਕਰ ਰਾਖਸ਼, ਪੱਤਰਕਾਰੀ ਦੇ ਸੁਪਾਰੀ ਕਿੱਲਰ



- ਆਸ਼ੂਤੋਸ਼ ਪਤਰਕਾਰ




ਫਰਾਂਸੀਸੀ ਇਨਕਲਾਬ ਨੇ ਇਤਿਹਾਸ ਨੂੰ ਬਦਲ ਦਿੱਤਾ। ਰਾਜਤੰਤਰ ਅਤੇ ਸਰਕਾਰ ਵਿਚ ਚਰਚ ਦੀ ਭੂਮਿਕਾ ਨੂੰ ਪੂਰੀ ਖਤਮ ਕਰ ਦਿੱਤਾ। ਸਾਰੇ ਸੰਸਾਰ ਨੂੰ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ ਦਾ ਸਿਧਾਂਤ ਦਿੱਤਾ। ਇਸ ਇਨਕਲਾਬ ਦੇ ਪ੍ਰਤੀਕਰਮ ਵਜੋਂ ਬਹੁਤ ਵਡੀ ਹਿੰਸਾ ਹੋਈ ਸੀ। ਬਹੁਤ ਘਟ ਲੋਕਾਂ ਨੂੰ ਯਾਦ ਹੋਵੇਗਾ ਜਿਨਾਂ ਨੇ ਇਸ ਇਨਕਲਾਬ ਲਈ ਇਸ ਹਿੰਸਾ ਨੂੰ ਜਾਇਜ਼ ਠਹਿਰਾਇਆ ਉਹੀ ਇਸ ਹਿੰਸਾ ਦੇ ਸ਼ਿਕਾਰ ਹੋ ਗਏ। ਮੈਕਸੀਮਿਲੀਅਨ ਰਾਬਿਸਪਾਇਰ ਇਸ ਕਰਾਂਤੀ ਦਾ ਵੱਡਾ ਨੇਤਾ ਸੀ। ਪਰ ਜਿਸ ਤਰਾਂ ਉਸ ਨੇ ਲੋਕਾਂ ਨੂੰ ਕ੍ਰਾਂਤੀ ਦੇ ਨਾਮ ਤੇ ਮੌਤ ਦੀ ਚਰਖੜੀ ਉਪਰ ਚੜਾਇਆ, ਲੋਕਾਂ ਦੀ ਜਾਨ ਲਈ ਉਸ ਨੂੰ ਸੁਣ ਕੇ ਦਹਿਸ਼ਤ ਪੈਦਾ ਹੁੰਦੀ ਹੈ। ਬਾਅਦ ਵਿਚ ਉਸੇ ਹੀ ਰਾਬਸਾਪਾਇਰ ਨੂੰ ਘੜੀਸ ਕੇ ਗਿਲੋਟਾਈਨ ਉਪਰ ਲਿਆਂਦਾ ਗਿਆ ਅਤੇ ਉਸ ਦੀ ਗਰਦਨ ਧੜ ਤੋਂ ਅਲੱਗ ਕਰ ਦਿਤੀ। ਅਜਿਹਾ ਹੀ ਇਕ ਨਾਮ ਜਯਾ ਪਰਾ ਮਰਾ ਦਾ ਸੀ ਜੋ ਕਿ ਨਾਮੀ ਪੱਤਰਕਾਰ ਸੀ ਅਤੇ ਇਕ ਅਖਬਾਰ ਫਰੈਂਡਜ ਆਫ ਪੀਉਪਲ ਕਢਦਾ ਸੀ।

ਇਨਕਲਾਬ ਦੇ ਦਿਨਾਂ ਦੌਰਾਨ ਉਸਦਾ ਦੇ ਅਖਬਾਰ ਖੂਬ ਵਿਕਦਾ ਸੀ, ਕਿਉਂਕਿ ਇਹ ਇਨਕਲਾਬੀਆਂ ਦਾ ਹਮਾਇਤੀ ਸੀ। ਪੱਤਰਕਾਰੀ ਦੇ ਨਾਮ ਉਪਰ ਉਸਨੇ ਹਿੰਸਾ ਭੜਕਾਉਣੀ ਸ਼ੁਰੂ ਕਰ ਦਿਤੀ।

ਸੱਚੀਆਂ ਝੂਠੀਆਂ ਖਬਰਾਂ ਛਾਪਣ ਲੱਗਾ ਤੇ ਫਿਰ ਕ੍ਰਾਂਤੀਕਾਰੀਆਂ ਦੇ ਕਤਲ ਦੀ ਹਮਾਇਤ ਕਰਨ ਲਗਾ। ਫਰਾਂਸ ਦੇ ਰਾਜਾ ਲੂਯਿਸ ਅਤੇ ਉਸ ਦੀ ਪਤਨੀ ਮਾਰੀਆ ਉਸ ਸਮੇਂ ਜਨਤਾ ਤੋਂ ਕਟੇ ਹੋਏ ਸਨ। ਪਰ ਜਦੋਂ ਜਯਾ ਪਾਰ ਮਰਾ ਨੇ ਖਬਰ ਛਾਪੀ ਕਿ ਫਰਾਂਸ ਦੀ ਜਨਤਾ ਦੇ ਭੁੱਖੀ ਮਰ ਰਹੀ ਹੈ ਤੇ ਰਾਜਾ ਅਤੇ ਉਸ ਦੀ ਪਤਨੀ ਅਨਾਜ਼ ਦਾ ਭੰਡਾਰ ਮਹਿਲ ਵਿਚ ਜਮਾਂ ਕਰਕੇ ਬੈਠੇ ਹਨ। ਇਸ ਕਾਰਣ ਲੋਕ ਸਤਾ ਖਿਲਾਫ ਭੜਕ ਉਠੇ ਤੇ ਭਵਨ 'ਤੇ ਹਮਲਾ ਕਰ ਦਿੱਤਾ। ਕਰਾਂਤੀ ਦੇ ਲਿਹਾਜ਼ ਨਾਲ ਇਹ ਪੈਂਤੜਾ ਸਹੀ ਹੋ ਸਕਦਾ ਹੈ ਪਰ ਪੱਤਰਕਾਰੀ ਦੀ ਨੈਤਿਕਤਾ ਦੇ ਉਲਟ ਫੇਕ ਨਿਊਜ਼ ਦਾ ਵਰਤਾਰਾ ਸੀ।

ਅੱਜ ਭਾਰਤ ਦੇ ਇੱਕ ਤਬਕੇ ਨੂੰ ਇਹ ਅਹਿਸਾਸ ਹੋ ਸਕਦਾ ਹੈ ਕਿ ਫਰਾਂਸ ਦੀ ਕਰਾਂਤੀ ਦੀ ਤਰਾਂ ਭਾਰਤ ਵਿਚ ਹਿੰਦੂ ਕ੍ਰਾਂਤੀ ਦਾ ਆਧਾਰ 'ਤੇ ਹਿੰਦੂ ਰਾਸ਼ਟਰ ਬਣ ਰਿਹਾ ਹੈ। ਪਰ ਕੀ ਇਸ ਆਧਾਰ ਉਪਰ ਪਤਰਕਾਰਾਂ ਨੂੰ 1789 ਤੋਂ 1794 ਵਾਲੀ ਫੇਕ ਨਿਊਜ ਸਿਰਜਣ ਦੀ ਇਜ਼ਾਜ਼ਤ ਦਿਤੀ ਜਾ ਸਕਦੀ ਹੈ।

ਕੀ ਉਨਾਂ ਨੂੰ ਦੰਗੇ ਤੇ ਹਿੰਸਾ ਭੜਕਾਉਣ ਦੀ ਇਜਾਜ਼ਤ ਦਿਤੀ ਜਾ ਸਕਦੀ ਹੈ? ਕੀ ਇਹਨਾਂ ਨੂੰ ਜਯਾ ਪਾ ਮਰਾ ਵਾਂਗ ਨਫਰਤ ਦੀਆਂ ਕੰਧਾਂ ਖੜੀਆਂ ਕਰਨ ਦੀ ਇਜਾਜ਼ਤ ਦੇਣੀ ਜਾਇਜ਼ ਹੈ।ਅੱਜ ਇਹ ਪ੍ਰਸ਼ਨ ਭਾਰਤ ਦੀ ਪੱਤਰਕਾਰੀ ਅਤੇ ਟੀ.ਵੀ. ਚੈਨਲਾਂ ਦੇ ਨਾਲ ਦੇਸ਼ ਦੇ ਲੋਕਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਅਤੇ ਇਹ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਜਦੋਂ ਉਹ ਅਜਿਹੀਆਂ ਨੈਤਿਕਤਾਹੀਣ ਕਾਰਵਾਈਆਂ ਕਰ ਰਹੇ ਹਨ ਤਾਂ ਉਨਾਂ ਵਿਰੁੱਧ ਕੀ ਕਾਰਵਾਈ ਕੀਤੀ ਜਾਵੇ?

ਇੱਥੇ ਸਵਾਲ ਮੌਜੂਦਾ ਵਾਤਾਵਰਣ ਨੂੰ ਫ੍ਰੈਂਚ ਇਨਕਲਾਬ ਨਾਲ ਤੁਲਨਾ ਕਰਕੇ ਸਹੀ ਨਹੀਂ ਠਹਿਰਾਇਆ ਜਾ ਸਕਦਾ। ਦੋਹਾਂ ਘਟਨਾਵਾਂ ਦੀ ਆਪਸ ਵਿਚ ਤੁਲਨਾ ਨਹੀਂ ਕੀਤੀ ਜਾ ਸਕਦੀ। ਫਰਾਂਸ ਦੇ ਇਨਕਲਾਬ ਨੇ ਇਤਿਹਾਸ ਦੀ ਪੁਰਾਤਨ ਜੜਾਂ ਨੂੰ ਖਤਮ ਕਰਦਿਆਂ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਦਿੱਤੀ। ਇਸ ਨੇ ਨਾਗਰਿਕਾਂ ਅਤੇ ਜਨਤਾ ਨੂੰ ਸਨਮਾਨ ਦਿੱਤਾ, ਇਕ ਵਿਅਕਤੀ ਤੋਂ ਸ਼ਕਤੀ ਖੋਹ ਕੇ ਆਮ ਲੋਕਾਂ ਦੇ ਹਵਾਲੇ ਕਰ ਦਿੱਤਾ ਅਤੇ ਲੋਕਤੰਤਰ ਦੀ ਸਥਾਪਨਾ ਕੀਤੀ।

ਇਥੇ ਸਵਾਲ ਸਿਰਫ ਇਕ ਸੰਪਾਦਕ ਤੇ ਪਤਰਕਾਰ ਦਾ ਹੈ, ਉਹ ਕਿਵੇਂ ਆਪਣੇ ਪੱਤਰਕਾਰੀ ਧਰਮ ਨੂੰ ਭੁੱਲ ਰਿਹਾ ਹੈ ਅਤੇ ਨਫ਼ਰਤ ਅਤੇ ਜ਼ਹਿਰ ਦੀ ਖੇਤੀ ਕਰ ਰਿਹਾ ਹੈ, ਉਹ ਹਿੰਸਾ ਦਾ ਮਾਹੌਲ ਕਿਵੇਂ ਪੈਦਾ ਕਰ ਰਿਹਾ ਹੈ, ਉਸ ਪੱਤਰਕਾਰੀ ਦੇ ਨਾਮ ਨੂੰ ਜਮਹੂਰੀਅਤ ਤੇ ਦੇਸ਼ ਭਗਤੀ ਦੇ ਨਾਮ ਉਪਰ ਕਿਵੇਂ ਮੜ ਰਿਹਾ ਹੈ।

ਇਹ ਸੱਚ ਹੈ ਕਿ ਇਸ ਭਾਰਤ ਦੀ ਪੱਤਰਕਾਰੀ ਕਈ ਵਾਰ ਆਪਣੇ ਰਾਹ ਤੋਂ ਭਟਕੀ ਹੈ। ਆਜ਼ਾਦੀ ਤੋਂ ਪਹਿਲਾਂ, ਇੱਕ ਸਮਾਂ ਸੀ ਜਦੋਂ ਗਾਂਧੀ ਨੇ 'ਯੰਗ ਇੰਡੀਆ' ਅਤੇ 'ਹਰਿਜਨ' ਵਰਗੇ ਅਖਬਾਰ ਕੱਢੇ ਸਨ। ਬਾਲ ਗੰਗਾਧਰ ਤਿਲਕ ਨੇ 'ਮਰਾਠਾ' ਅਤੇ 'ਕੇਸਰੀ' ਅਖਬਾਰ ਅਤੇ ਲੋਕਾਂ ਨੂੰ ਸੇਧ ਦਿਤੀ।

ਬਾਬਾ ਸਾਹਿਬ ਅੰਬੇਦਕਰ 'ਮੂਕ ਹੀਰੋ' ਰਾਹੀਂ ਦਲਿਤ ਭਾਈਚਾਰੇ ਵਿੱਚ ਚੇਤਨਾ ਫੈਲਾਉਣ ਦਾ ਕੰਮ ਕੀਤਾ।ਪਰ ਇਸ ਦੇਸ਼ ਵਿਚ ਐਮਰਜੈਂਸੀ ਦੌਰਾਨ ਸਾਰੇ ਪੱਤਰਕਾਰਾਂ ਨੇ ਦਮ ਤੋੜ ਦਿੱਤਾ। ਸਰਕਾਰ ਦੀ ਹਾਂ ਵਿਚ ਹਾਮੀ ਭਰੀ ਹੋਈ ਹੈ। ਪਰ ਐਮਰਜੈਂਸੀ ਹਟਾਏ ਜਾਣ ਤੋਂ ਬਾਅਦ ਇਸ ਪ੍ਰੈਸ ਨੇ ਬੋਫੋਰਸ ਕੇਸ 'ਤੇ ਪੈਰ ਪੈਰ ਰਾਜੀਵ ਗਾਂਧੀ ਵਰਗੇ ਬਹੁਤ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਨੂੰ ਚੁਣੌਤੀ ਦਿੱਤੀ। ਰਾਮ ਮੰਦਰ ਲਹਿਰ ਦੇ ਸਮੇਂ, ਇਸ ਮੀਡੀਆ ਦਾ ਇੱਕ ਹਿੱਸਾ ਪੂਰੀ ਤਰਾਂ ਫਿਰਕੂ ਰੰਗ ਵਿੱਚ ਰੰਗਿਆ ਹੋਇਆ ਸੀ।ਅਤੇ ਇਸਨੇ ਮੁਸਲਿਮ ਵਰਗ ਵਿਰੁੱਧ ਨਫ਼ਰਤ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ।

ਪਰ ਇਹ ਉਹ ਮੀਡੀਆ ਵੀ ਸੀ ਜਿਸਨੇ ਮਨਮੋਹਨ ਸਿੰਘ ਦੇ ਅਧੀਨ ਭ੍ਰਿਸ਼ਟਾਚਾਰ ਅਤੇ ਘੁਟਾਲਿਆਂ ਦਾ ਪਰਦਾਫਾਸ਼ ਕਰਦਿਆਂ 2014 ਵਿੱਚ ਕਾਂਗਰਸ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਸੀ। ਪਰ ਇਸ ਤੋਂ ਬਾਅਦ ਜੋ ਭੂਮਿਕਾ ਮੀਡੀਆ ਨੇ ਚੁਣੀ ਹੈ, ਅਤੇ ਖ਼ਾਸਕਰ ਟੀਵੀ ਨੇ ਖੁਦ, ਸ਼ਰਮਨਾਕ, ਦੁਖਦਾਈ, ਲੋਕਤੰਤਰ ਵਿਰੋਧੀ, ਸਮਾਜ ਨੂੰ ਤੋੜਨ ਵਾਲੀ ਅਤੇ ਇਤਿਹਾਸ ਦੀ ਦੁਸ਼ਮਣ ਹੈ

ਪੱਤਰਕਾਰੀ ਦਾ ਕੁਦਰਤੀ ਸੁਭਾਅ ਸ਼ਕਤੀ ਦੇ ਵਿਰੋਧ ਦਾ ਹੈ। ਇਸਦਾ ਕੰਮ ਸਰਕਾਰਾਂ ਨੂੰ ਚੁਣੌਤੀ ਦੇਣਾ ਨਹੀਂ, ਬਲਕਿ ਸਰਕਾਰ ਦੀਆਂ ਕਮੀਆਂ ਨੂੰ ਉਜਾਗਰ ਕਰਨਾ ਅਤੇ ਲੋਕਾਂ ਤੇ ਸੰਵਿਧਾਨ ਅਗੇ ਜਵਾਬਦੇਹ ਬਣਾਉਣਾ ਹੈ। ਅੱਜ ਕੁਝ ਟੀਵੀ ਚੈਨਲਾਂ ਨੂੰ ਛੱਡ ਕੇ ਬਾਕੀ ਸਾਰੇ ਸਰਕਾਰ ਦੇ ਅਣ-ਐਲਾਨੇ ਬੁਲਾਰੇ ਬਣ ਗਏ ਹਨ। ਉਹ ਸਰਕਾਰ ਨੂੰ ਸਵਾਲ ਨਹੀਂ ਪੁੱਛਦੇ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਪ੍ਰਸ਼ਨ ਪੁੱਛਣਾ ਪਾਪ ਤੇ ਦੇਸ ਵਿਰੋਧੀ ਵਰਤਾਰਾ ਸਮਝਦੇ ਹਨ। ਇਸ ਦੇ ਉਲਟ, ਸਭ ਤੋਂ ਵਧੀਆ ਕੋਸ਼ਿਸ਼ ਵਿਰੋਧੀ ਧਿਰ ਨੂੰ ਕਟਹਿਰੇ ਵਿਚ ਖੜਾ ਕਰਨ ਦੀ ਹੈ। ਜੇ ਚੀਨ ਨੇ ਭਾਰਤ ਦੀ ਧਰਤੀ 'ਤੇ ਕਬਜ਼ਾ ਕਰ ਲਿਆ ਤਾਂ ਸਰਕਾਰ ਨੂੰ ਸਵਾਲ ਪੁੱਛਣ ਦੀ ਬਜਾਏ ਵਿਰੋਧੀ ਧਿਰ ਨੂੰ ਚੀਨੀ ਹਰਕਤ ਲਈ ਜ਼ਿੰਮੇਵਾਰ ਠਹਿਰਾਉਣਾ ਹੈ।

ਕੋਰੋਨਾ ਤੇ ਘੱਟ ਰਹੀ ਆਰਥਿਕਤਾ ਲਈ ਵਿਰੋਧੀ ਧਿਰ ਨੂੰ ਜ਼ਲੀਲ ਕਰਨਾ ਇਸ ਨੇ ਆਪਣੀ ਨੀਤੀ ਬਣਾਈ ਹੋਈ ਹੈ। ਵਿਰੋਧੀ ਧਿਰ ਦੀ ਗੈਰ ਸਿਧਾਂਤਕ ਆਲੋਚਨਾ ਕਰਕੇ ਇਹ ਚੈਨਲ ਸਰਕਾਰ ਦੀਆਂ ਗਲਤੀਆਂ ਨੂੰ ਛੁਪਾਅ ਰਹੇ ਹਨ। ਇਸਦੇ ਨਾਲ , ਟੀ ਵੀ ਚੈਨਲ ਬੇਸ਼ਰਮੀ ਨਾਲ ਸਰਕਾਰ ਦੇ ਏਜੰਡੇ ਅਤੇ ਉਨਾਂ ਦੀ ਵਿਚਾਰਧਾਰਾ ਨੂੰ ਵੱਡੇ ਪੱਧਰ 'ਤੇ ਫੈਲਾ ਰਹੇ ਹਨ। ਭਾਰਤੀ ਮੀਡੀਆ ਦੇ ਨੱਬੇਵੇਂ ਦੇ ਆਰੰਭ ਨੂੰ ਛੱਡ ਦੇਈਏ ਤਾਂ, ਇਹ ਕਦੇ ਫਿਰਕੂ ਨਹੀਂ ਸੀ।ਪਰ 2014 ਤੋਂ ਉਹ ਖੁੱਲੇਆਮ ਮੁਸਲਿਮ ਵਿਰੋਧੀ ਹੋ ਗਿਆ ਹੈ। ਹਿੰਦੂ ਰਾਸ਼ਟਰਵਾਦ ਦੇ ਨਾਮ 'ਤੇ ਉਹ ਇਸਲਾਮ ਵਿਰੁੱਧ ਨਫ਼ਰਤ ਦਾ ਮਾਹੌਲ ਪੈਦਾ ਕਰ ਰਿਹਾ ਹੈ।

ਕੋਰੋਨਾ ਦੇ ਸਮੇਂ ਤਬਲੀਗੀ ਜਮਾਤ 'ਤੇ ਹਮਲਾ ਇਸ ਦੀ ਇਕ ਸਾਜਿਸ਼ ਹੈ। ਟੀ ਵੀ ਚੈਨਲਾਂ 'ਤੇ ਬਹਿਸ ਕਰਦਿਆਂ ਸਰਕਾਰ ਦੀ ਆਲੋਚਨਾ ਕਰਨ ਵਾਲੇ ਮੁਸਲਮਾਨ ਪੈਨਲਿਸਟਾਂ ਨਾਲ ਵਿਵਹਾਰ ਇਕ ਦੁਸ਼ਮਣ ਦੇਸ਼ ਵਾਂਗ ਹੈ। ਉਸਦੇ ਅਨੁਸਾਰ, ਹਰ ਕਸ਼ਮੀਰੀ ਅੱਤਵਾਦੀ ਹੈ ਅਤੇ ਕਸ਼ਮੀਰ ਉੱਤੇ ਸ਼ਾਂਤੀ ਦੀ ਗੱਲ ਕਰਨ ਵਾਲਾ ਦੇਸ਼ ਦਾ ਸਭ ਤੋਂ ਵੱਡਾ ਦੁਸ਼ਮਣ ਹੈ।ਲਿਬਰਲ ਅਤੇ ਖੱਬੀ ਵਿਚਾਰਧਾਰਾ ਵੀ ਉਸਦੇ ਨਿਸ਼ਾਨੇ ਉਪਰ ਹੈ।

ਚਾਹੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ 'ਤੇ ਹਮਲਾ ਹੋਵੇ ਜਾਂ ਸ਼ਾਹੀਨ ਬਾਗ ਅੰਦੋਲਨ, ਉਨਾਂ ਦੇ ਖਿਲਾਫ ਹਿੰਸਕ ਮਾਹੌਲ ਬਣਾਉਣ ਦੀ ਗੋਦੀ ਮੀਡੀਆ ਵਲੋਂ ਪੂਰੀ ਕੋਸ਼ਿਸ਼ ਕੀਤੀ ਗਈ।ਮੀਡੀਆ ਇਸ ਦੇਸ਼ ਵਿਚ ਹਿੰਸਕ ਸਮਾਜ ਦੀ ਸਿਰਜਣਾ ਕਰ ਰਿਹਾ ਹੈ ਉਹ ਕਿਸੇ ਨੂੰ ਗੱਦਾਰ ਹੋਣ ਦੇ ਸਰਟੀਫਿਕੇਟ ਦਿੰਦਾ ਹੈ, ਕਨਈਆ ਕੁਮਾਰ ਹੋਵੇ ਜਾਂ ਨਾਗਰਿਕਤਾ ਵਿਰੋਧੀ ਕਾਨੂੰਨ ਦਾ ਕਾਰਕੁਨ ਉਨਾਂ ਨੂੰ ਦੇਸ਼ ਵਿਰੋਧੀ ਐਲਾਨਣ ਵਿਚ ਢਿੱਲ ਨਹੀਂ ਕਰਦਾ।

ਸੁਸ਼ਾਂਤ ਸਿੰਘ ਰਾਜਪੂਤ ਦੇ ਮੁੱਦੇ ਨੂੰ ਜਿਸ ਤਰਾਂ ਹਾਲ ਹੀ ਵਿਚ ਸਿਰਜਿਆ ਗਿਆ ਸੀ, ਇਸ ਨੇ ਸਾਰੀਆਂ ਲਕਸ਼ਮਣ ਰੇਖਾਵਾਂ ਨੂੰ ਤੋੜ ਦਿੱਤਾ ਹੈ। ਮੀਡੀਆ ਦੇ ਨਾਮ 'ਤੇ ਥੋੜਾ ਸ਼ਰਮਿੰਦਾ ਲੱਗ ਰਿਹਾ ਛੋਟਾ ਪਰਦਾ ਵੀ ਹੇਠਾਂ ਆ ਗਿਆ। ਬਿਨਾਂ ਕਿਸੇ ਸਬੂਤ ਅਤੇ ਤਥ ਦੇ ਰਿਆ ਅਤੇ ਉਸਦੇ ਪਰਿਵਾਰ ਨੂੰ ਡਰਾਇਆ, ਧਮਕਾਇਆ ਗਿਆ। ਇਹ ਦੇਸ਼ ਦੇ ਕਿਸੇ ਵੀ ਨਾਗਰਿਕ ਨਾਲ ਹੋ ਸਕਦਾ ਹੈ। ਪਹਿਲਾਂ ਉਸਨੂੰ ਸੁਸ਼ਾਂਤ ਦਾ ਕਾਤਲ, ਫਿਰ 15 ਕਰੋੜ ਦਾ ਘੁਟਾਲਾ ਅਤੇ ਆਖਰਕਾਰ ਇੱਕ ਨਸ਼ਾ ਤਸਕਰ ਵਜੋਂ ਦੋਸ਼ੀ ਠਹਿਰਾਇਆ ਗਿਆ।ਇਕ ਨਾਗਰਿਕ ਅਤੇ ਉਸਦੇ ਪਰਿਵਾਰ ਨੂੰ ਬਿਨਾਂ ਵਜਾ ਖ਼ੁਦਕੁਸ਼ੀ ਕਰਨ ਦੀ ਸਥਿਤੀ 'ਤੇ ਪਹੁੰਚਾ ਦਿੱਤਾ।

ਜਦੋਂ ਸੀਬੀਆਈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਕੋਈ ਸਬੂਤ ਨਹੀਂ ਮਿਲ ਸਕਿਆ ਤਾਂ ਨਾਰਕੋਟਿਕਸ ਬਿਉਰੋ ਨੇ ਇੱਕ ਝੂਠਾ ਕੇਸ ਬਣਾਇਆ ਅਤੇ ਇਸਨੂੰ ਜੇਲ ਭੇਜ ਦਿੱਤਾ।ਮੀਡੀਆ ਨੂੰ ਨਾਰਕੋਟਿਕਸ ਬਿਉਰੋ ਦੀਆਂ ਧਜੀਆਂ ਉਡਾ ਦੇਣੀਆਂ ਚਾਹੀਦੀਆਂ ਹਨ। ਪਰ ਇਹ ਰਿਆ ਅਤੇ ਪੂਰੇ ਬਾਲੀਵੁੱਡ ਨੂੰ ਨਸ਼ੇੜੀ ਸਾਬਤ ਕਰਦੇ ਰਹੇ। ਹੁਣ ਫਿਲਮ ਇੰਡਸਟਰੀ ਨੇ ਹੁਣ ਦੋ ਚੈਨਲਾਂ ਖਿਲਾਫ ਦਿੱਲੀ ਹਾਈ ਕੋਰਟ ਵਿਚ ਕੇਸ ਦਾਇਰ ਕੀਤਾ ਹੈ।

ਸਰਕਾਰੀ ਏਜੰਸੀਆਂ ਦੇ ਸਹਿਯੋਗ ਨਾਲ ਇੱਕ ਨਾਗਰਿਕ ਵਿਰੁੱਧ ਸਾਜਿਸ਼ ਰਚਣ ਦਾ ਅਪਰਾਧ ਵੱਡੇ ਟੀ.ਵੀ.. ਸੰਪਾਦਕਾਂ ਅਤੇ ਐਂਕਰਾਂ ਦੁਆਰਾ ਕੀਤਾ ਗਿਆ ਹੈ। ਇਸ ਲਈ, ਉਨਾਂ ਨੂੰ ਪ੍ਰੈਸ ਦੀ ਆਜ਼ਾਦੀ ਦੀ ਆੜ ਹੇਠ ਨਾ ਤਾਂ ਪਨਾਹ ਮਿਲੀ ਅਤੇ ਨਾ ਹੀ ਹਮਦਰਦੀ।

ਉਹ ਸਮਾਜ, ਲੋਕਤੰਤਰ ਅਤੇ ਦੇਸ਼ ਦੇ ਦੋਸ਼ੀ ਹਨ।ਇਹ ਟੀਆਰਪੀ ਦੇ ਭੂਤ ਹਨ। ਉਹ ਆਮ ਨਾਗਰਿਕਾਂ ਦੇ ਦੁਸ਼ਮਣ ਹਨ। ਟੀਆਰਪੀ ਘੁਟਾਲੇ ਨੇ ਸਾਬਤ ਕਰ ਦਿੱਤਾ ਹੈ ਕਿ ਉਨਾਂ ਦੀ ਕੋਈ ਇੱਜ਼ਤ ਨਹੀਂ ਹੈ.

ਪੁਰਾਣੀ ਕਹਾਵਤ ਹੈ ਕਿ ਜਿਹੜੇ ਇਤਿਹਾਸ ਤੋਂ ਸਬਕ ਨਹੀਂ ਲੈਂਦੇ, ਉਨਾਂ ਨੂੰ ਇਤਿਹਾਸ ਕੂੜੇਦਾਨ ਵਿੱਚ ਸੁੱਟ ਦਿੰਦਾ ਹੈ। ਸੀਰਾ ਪਾ ਮਾਰਾ ਨੂੰ ਲੱਗਿਆ ਕਿ ਉਹ ਆਪਣੇ ਅਖਬਾਰ ਰਾਹੀਂ ਇਨਕਲਾਬ ਦੀ ਸੇਵਾ ਕਰ ਰਿਹਾ ਹੈ।

ਉਹ ਭੁੱਲ ਗਿਆ ਸੀ ਜਦੋਂ ਉਹ ਹਿੰਸਾ ਦੀ ਵਕਾਲਤ ਕਰ ਰਿਹਾ ਸੀ, ਜਦੋਂ ਉਹ ਅਖੌਤੀ ਇਨਕਲਾਬ ਦੇ ਦੁਸ਼ਮਣਾਂ ਨੂੰ ਸ਼ਾਮਲ ਕਰ ਰਿਹਾ ਸੀ ਤੇ ਲੋਕਾਂ ਨੂੰ ਮਾਰਨ ਲਈ ਉਕਸਾ ਰਿਹਾ ਸੀ, ਤਾਂ ਉਹ ਅਸਲ ਵਿੱਚ ਆਪਣੇ ਪਤਨ ਲਈ ਜ਼ਮੀਨ ਤਿਆਰ ਕਰ ਰਿਹਾ ਸੀ।ਇੱਕ ਦਿਨ ਉਸ ਦੁਆਰਾ ਭੜਕੀ ਹਿੰਸਾ ਨੇ ਉਸਦੇ ਵਿਰੁੱਧ ਭੜਾਸ ਕੱਢੀ। ਉਹ ਆਪਣੇ ਹੀ ਘਰ ਵਿੱਚ ਮਾਰਿਆ ਗਿਆ ਸੀ।ਉਸ ਨੂੰ ਸ਼ਾਰਲਾ ਕੋਡੇ ਨਾਮ ਦੀ ਲੜਕੀ ਨੇ ਮਾਰਿਆ ਸੀ।ਕੋਡੇ ਮਰਾ ਦੀ ਹਿੰਸਕ ਪੱਤਰਕਾਰ ਤੋਂ ਤੰਗ ਆ ਚੁੱਕੀ ਸੀ।

## ਸੁਸ਼ਾਂਤ ਮਾਮਲੇ 'ਚ ਝੂਠੀ ਖ਼ਬਰ ਫੈਲਾਉਣ ਵਾਲਾ ਗ੍ਰਿਫ਼ਤਾਰ

**ਨਵੀਂ ਦਿੱਲੀ/ਏ.ਟੀ.ਨਿਊਜ਼:** ਫਿਲਮ ਅਭਿਨੇਤਾ ਸੁਸ਼ਾਂਤ ਸਿੰਘ ਰਾਜਪੂਤ ਮਾਮਲੇ ਵਿਚ ਟਵਿੱਟਰ 'ਤੇ ਝੂਠੀ ਖ਼ਬਰ ਫੈਲਾਉਣ ਦੇ ਮਾਮਲੇ ਵਿਚ ਮੁੰਬਈ ਪੁਲਿਸ ਨੇ ਦਿੱਲੀ ਤੋਂ ਇਕ ਸ਼ਖ਼ਸ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਵਿਭੋਰ ਆਨੰਦ ਨੂੰ ਪੇਸ਼ੇ ਤੋਂ ਵਕੀਲ ਦੱਸਿਆ ਜਾ ਰਿਹਾ ਹੈ। ਮੁੰਬਈ ਪੁਲਿਸ ਮੁਤਾਬਕ ਵਿਭੋਰ ਨੇ ਝੂਠੀ ਖ਼ਬਰ ਫੈਲਾਈ ਸੀ ਕਿ ਪਾਰਟੀ ਵਿਚ ਜਬਰ ਜਨਾਹ ਕਰਨ ਤੋਂ ਬਾਅਦ ਸੁਸ਼ਾਂਤ ਦੀ ਸਾਬਕਾ ਮੈਨੇਜਰ ਦਿਸ਼ਾ ਸਾਲਿਆਨ ਨੂੰ ਅਪਾਰਟਮੈਂਟ ਤੋਂ ਹੇਠਾਂ ਸੁੱਟ ਦਿੱਤਾ ਗਿਆ ਸੀ, ਜਿਸ ਨਾਲ ਉਸ ਦੀ ਮੌਤ ਹੋ ਗਈ ਸੀ।

ਦਿੱਲੀ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵਿਭੋਰ ਆਨੰਦ ਵੱਲੋਂ ਝੂਠੀ ਖ਼ਬਰ ਫੈਲਾਉਣ ਦੇ ਸਬੰਧ ਵਿਚ ਮੁੰਬਈ ਪੁਲਿਸ ਨੇ ਦਿੱਲੀ ਪੁਲਿਸ ਦੀ ਮਦਦ ਨਾਲ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ।

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 13**

- ਕਰਮ ਸਿੰਘ ਜ਼ਖ਼ਮੀ

ਮੁਨੀਮ ਖ਼ਾਨ ਨੇ ਜਦੋਂ ਆਨ ਕੇ ਉਸ ਨੂੰ ਝੁਕ ਕੇ ਸਲਾਮ ਕੀਤਾ ਤਾਂ ਉਸ ਨੇ ਉਸ ਨੂੰ ਖਿੱਲਤ ਤੇ ਇਨਾਮ ਦਿੱਤਾ ਅਤੇ ਇਸ ਦੇ ਨਾਲ ਹੀ ਥਾਪੀ ਦੇਂਦੇ ਹੋਏ ਆਖਿਆ 'ਕਾਫ਼ਰ ਬੰਦੇ ਨੂੰ ਤੁਰੰਤ ਅਸਾਡੇ ਪੇਸ਼ ਕਰੋ।' ਬਾਦਸ਼ਾਹ ਦੀ ਇਹ ਗਲ ਸੁਣ ਕੇ ਮੁਨੀਮ ਖ਼ਾਨ ਦੀ ਖ਼ਾਨਿਓਂ ਗਈ। ਉਹ ਸਿਰ ਤੋਂ ਲੈ ਕੇ ਪੈਰਾਂ ਤੱਕ ਕੰਬ ਉੱਠਿਆ, ਉਹਦੇ ਪਾਸ ਬਾਦਸ਼ਾਹ ਦੇ ਇਸ ਸਵਾਲ ਦਾ ਉੱਕਾ ਹੀ ਕੋਈ ਜਵਾਬ ਨਹੀਂ ਸੀ।

ਬਾਦਸ਼ਾਹ ਨੇ ਕੜੱਕ ਕੇ ਪੁੱਛਿਆ, 'ਮੁਨੀਮ ਖ਼ਾਨ ਬੰਦਾ ਕਿਥੇ ਹੈ, ਉਸ ਨੂੰ ਮੇਰੇ ਪੇਸ਼ ਕਿਉਂ ਨਹੀਂ ਕਰਦਾ ?'

'ਸ਼ਹਿਨਸ਼ਾਹ ਹਜ਼ੂਰ ਬੰਦਾ ਨਾਹਨ ਨੂੰ ਦੌੜ ਗਿਆ ਹੈ, ਸੁਲਤਾਨ ਖ਼ਾਨ ਫ਼ੌਜ ਲੈ ਕੇ ਉਸ ਨੂੰ ਤੇ ਰਾਜਾ ਭੂਪ ਪ੍ਰਕਾਸ਼ ਨੂੰ ਗ੍ਰਿਫ਼ਤਾਰ ਕਰਨ ਲਈ ਗਿਆ ਹੈ। ਕਾਫ਼ਰ ਨੂੰ ਭਜਾਉਣ ਤੇ ਪਨਾਹ ਦੇਣ ਵਾਲਾ ਇਹ ਭੂਪ ਪ੍ਰਕਾਸ਼ ਹੀ ਹੈ।' ਮੁਨੀਮ ਖ਼ਾਨ ਨੇ ਡਰਦੇ ਡਰਦੇ ਕਹਿ ਦਿੱਤਾ। ਸੁਣਨ ਸਾਰ ਬਾਦਸ਼ਾਹ ਗ਼ੁੱਸੇ ਨਾਲ ਲਾਲ ਪੀਲਾ ਹੋ ਗਿਆ। ਉਸ ਨੇ ਕਿਹਾ ਬੇੜਾ ਗ਼ਰਕ ਹੋ ਗਿਆ, ਹੁਣ ਉਹ ਬੰਦਾ ਕਦੇ ਭੀ ਗ੍ਰਿਫ਼ਤਾਰ ਨਹੀਂ ਹੋਵੇਗਾ ਅਤੇ ਸਾਡਾ ਇਹ ਰਾਜ ਭਾਗ ਖੋਹ ਲਵੇਗਾ।

'ਨਹੀਂ ਸ਼ਹਿਨਸ਼ਾਹ ਸਲਾਮਤ, ਹੁਣ ਤਾਂ ਜਿਤਨੇ ਦਿਨ ਕੱਟੇਗਾ, ਚੋਰਾਂ ਵਾਂਗ ਲੁੱਕ ਕੇ ਹੀ ਕੱਟੇਗਾ ਛੇਤੀ ਹੀ ਉਸ ਨੂੰ ਗ੍ਰਿਫ਼ਤਾਰ ਕਰਕੇ ਹਜ਼ੂਰ ਦੇ ਸਾਹਮਣੇ ਪੇਸ਼ ਕਰ ਦਿੱਤਾ ਜਾਵੇਗਾ।' ਡਰਦੇ ਡਰਦੇ ਮਿਰਜ਼ਾ ਖ਼ਾਨ ਨੇ ਆਖਿਆ। ਮੁਨੀਮ ਖ਼ਾਨ ਵਿਚ ਤਾਂ ਹੁਣ ਬੋਲਣ ਦੀ ਉੱਕਾ ਹੀ ਕੋਈ ਹਿੰਮਤ ਨਹੀਂ ਸੀ ਰਹਿ ਗਈ।

'ਬਕਵਾਸ ਨਾ ਕਰੋ, ਮੇਰੀਆਂ ਨਿਗਾਹਾਂ ਤੋਂ ਦੂਰ ਹੋ ਜਾਓ, ਤੁਸੀਂ ਸਾਰੇ ਬੁਜ਼ਦਿਲ ਹੋ, ਕਮੀਨੇ ਹੋ, ਨਮਕ ਹਰਾਮ ਹੋ, ਜੋ ਬੰਦੇ ਨੂੰ ਫੜ ਕੇ ਮੇਰੇ ਸਾਹਮਣੇ ਪੇਸ਼ ਨਹੀਂ ਕਰ ਸਕੇ। ਬਾਬਰ ਦਾ ਕਾਇਮ ਕੀਤਾ ਇਹ ਮੁਗ਼ਲ ਰਾਜ ਹੁਣ ਨਹੀਂ ਬਚੇਗਾ, ਕਦੇ ਨਹੀਂ ਬਚੇਗਾ। ਬਾਦਸ਼ਾਹ ਨੇ ਜ਼ੋਰ ਜ਼ੋਰ ਦੀ ਆਪਣੇ ਸਿਰ ਤੇ ਹੱਥ ਮਾਰਦੇ ਹੋਏ ਕਿਹਾ, ਉਸ ਦੀ ਹਾਲਤ ਇਸ ਸਮੇਂ ਪਾਗਲਾਂ ਜਿਹੀ ਸੀ ਤੇ ਸਿਰ ਪਿੱਟਦਾ ਚੱਲਿਆ ਗਿਆ।

'ਸ਼ਹਿਨਸ਼ਾਹ ਸਲਾਮਤ' ਮਿਰਜ਼ਾ ਖ਼ਾਨ ਨੇ ਬਾਦਸ਼ਾਹ ਦੇ ਹੱਥ ਫੜਦੇ ਹੋਏ ਕਿਹਾ।

ਬਾਦਸ਼ਾਹ ਕੁਝ ਹੋਸ਼ ਵਿਚ ਆਇਆ, ਉਸ ਨੇ ਕਿਹਾ, 'ਮਿਰਜ਼ਾ ਖ਼ਾਨ ਬਕੋ, ਕੀ ਬਕਣਾ ਚਾਹੁੰਦੇ ਹੋ।'

'ਸ਼ਹਿਨਸ਼ਾਹ ਸਲਾਮਤ ਕਾਫ਼ਰਾਂ ਦੇ ਸਿਰਾਂ ਦਾ ਕੀ ਕੀਤਾ ਜਾਵੇ ਇਹ ਜੋ ਲੋਹਗੜ ਦਾ ਕਿਲੇਦਾਰ ਗੁਲਾਬ ਸਿੰਘ ਤੇ ਉਸ ਦੇ ਸਾਥੀ ਗ੍ਰਿਫ਼ਤਾਰ ਕਰਕੇ ਲਿਆਂਦੇ ਹਨ। ਇਹਨਾਂ ਨੂੰ ਕੀ ਸਜ਼ਾ ਦਿੱਤੀ ਜਾਵੇ।'

ਉਨਾਂ ਨੂੰ ਭੀ ਕਤਲ ਕਰਕੇ ਸਿਰਾਂ ਸਮੇਤ ਕੁੱਤਿਆਂ, ਕਾਂਵਾਂ ਤੇ ਗਿਰਝਾਂ ਦੇ ਖਾਣ ਲਈ ਸੁੱਟ ਦਿੱਤਾ ਜਾਵੇ ਅਤੇ ਇਹ ਡੇਰਾ ਚੁੱਕ ਕੇ ਤੁਰੰਤ ਲਾਹੌਰ ਨੂੰ ਕੂਚ ਕੀਤਾ ਜਾਵੇ। ਕਹਿੰਦਾ ਹੋਇਆ ਬਾਦਸ਼ਾਹ ਤੇਜ਼ੀ ਨਾਲ ਆਪਣੇ ਤੰਬੂ ਵਲ ਦੌੜਿਆ ਤੇ ਪਲੰਘ 'ਤੇ ਜਾ ਡਿੱਗਿਆ, ਉਸ ਦੀਆਂ ਅੱਖਾਂ ਇਸ ਸਮੇਂ ਵਹਿ ਰਹੀਆਂ ਸਨ।

ਕਰਤਾਰ ਸਿੰਘ ਤੇ ਤਾਰਾ ਲੋਹਗੜ ਦੇ ਕਿਲੇ ਵਿਚੋਂ ਨਿਕਲ ਕੇ ਨਾਹਨ ਪੁੱਜੇ। ਇਸ ਪਹਾੜੀ ਰਿਆਸਤ ਦਾ ਰਾਜਾ ਭੂਪ ਪ੍ਰਕਾਸ਼, ਸਿੱਖਾਂ ਦਾ ਸ਼ੁਭਚਿੰਤਕ ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਅਤਿ ਦਰਜੇ ਦਾ ਸ਼ਰਧਾਲੂ ਸੀ। ਉਸ ਦਾ ਵਜ਼ੀਰ ਪੰਡਤ ਰਾਮ ਦਿਆਲ ਭੀ ਬੜਾ ਨੇਕ ਪੁਰਸ਼ ਸੀ। ਸਭ ਤੋਂ ਪਹਿਲਾਂ, ਉਹ ਉਸ ਨੂੰ ਹੀ ਸਿੱਧੇ ਰਾਜ ਦਰਬਾਰ ਜਾ ਕੇ ਮਿਲੇ। ਉਸਨੇ ਉਹਨਾਂ ਦੀ ਗੱਲ ਸੁਣ ਕੇ ਉਨਾਂ ਦਾ ਬੜਾ ਆਦਰ ਮਾਣ ਕੀਤਾ। ਉਨਾਂ ਨੂੰ ਦੱਸਿਆ ਗਿਆ ਕਿ ਰਾਜਾ ਭੂਪ ਪ੍ਰਕਾਸ਼ ਸ਼ਿਕਾਰ ਨੂੰ ਗਏ ਹੋਏ ਹਨ ਤੇ ਕੱਲ ਵਾਪਸ ਮੁੜਨਗੇ। ਉਸ ਨੇ ਇਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਸਰਕਾਰੀ ਮਹਿਮਾਨ ਖ਼ਾਨੇ ਵਿਚ ਕਰ ਦਿੱਤਾ ਤੇ ਉਸ ਦੇ ਮੁੱਖ ਪ੍ਰਬੰਧਕ ਨੂੰ ਹਦਾਇਤ ਕੀਤੀ ਕਿ ਇਹ ਸ਼ਾਹੀ ਮਹਿਮਾਨ ਹਨ। ਇਹਨਾਂ ਦੀ ਸੇਵਾ ਵਿਚ ਕੋਈ ਕਸਰ ਨਹੀਂ ਰਹਿਣੀ ਚਾਹੀਦੀ। ਵਜ਼ੀਰ ਨੂੰ ਸਿੱਖਾਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਲੜੀ ਜਾ ਰਹੀ ਲੜਾਈ ਨਾਲ ਬਹੁਤ ਦਿਲਚਸਪੀ ਤੇ ਹਮਦਰਦੀ ਸੀ। ਉਸ ਨੇ ਪੁੱਛਿਆ, 'ਸਰਦਾਰ ਜੀ ! ਇਸ ਸਮੇਂ ਕੀ ਹੋ ਰਿਹਾ ਹੈ ?'




'ਹਾਲਾਤ ਕੋਈ ਚੰਗੇ ਨਹੀਂ ਹਨ ਵਜ਼ੀਰ ਸਾਹਿਬ ! ਸਢੋਰੇ ਤੇ ਸਰਹੰਦ ਦੀਆਂ ਲੜਾਈਆਂ ਅਸੀਂ ਹਾਰ ਚੁੱਕੇ ਹਾਂ। ਲੋਹਗੜ ਦੀ ਲੜਾਈ ਸ਼ੁਰੂ ਹੈ, ਵੇਖੀਏ ! ਵਾਹਿਗੁਰੂ ਦੀ ਕੀ ਰਜਾ ਹੈ।' ਕਰਤਾਰ ਸਿੰਘ ਨੇ ਦੱਸਿਆ।

'ਬਾਬਾ ਬੰਦਾ ਸਿੰਘ ਬਹਾਦਰ ਲੋਹਗੜ ਵਿਚ ਹੀ ਹਨ ਨਾ ?'

'ਜੀ ! ਤਾਰਾ ਨੇ ਵਜ਼ੀਰ ਦੇ ਉਕਤ ਪ੍ਰਸ਼ਨ ਦਾ ਉਤਰ ਦਿੱਤਾ।

'ਉਹ ਗੁਰੂ ਦੇ ਸ਼ੇਰ ਹਨ, ਉਨਾਂ ਦੀ ਜ਼ਿੰਦਗੀ ਰਹੀ ਤਾਂ ਹਾਰੀ ਹੋਈ ਬਾਜ਼ੀ ਭੀ ਦਿੱਤੀ ਜਾਵੇਗੀ। ਉਨਾਂ ਨੂੰ ਉਸ ਕਿਲੇ ਵਿਚੋਂ ਨਿਕਲ ਆਉਣਾ ਚਾਹੀਦਾ ਹੈ।' ਪੰਡਤ ਰਾਮ ਦਿਆਲ ਨੇ ਆਪਣਾ ਖ਼ਿਆਲ ਦੱਸਿਆ।

'ਨਿਕਲ ਕੇ ਜਾਣ ਕਿਥੇ ?' ਤਾਰਾ ਨੇ ਪੁੱਛਿਆ। ਉਹ ਇਸ ਸਮੇਂ ਬੜੀ ਹੀ ਸੰਜੀਦਾ ਸੀ।

'ਪੁੱਤਰੀ, ਉਨਾਂ ਨੂੰ ਕਿਤੇ ਵੀ ਜਾਣ ਤੋਂ ਕੌਣ ਰੋਕ ਸਕਦਾ ਹੈ। ਸਾਡੀ ਰਿਆਸਤ ਤਾਂ ਉਨਾਂ ਦਾ ਆਪਣਾ ਘਰ ਹੈ, ਉਸ ਤਰਾਂ ਇਹ ਸਾਰੀਆਂ ਪਹਾੜੀ ਰਿਆਸਤਾਂ ਦੇ ਰਾਜੇ ਤੇ ਲੋਕ ਉਨਾਂ ਦਾ ਆਦਰ ਕਰਦੇ ਹਨ ਤੇ ਉਨਾਂ ਦਾ ਸਵਾਗਤ ਕਰਨਗੇ।' ਵਜ਼ੀਰ ਨੇ ਦੱਸਿਆ।

ਉਤਰ ਵਿਚ ਕਰਤਾਰ ਸਿੰਘ ਨੇ ਇਕ ਠੰਢਾ ਤੇ ਲੰਮਾ ਹਉਕਾ ਲਿਆ, ਪਰੰਤੂ ਉਸ ਦੇ ਮੂੰਹ ਵਿਚੋਂ ਕੋਈ ਭੀ ਗਲ ਨਹੀਂ ਨਿਕਲ ਸਕੀ।

'ਕੀ ਗਲ ਏ ਪੁੱਤਰਾ ?' ਵਜ਼ੀਰ ਨੇ ਪੁੱਛਿਆ।

'ਪਿਤਾ ਜੀ, ਮੈਂ ਸੋਚਦਾ ਹਾਂ ਕਿ ਜੇਕਰ ਇਹਨਾਂ ਰਿਆਸਤਾਂ ਦੇ ਰਾਜੇ ਕਲਗ਼ੀਆਂ ਵਾਲੇ ਸਤਿਗੁਰੂ ਨਾਲ ਵੈਰ ਨਾ ਕਮਾਉਂਦੇ ਤੇ ਆਜ਼ਾਦੀ ਦੀ ਜੰਗ ਉਨਾਂ ਦੀ ਅਗਵਾਈ ਹੇਠਾਂ ਇਕੱਠੇ ਹੋ ਕੇ ਲੜਦੇ ਤਾਂ ਇਹ ਦੇਸ਼ ਇਸ ਮਲੇਛ ਸ਼ਾਹੀ ਤੋਂ ਕਦੋਂ ਦਾ ਆਜ਼ਾਦ ਹੋ ਚੁੱਕਿਆ ਹੁੰਦਾ।' ਕਰਤਾਰ ਸਿੰਘ ਨੇ ਆਖਿਆ।

'ਠੀਕ ਗਲ ਹੈ ਪੁੱਤਰਾ ਤੂੰ ਨਾਹਨ ਦਾ ਰਾਜ ਘਰਾਨਾ ਤਾਂ ਉਸ ਸਮੇਂ ਭੀ ਉਨਾਂ ਦਾ ਸੇਵਕ ਸੀ ਤੇ ਅੱਜ ਭੀ ਹੈ। ਸੱਚ ਪੁੱਛੋ; ਤਾਂ ਬਿਲਾਸਪੁਰ ਦੇ ਰਾਜੇ ਭੀਮ ਚੰਦ ਤੋਂ ਬਿਨਾਂ ਇਸ ਸਮੇਂ ਇਹਨਾਂ ਰਿਆਸਤਾਂ ਵਿਚੋਂ ਕੋਈ ਭੀ ਰਾਜਾ ਸਿੱਖਾਂ ਦੇ ਵਿਰੁੱਧ ਨਹੀਂ ਹੈ। ਮੈਂ ਤਾਂ ਸਾਰੀਆਂ ਰਿਆਸਤਾਂ ਵਿਚ ਆਉਂਦਾ ਜਾਂਦਾ ਰਹਿੰਦਾ ਹਾਂ, ਸਾਰੇ ਤਨ ਮਨ ਤੇ ਧਨ ਨਾਲ ਸਿੱਖਾਂ ਦੀ ਸਹਾਇਤਾ ਕਰਨਾ ਚਾਹੁੰਦੇ ਹਨ। ਇਸ ਲਈ ਤਾਂ ਮੈਂ ਕਹਿੰਦਾ ਹਾਂ। ਕਿ ਜੇਕਰ ਬਾਬਾ ਜੀ ਮੁਗ਼ਲਾਂ ਦੀਆਂ ਅੱਖਾਂ ਵਿਚ ਘਟਾ ਪਾ ਕੇ ਇਹਨਾਂ ਪਹਾੜੀਆਂ ਵਿਚ ਨਿਕਲ ਆਉਣ ਤਾਂ ਮੁੜ ਮੁਗ਼ਲ ਰਾਜ ਦਾ ਖ਼ਾਤਮਾ ਕਰਨ ਲਈ ਸਮਰੱਥ ਹੋ ਜਾਣਗੇ।' ਵਜ਼ੀਰ ਕਹਿੰਦਾ ਗਿਆ, 'ਇਸ ਬਜ਼ੁਰਗ ਦੀ ਉਮਰ ਇਸ ਸਮੇਂ ਸੱਤਾਂ ਤੋਂ ਟੱਪੀ ਹੋਈ ਸੀ ਤੇ ਉਸ ਦੇ ਮੂੰਹ ਤੇ ਚਿੱਟੀ ਦੁਧ ਦਾਹੜੀ ਬੜੀ ਹੀ ਸੋਹਣੀ ਲਗ ਰਹੀ ਸੀ। 'ਵੇਖੋ ਕੀ ਹੁੰਦਾ ਹੈ ਉੱਥੇ ਸਰਦਾਰਾਂ ਵਿਚ ਇਸ ਗਲ ਦੀ ਚਰਚਾ ਤਾਂ ਹੋ ਰਹੀ ਸੀ ਕਿ ਬਾਬਾ ਜੀ ਨੂੰ ਕਿਲੇ ਤੋਂ ਬਾਹਰ ਭੇਜ ਦੇਈਏ, ਅੱਗੋਂ ਜੋ ਵਾਹਿਗੁਰੂ ਨੂੰ ਮਨਜ਼ੂਰ।' ਕਰਤਾਰ ਸਿੰਘ ਨੇ ਦੱਸਿਆ।

'ਰਾਮ ਭਲੀ ਕਰੇਗਾ।' ਪੰਡਤ ਰਾਮ ਦਿਆਲ ਆਪਣੀ ਸ਼ੁੱਭ ਕਾਮਨਾ ਪ੍ਰਗਟ ਕਰ ਰਿਹਾ ਸੀ।

'ਪਿਤਾ ਜੀ ! ਅਸੀਂ ਇਹਨਾਂ ਰਾਜਿਆਂ ਵਿਚ ਬਾਬਾ ਜੀ ਦੀਆਂ ਚਿੱਠੀਆਂ ਵੰਡਣੀਆਂ ਹਨ।' ਤਾਰਾ ਨੇ ਕਿਹਾ।

'ਚਿੱਠੀਆਂ ਤਾਂ ਅਸੀਂ ਹਲਕਾਰਿਆਂ ਹੱਥ ਭੀ ਭੇਜ ਸਕਦੇ ਹਾਂ। ਰਾਜਾ ਸਾਹਿਬ ਨੂੰ ਆਉਣ ਦਿਓ। ਹੋ ਸਕਦਾ ਹੈ ਕਿ ਉਹ ਤੁਹਾਡਾ ਜਾਣਾ ਹੀ ਠੀਕ ਸਮਝਣ। ਉਸ ਹਾਲਤ ਵਿਚ ਰਸਤਿਆਂ ਦੇ ਭੇਤੀ ਕੁਝ ਆਦਮੀ ਅਸੀਂ ਤੁਹਾਡੇ ਨਾਲ ਕਰ ਦਿਆਂਗੇ।' ਵਜ਼ੀਰ ਨੇ ਕਿਹਾ ਤੇ ਉਨਾਂ ਛੁੱਟੀ ਲੈ ਕੇ ਰਾਜ ਦਰਬਾਰ ਚੱਲਿਆ ਗਿਆ, ਕਿਤਨੇ ! ਹੀ ਕੰਮ ਉਸ ਦੇ ਕਰਨ ਵਾਲੇ ਬਾਕੀ ਪਏ ਸਨ।

ਉਸਦੇ ਜਾਣ ਪਿੱਛੋਂ ਕਰਤਾਰ ਸਿੰਘ ਤੇ ਤਾਰਾ ਆਪਸ ਵਿਚ ਗੱਲਾਂ ਕਰਨ ਲਗ ਪਏ ਤੇ ਦੇਰ ਤਕ ਕਰਦੇ ਰਹੇ। ਆਪਣੇ ਪਿਆਰ ਦੇ ਮੁੱਢ ਤੋਂ ਲੈ ਕੇ ਹੁਣ ਤਕ ਦੀਆਂ ਗੱਲਾਂ, ਦਿੱਲੀ ਦੀਆਂ ਗੱਲਾਂ, ਜੈਪੁਰ ਦੀਆਂ ਗੱਲਾਂ, ਸਢੋਰੇ ਦੀਆਂ ਗੱਲਾਂ, ਅੰਬਾਲੇ ਦੀਆਂ ਗੱਲਾਂ, ਸਰਹੰਦ ਦੀਆਂ ਗੱਲਾਂ ਅਤੇ ਆਖਰ ਵਿਚ ਲੋਹਗੜ ਤੇ ਨਾਹਨ ਦੀਆਂ ਗੱਲਾਂ।

ਇਹ ਸਰਕਾਰੀ ਮਹਿਮਾਨ ਖਾਨਾ ਬੜਾ ਖੁੱਲਾ ਸੀ। ਇੱਕ ਕਤਾਰ ਵਿਚ ਕੋਈ ਦਸ ਕਮਰੇ ਸਨ। ਇਹਨਾਂ ਦਸਾਂ ਹੀ ਕਮਰਿਆਂ ਦੇ ਅੱਗੇ ਵੱਖਰਾ ਵੱਖਰਾ ਬਾਂਡਾ ਸੀ। ਉਹਨਾਂ ਦੇ ਸਾਹਮਣੇ ਰਸੋਈ ਘਰ ਸੀ।

ਅੰਨ ਦਾਣਾ ਰੱਖਣ ਦਾ ਸਟੋਰ ਸੀ। ਬਿਸਤਰਿਆਂ ਦਾ ਸਟੋਰ ਵੱਖਰਾ ਸੀ ਤੇ ਨਾਲ ਹੀ ਮੁੱਖ ਪ੍ਰਬੰਧਕ ਦਾ ਇਕ ਛੋਟਾ ਜਿਹਾ ਦਫ਼ਤਰ ਭੀ ਸੀ। ਇਸ ਮੁੱਖ ਪ੍ਰਬੰਧਕ ਦਾ ਨਾਮ ਅਮਰ ਨਾਥ ਸੀ। ਉਸਦਾ ਦਫ਼ਤਰ ਉਸ ਕਮਰੇ ਦੇ ਸਾਹਮਣੇ ਹੀ ਸੀ ਕਿ ਜੋ ਕਰਤਾਰ ਸਿੰਘ ਤੇ ਤਾਰਾ ਨੂੰ ਮਿਲਿਆ। ਦਫ਼ਤਰ ਵਿਚ ਇਕ ਵੱਡੀ ਦਰੀ ਵਿਛੀ ਹੋਈ ਸੀ। ਦਰੀ ਦੇ ਇਕ ਪਾਸੇ ਦਰਵਾਜ਼ੇ ਦੇ ਨਾਲ ਲਗਦਾ ਇਕ ਡੈਕਸ ਪਿਆ ਸੀ।

ਡੈਕਸ ਦੇ ਪਾਸ ਕੰਧ ਤਕ ਇਕ ਛੋਟਾ ਜਿਹਾ ਗਦੇਲਾ ਲੱਗਿਆ ਸੀ। ਜਿਸ ਤੇ ਬੈਠਾ ਅਮਰ ਨਾਥ ਸਾਰਾ ਦਿਨ ਆਪਣੇ ਕੰਮ ਵਿਚ ਗਵਾਚਿਆ ਰਹਿੰਦਾ ਸੀ। ਉਸ ਦੇ ਜ਼ੁੰਮੇ ਲਗਪਗ ਸਾਰਾ ਹੀ ਕੰਮ ਸੀ। ਲੰਗਰ ਲਈ ਸਾਮਾਨ ਖ਼ਰੀਦਣਾ, ਉਸ ਦਾ ਹਿਸਾਬ ਰੱਖਣਾ, ਆਏ ਮਹਿਮਾਨਾਂ ਨਾਲ ਜਾਣ ਪਛਾਣ ਰੱਖਣੀ, ਉਨਾਂ ਦੇ ਪਤੇ ਨੋਟ ਕਰਕੇ ਰੱਖਣੇ ਅਤੇ ਇਸ ਦੇ ਨਾਲ ਹੀ ਇਸ ਗਲ ਦਾ ਪ੍ਰਬੰਧ ਕਰਨਾ ਕਿ ਜਿਸ ਕੰਮ ਲਈ ਉਹ ਆਏ ਹਨ, ਉਹ ਛੇਤੀ ਹੋ ਜਾਵੇ ਤੇ ਉਨਾਂ ਨੂੰ ਕੋਈ ਕਿਸੇ ਤਰਾਂ ਦੀ ਤਕਲੀਫ਼ ਨਾ ਹੋਵੇ। ਹਰ ਮਹਿਮਾਨ ਦੇ ਜਾਣ ਪਿੱਛੋਂ ਉਹ ਉਸ ਦੇ ਕਮਰੇ ਦੀ ਸਫ਼ਾਈ ਕਰਵਾਉਂਦਾ ਅਤੇ ਉਸਦੇ ਬਿਸਤਰੇ ਬਦਲਵਾਉਂਦਾ ਸੀ।

ਵਜ਼ੀਰ ਦੇ ਚਲੇ ਜਾਣ ਤੋਂ ਕੁਝ ਸਮਾਂ ਪਿੱਛੋਂ ਇਹ ਅਧਖੜ ਉਮਰ ਦਾ ਪਹਾੜੀਆ ਅਮਰ ਨਾਥ ਉਨਾਂ ਦੇ ਕਮਰੇ ਵਿਚ ਆਇਆ, ਉਸਨੇ ਬੜੀ ਨਿਮਰਤਾ ਨਾਲ ਉਨਾਂ ਦੇ ਨਾਮ ਪੁੱਛੇ, ਉਨਾਂ ਦੇ ਪਤੇ ਪੁੱਛੇ, 'ਤੇ ਉਨਾਂ ਦਾ ਕੰਮ ਪੁੱਛਿਆ। ਜਦ ਕਰਤਾਰ ਸਿੰਘ ਨੇ ਇਸਦੇ ਉਤਰ ਵਿਚ ਇਹ ਕਿਹਾ ਕਿ ਇਸ ਸਭ ਕਾਸੇ ਵਿਚੋਂ ਉਹ ਕੁਝ ਵੀ ਨਹੀਂ ਦਸ ਸਕਦੇ, ਬੱਸ ! ਇਤਨਾ ਹੀ ਸਮਝ ਲਵੋ ਕਿ ਰਾਜਾ ਸਾਹਿਬ ਲਈ ਉਚੇਚਾ ਸੁਨੇਹਾ ਲੈ ਕੇ ਆਏ ਹਨ ਤੇ ਇਹ ਸੁਨੇਹਾ ਦੇ ਕੇ ਤੇ ਉਨਾਂ ਦਾ ਉਤਰ ਲੈ ਕੇ ਚਲੇ ਜਾਣਗੇ। ਉਨਾਂ ਦੀ ਇਹ ਗੱਲ ਸੁਣ ਕੇ ਅਮਰ ਨਾਥ ਹੱਸ ਪਿਆ।

ਉਸਦੇ ਜ਼ਿਹਨ ਵਿਚ ਇਹ ਗਲ ਸਾਫ਼ ਹੋ ਗਈ ਸੀ ਕਿ ਇਹ ਸਿੱਖ ਹਨ। ਰਾਜ ਦਰਬਾਰ ਵੱਲੋਂ ਭੀ ਉਸਨੂੰ ਹਦਾਇਤ ਸੀ ਕਿ ਸਿੱਖ ਮਹਿਮਾਨਾਂ ਤੋ ਕਦੇ ਵੀ ਪੁਛ ਪੜਤਾਲ ਨਾ ਕੀਤੀ ਜਾਵੇ। ਰੋਜ਼ ਹੀ ਕੋਈ ਨਾ ਕੋਈ ਸਿੱਖ ਇਸ ਮਹਿਮਾਨ ਖਾਨੇ ਵਿਚ ਆਇਆ ਹੀ ਰਹਿੰਦਾ ਸੀ ਤੇ ਅਮਰ ਨਾਥ ਵੇਖਦਾ ਰਹਿੰਦਾ ਸੀ ਕਿ ਰਾਜਾ ਸਾਹਿਬ ਤੇ ਵਜ਼ੀਰ ਸਾਹਿਬ ਹਰ ਸਿੱਖ ਮਹਿਮਾਨ ਨਾਲ ਦੇਰ ਤਕ ਗੱਲਾਂ ਕਰਦੇ ਰਹਿੰਦੇ ਸਨ। ਇਸ ਲਈ ਹੋਰ ਪਰਾਹੁਣਿਆਂ ਤੇ ਸਿੱਖ ਮਹਿਮਾਨਾਂ ਦਾ ਉਹ ਵਧੇਰੇ ਆਦਰ ਮਾਣ ਕਰਦਾ ਸੀ।

'ਹੱਛਾ ! ਤੁਸੀਂ ਇਹ ਹੁਕਮ ਦਿਓ ਕਿ ਹੁਣ ਕੀ ਖਾਓਗੇ ਤੇ ਰਾਤ ਨੂੰ ਤੁਹਾਡੇ ਲਈ ਕੀ ਕੁਝ ਤਿਆਰ ਕਰਵਾਇਆ ਜਾਵੇ ?' ਉਸ ਨੇ ਨਿਮਰਤਾ ਸਹਿਤ ਪੁੱਛਿਆ।

'ਅਸਾਡੇ ਲਈ ਕਿਸੇ ਉਚੇਚ ਦੀ ਲੋੜ ਨਹੀਂ ਜੋ ਕੁਝ ਲੰਗਰ ਵਿਚ ਬਣੇਗਾ। ਅਸੀਂ ਉਹੋ ਕੁਝ ਖਾ ਲਵਾਂਗੇ।' ਕਰਤਾਰ ਸਿੰਘ ਨੇ ਉਤਰ ਦਿੱਤਾ।

'ਮੈਂ ਤੁਹਾਡੇ ਲਈ ਦੁੱਧ ਭੇਜਦਾ ਹਾਂ, ਤੁਸੀਂ ਪੀਓ ਤੇ ਆਖ਼ਰੀ ਕਮਰੇ ਵਿਚ ਗ਼ੁਸਲਖ਼ਾਨਾ ਹੈ, ਉਸ ਵਿਚ ਜਾ ਕੇ ਇਸ਼ਨਾਨ ਕਰਕੇ ਕੱਪੜੇ ਬਦਲ ਲਓ। ਮੈਂ ਰਤਾ ਹਕੀਮ ਵਲ ਜਾ ਰਿਹਾ ਹਾਂ ਖਾਣਾ ਤੁਹਾਨੂੰ ਉੱਥੋਂ ਵਾਪਸ ਆ ਕੇ ਆਪ ਖਵਾਵਾਂਗਾ।' ਅਮਰ ਨਾਥ ਨੇ ਕਿਹਾ ?

(ਚਲਦਾ...)

## ਬਿਪਰਨ ਮਾਰੂਥਲ ਵਿਚ...

'ਹਰਸਿਮਰਤ ਬਾਦਲ, ਜੋ ਉਸ ਵੇਲੇ ਦੇ ਕੇਂਦਰੀ ਕੈਬਨਿਟ ਮੰਤਰੀ ਸਨ, ਨੇ ਵੀ ਬਿਲਾਂ ਨੂੰ ਦੇਸ ਲਈ ਪ੍ਰਾਪਤੀ ਦੱਸਿਆ। ਇਸ ਤੋਂ ਸਾਫ ਜਾਹਿਰ ਹੈ ਕਿ ਬਾਦਲ ਕੇ ਰਾਜਨੀਤਕ ਤੌਰ ਤੇ ਪਖੰਡੀ ਨਿਕਲੇ ਜਿਨਾਂ ਦੀਆਂ ਨੀਤੀਆਂ ਕਾਰਣ ਪੰਜਾਬ ਤੇ ਪੰਥ ਦੀ ਰਾਜਨੀਤਕ ਜ਼ਮੀਨ ਉਹਨਾਂ ਦੇ ਪੈਰਾਂ ਹੇਠੋਂ ਨਿਕਲ ਗਈ। ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਕਾਲੀ ਦਲ ਦੇ ਸਫਾਏ ਦਾ ਕਾਰਣ ਪੰਜਾਬ ਵਿਚ ਤਕਰੀਬਨ ਚਾਰ ਦਹਾਕਿਆਂ ਤੋਂ ਬਾਅਦ 2015 ਵਿਚ ਜ਼ਬਰਦਸਤ ਸ਼ਾਂਤਮਈ ਸਿੱਖ ਸੰਘਰਸ਼ ਚਲਿਆ ਸੀ ਜਦੋਂ ਸੰਗਤ ਬਰਗਾੜੀ ਵਿਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਤੋਂ ਬਾਅਦ ਪੁਲੀਸ ਵੱਲੋਂ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਚਲਾਈ ਗੋਲੀ ਕਾਰਨ ਦੋ ਸਿੱਖ ਨੌਜਵਾਨਾਂ ਦੀ ਹੋਈ ਸ਼ਹਾਦਤ ਵਿਰੁੱਧ ਸੜਕਾਂ ਉੱਤੇ ਉਤਰ ਆਈ। ਉਸ ਵੇਲੇ ਸੂਬੇ ਵਿਚ ਅਕਾਲੀ-ਭਾਜਪਾ ਸਰਕਾਰ ਸੀ ਜਿਸ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦਾ ਪੁੱਤਰ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਸੀ। ਇਸੇ ਅੰਦੋਲਨ ਕਾਰਨ ਸ਼੍ਰੋਮਣੀ ਅਕਾਲੀ ਦਲ 2017 ਦੀ ਵਿਧਾਨ ਸਭਾ ਚੋਣ ਵਿਚ ਤੀਜੇ ਸਥਾਨ ਉੱਤੇ ਲੁੜਕ ਗਿਆ ਸੀ।

ਵਿਧਾਨ ਸਭਾ ਅਤੇ ਸੰਸਦ ਵਿਚ ਅਕਾਲੀ ਦਲ ਦੀ ਬਹੁਤ ਘੱਟ ਮੌਜੂਦਗੀ ਹੈ।2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਉਸ ਨੇ 117 ਵਿਚੋਂ ਸਿਰਫ 15 ਸੀਟਾਂ ਜਿੱਤੀਆਂ ਸਨ ਅਤੇ ਸੰਸਦ ਵਿਚ ਪੰਜ ਸੀਟਾਂ ਜਿੱਤੀਆਂ ਸਨ।ਸਾਲ 2019 ਦੀਆਂ ਆਮ ਚੋਣਾਂ ਵਿਚ ਭਾਜਪਾ ਨੇ 303 ਸੀਟਾਂ ਜਿੱਤੀਆਂ ਸਨ।ਪੰਜਾਬ ਵਿਚ ਕਾਂਗਰਸ ਨੂੰ 41 ਪ੍ਰਤੀਸ਼ਤ ਵੋਟਾਂ ਮਿਲੀਆਂ ਅਤੇ ਅਕਾਲੀ ਦਲ ਨੂੰ ਸਿਰਫ 28 ਪ੍ਰਤੀਸ਼ਤ ਵੋਟਾਂ ਮਿਲੀਆਂ। ਇਸ ਤੋਂ ਬਾਅਦ, ਅਕਾਲੀ ਦਲ ਅਤੇ ਭਾਜਪਾ ਕ੍ਰਮਵਾਰ ਅਕਤੂਬਰ 2019 ਅਤੇ ਫਰਵਰੀ 2020 ਵਿਚ ਹਰਿਆਣਾ ਅਤੇ ਦਿੱਲੀ ਦੀਆਂ ਰਾਜ ਚੋਣਾਂ ਲਈ ਸੀਟ ਦੀ ਵੰਡ 'ਤੇ ਸਹਿਮਤ ਨਹੀਂ ਹੋ ਸਕੇ।ਫਿਰ ਵੀ, ਭਾਜਪਾ ਹਰਿਆਣਾ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਰਹੀ।

ਖੇਤੀਬਾੜੀ ਆਰਡੀਨੈਂਸ ਤੇ ਬਾਦਲ ਦਲ

ਅਕਾਲੀ ਦਲ ਨੇ ਸ਼ੁਰੂ ਵਿਚ ਖੇਤੀਬਾੜੀ ਆਰਡੀਨੈਂਸਾਂ ਦਾ ਸਮਰਥਨ ਕੀਤਾ ਸੀ। 26 ਅਗਸਤ ਨੂੰ , ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਸੁਖਬੀਰ ਨੂੰ ਲਿਖਿਆ ਕਿ ਆਰਡੀਨੈਂਸਾਂ 'ਕਿਸਾਨੀ ਭਾਈਚਾਰੇ ਦੇ ਸਰਬੋਤਮ ਹਿੱਤਾਂ ਦੀ ਰਾਖੀ' ਕਰਨ ਲਈ ਸਨ। ਇਸ ਤੋਂ ਤੁਰੰਤ ਬਾਅਦ, ਸੁਖਬੀਰ ਨੇ ਵਰਚੁਅਲ ਪ੍ਰੈਸ ਕਾਨਫਰੰਸ ਵਿੱਚ ਤੋਮਰ ਦੇ ਬਿਆਨ ਨੂੰ ਦੁਹਰਾਇਆ ਅਤੇ ਆਰਡੀਨੈਂਸਾਂ ਦਾ ਬਚਾਅ ਕਰਦਿਆਂ ਕਿਹਾ ਕਿ ਉਹ ਕਿਸਾਨਾਂ ਦੇ ਹਿੱਤ ਵਿੱਚ ਹਨ। ਹੁਣ ਕਹਿ ਰਹੇ ਹਨ ਕਿ ਅਸੀਂ ਕਿਸਾਨਾਂ ਦੇ ਹੱਕ ਵਿਚ ਕੇਂਦਰ ਦੇ ਬਿਲਾਂ ਵਿਰੋਧੀ ਹਾਂ।

ਖੇਤੀ ਕਾਨੂੰਨਾਂ ਦਾ ਵਿਰੋਧ ਕਰਦਿਆਂ ਵੀ ਬਾਦਲ ਦਲ ਦਾ ਮੁੱਖ ਮੁੱਦਾ ਇਹ ਰਿਹਾ ਕਿ ਮੋਦੀ ਸਰਕਾਰ ਨੇ ਇਸ ਪਾਰਟੀ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਪਰ ਉਹ ਹੁਣ ਤੱਕ ਰਾਜਾਂ ਦੀ ਖੁਦਮੁਖਤਿਆਰੀ ਦਾ ਮਸਲਾ ਨਹੀਂ ਉਠਾ ਸਕੇ ਕਿ ਇਹ ਰਾਜਾਂ ਦੇ ਅਧਿਕਾਰਾਂ ਉਪਰ ਹਮਲਾ ਹੈ। ਖੇਤੀ ਰਾਜਾਂ ਦਾ ਮਾਮਲਾ ਹੈ ਪਰ ਨਵੇਂ ਬਣੇ ਕਾਨੂੰਨ ਨੇ ਰਾਜਾਂ ਦੇ ਅਧਿਕਾਰਾਂ ਉਪਰ ਹਮਲਾ ਹੈ। ਪਰ ਅਸਲ ਗਲ ਇਹ ਹੈ ਕਿ ਸ੍ਰੋਮਣੀ ਅਕਾਲੀ ਦਲ ਅਨੰਦਪੁਰ ਮਤੇ , ਰਾਜਾਂ ਦੀ ਖੁਦਮੁਖਤਿਆਰੀ ਤੋਂ ਭਗੌੜਾ ਹੈ।

ਇਸ ਬਾਰੇ ਬਾਦਲ ਦਲ ਸੁੱਚੇ ਮੂੰਹ ਰਿਹਾ ਹੈ ਤੇ ਕਦੇ ਕੋਈ ਆਵਾਜ਼ ਹੀ ਨਹੀਂ ਉਠਾਈ। ਇਸ ਦੌਰਾਨ ਬਿੱਲਾਂ ਵਿਰੁੱਧ ਕਿਸਾਨਾਂ ਵਲੋਂ ਸਖ਼ਤ ਵਿਰੋਧ ਜਾਰੀ ਹੈ ਅਤੇ ਨੀਤੀ ਵਿੱਚ ਤਬਦੀਲੀ ਦਾ ਵਿਰੋਧ ਨਾ ਕਰਨ ਲਈ ਅਕਾਲੀ ਦਲ ਦੀ ਅਲੋਚਨਾ ਕੀਤੀ ਗਈ। ਹਰਸਿਮਰਤ ਕੌਰ ਬਾਦਲ ਨੇ ਖੇਤੀਬਾੜੀ ਬਿੱਲਾਂ ਦੇ ਵਿਰੋਧ ਵਿੱਚ 17 ਸਤੰਬਰ 2020 ਨੂੰ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਸੀ। ਦਿ ਟ੍ਰਿਬਿਊਨ ਵਿੱਚ 23 ਸਤੰਬਰ ਨੂੰ ਪ੍ਰਕਾਸ਼ਤ ਇੱਕ ਰਿਪੋਰਟ ਦੇ ਅਨੁਸਾਰ, ਬਾਅਦ ਵਿੱਚ ਭਾਜਪਾ ਨੇਤਾ ਮਦਨ ਮੋਹਨ ਮਿੱਤਲ ਨੇ ਅਕਾਲੀ ਦਲ ਨੂੰ ਐਨਡੀਏ ਵਿੱਚੋਂ ਕੱਢ ਦਿਤਾ ।2022 ਦੀਆਂ ਰਾਜ ਚੋਣਾਂ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ ਕਿ ਜੇਕਰ ਅਕਾਲੀ ਦਲ 94 ਸੀਟਾਂ 'ਤੇ ਚੋਣ ਲੜਦਾ ਹੈ ਤਾਂ ਉਹ ਬਹੁਮਤ ਪ੍ਰਾਪਤ ਨਹੀਂ ਕਰ ਸਕਦੇ ਅਤੇ ਇਸ ਲਈ ਭਾਜਪਾ 59 ਸੀਟਾਂ 'ਤੇ ਚੋਣ ਲੜੇਗੀ।ਪਾਰਟੀਆਂ ਨੇ ਸਾਲ 2017 ਦੀਆਂ ਰਾਜ ਚੋਣਾਂ ਲਈ ਗੱਠਜੋੜ ਬਣਾਇਆ ਸੀ, ਜਿਸ ਵਿੱਚ ਭਾਜਪਾ ਨੇ ਕੁੱਲ 117 ਵਿੱਚੋਂ 23 ਸੀਟਾਂ ਲੜੀਆਂ ਸਨ।

ਐਨਡੀਏ ਛੱਡਣ ਦੇ ਅਕਾਲੀ ਦਲ ਦੇ ਫੈਸਲੇ ਦੀ ਟਵੀਟ ਕਰਨ ਤੋਂ ਤਿੰਨ ਦਿਨ ਬਾਅਦ ਸੁਖਬੀਰ ਨੇ ਗੱਲਬਾਤ ਵਿੱਚ ਕਿਹਾ 1996 ਵਿੱਚ ਭਾਜਪਾ ਨਾਲ ਅਕਾਲੀ ਦਲ ਨੇ ਗਠਜੋੜ ਨੂੰ ਸ਼ਾਂਤੀ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਬਣਾਇਆ ਸੀ।

ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਅਕਾਲੀ ਦਲ ਨੇ ਖੇਤੀਬਾੜੀ ਬਿੱਲ ਦਾ ਵਿਰੋਧ ਕੀਤਾ ਸੀ। ਉਸ ਨੇ ਕਿਹਾ ਸੀ, ਹਰਸਿਮਰਤ ਨੇ ਪ੍ਰਧਾਨ ਮੰਤਰੀ ਨੂੰ ਇਨਾਂ ਕਾਨੂੰਨਾਂ ਦਾ ਵਿਰੋਧ ਕਰਦਿਆਂ ਅਧਿਕਾਰਤ ਨੋਟ ਸੌਂਪਿਆ ਸੀ।ਪਿਛਲੇ ਚਾਰ ਮਹੀਨਿਆਂ ਤੋਂ ਅਸੀਂ ਸਰਕਾਰ ਅਤੇ ਕਿਸਾਨਾਂ ਦਰਮਿਆਨ ਵਿਸ਼ਵਾਸ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੇ ਸੀ। ਸੁਖਬੀਰ ਸਿੰਘ ਬਾਦਲ ਨੇ ਧਾਰਾ 370 'ਤੇ ਵੀ ਵੱਖਰਾ ਦਾਅਵਾ ਕੀਤਾ। ਬਾਦਲ ਨੇ ਦਾਅਵਾ ਕੀਤਾ, ਅਸੀਂ ਸੰਸਦ ਵਿੱਚ ਇਸ ਫੈਸਲੇ ਦਾ ਕਦੇ ਸਵਾਗਤ ਨਹੀਂ ਕੀਤਾ। ਅਸੀਂ ਸਿਰਫ ਵਿਚਾਰ ਵਟਾਂਦਰੇ ਵਿੱਚ ਹਿੱਸਾ ਲਿਆ। ਉਨਾਂ ਕਿਹਾ ਕਿ ਭਾਜਪਾ ਨਹੀਂ ਜਾਣਦੀ ਕਿ ਗੱਠਜੋੜ ਨੂੰ ਆਪਣੇ ਸਹਿਯੋਗੀ ਸੰਗਠਨਾਂ ਨਾਲ ਕਿਵੇਂ ਅਗੇ ਲਿਜਾਣਾ ਹੈ।

**ਅਕਾਲੀ ਦਲ ਬਸਪਾ ਨਾਲ ਗਠਜੋੜ ਕਰਨ ਬਾਰੇ ਸੋਚਣ ਲਗਾ ।**

ਅਕਾਲੀ ਦਲ ਨੇ ਬੀਜੇਪੀ ਨਾਲ ਗਠਜੋੜ ਤੋੜਨ ਤੋਂ ਬਾਅਦ ਅੱਗੇ ਦੀ ਰਣਨੀਤੀ ਸ਼ੁਰੂ ਕਰ ਦਿੱਤੀ ਹੈ। ਕਿਸਾਨੀ ਧਰਨਿਆਂ ਦਰਮਿਆਨ ਅਗਲੇ ਦੋ ਹਫਤਿਆਂ 'ਚ ਅਕਾਲੀ ਦਲ ਵੱਲੋਂ ਮਹਾਗੱਠਜੋੜ ਦਾ ਐਲਾਨ ਹੋ ਸਕਦਾ ਹੈ। ਅਕਾਲੀ ਦਲ ਵੱਲੋਂ ਦਿੱਲੀ ਵਿੱਚ ਕਈ ਖੇਤਰੀ ਪਾਰਟੀਆਂ ਨਾਲ ਮੁਲਾਕਾਤ ਕੀਤੀ ਗਈ।

ਤਾਲਮੇਲ ਕਮੇਟੀ ਵੱਲੋਂ ਬਸਪਾ, ਡੀਐਮਕੇ, ਬੀਜੂ ਜਨਤਾ ਦਲ, ਟੀਡੀਪੀ, ਤ੍ਰਿਣਮੂਲ ਕਾਂਗਰਸ, ਇਨੈਲੋ ਤੇ ਐਸਪੀ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਅਕਾਲੀ ਲੀਡਰ ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ ਤੇ ਮਨਜਿੰਦਰ ਸਿਰਸਾ ਤਾਲਮੇਲ ਕਮੇਟੀ ਦੇ ਮੈਂਬਰ ਹਨ। ਕਿਸਾਨੀ ਮੁੱਦੇ ਨੂੰ ਲੈ ਕੇ ਇਨਾਂ ਪਾਰਟੀਆਂ ਨੂੰ ਆਪਣੇ ਨਾਲ ਰਲਾਏ ਜਾਣ ਨੂੰ ਲੈ ਕੇ ਗੱਲਬਾਤ ਜਾਰੀ ਹੈ।

**ਪੰਜਾਬ ਦੀ ਹਸਤੀ ਦਾ ਸੁਆਲ**

ਕਿਸਾਨੀ ਅੰਦੋਲਨ ਨੂੰ ਸੰਗਠਤ ਬਣਾਉਣਾ ਬਹੁਤ ਜ਼ਰੂਰੀ ਹੈ। ਇਹ ਪੰਜਾਬ ਦੀ ਹਸਤੀ ਦਾ ਸੁਆਲ ਹੈ। ਪਰ ਸ਼੍ਰੋਮਣੀ ਅਕਾਲੀ ਦਲ ਨੂੰ ਭਾਜਪਾ ਨਾਲੋਂ ਤੋੜ ਵਿਛੋੜਾ ਕਰਨ ਤੋਂ ਬਾਅਦ ਨਵੀਂ ਰਾਜਸੀ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ ਦਲ ਹੁਣ ਮੁੜ ਆਪਣੇ ਰਵਾਇਤੀ ਪੰਥਕ ਸਰੂਪ ਅਤੇ ਸਿਆਸਤ ਵੱਲ ਸਫਰ ਕਰਨਾ ਚਾਹੁੰਦਾ ਹੈ ਪਰ ਪੰਥ ਉਪਰ ਵਿਸ਼ਵਾਸ ਬਹਾਲ ਕਰਨਾ ਸੌਖਾ ਕੰਮ ਨਹੀਂ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਹੁੰਦਿਆਂ ਤਖ਼ਤਾਂ ਦੇ ਜਥੇਦਾਰਾਂ ਨੂੰ ਆਪਣੀ ਸਰਕਾਰੀ ਰਿਹਾਇਸ਼ ਵਿਖੇ ਬੁਲਾ ਕੇ ਕਿਹਾ ਸੀ ਕਿ ਇਸ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦੇ ਦਿੱਤੀ ਜਾਵੇ। ਇਥੇ ਹੀ ਬਸ ਨਹੀਂ, ਅਕਾਲੀ ਦਲ ਵੱਲੋਂ 2018 ਵਿਚ ਬੇਅਦਬੀ ਦੇ ਦੋਸ਼ੀਆਂ ਨੂੰ ਸਾਜ਼ਾਵਾਂ ਦੇਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਆਗੂਆਂ ਉੱਤੇ ਹੱਲਾ ਬੋਲਦਿਆਂ ਇਹ ਵੀ ਕਿਹਾ ਗਿਆ ਸੀ ਕਿ ਇਹ ਵਿਅਕਤੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਖ਼ਤਰਾ ਹਨ। ਸੂਬੇ ਵਿਚ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਪੁਲੀਸ ਅਧਿਕਾਰੀਆਂ ਨੂੰ ਮੁੱਖ ਅਹੁਦਿਆਂ ਉੱਤੇ ਬਾਦਲ ਸਰਕਾਰ ਨੇ ਨਿਯੁਕਤ ਕੀਤਾ । ਬਾਦਲਾਂ ਨੇ ਨਾ ਸਿਰਫ਼ ਖੇਤੀ ਬਿਲਾਂ ਦੀ ਹਮਾਇਤ ਕੀਤੀ ਸਗੋਂ ਉਨਾਂ ਨੇ ਇਹ ਪੈਂਤੜਾ ਲਿਆ ਸੀ ਕਿ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਨੂੰ ਗੁਮਰਾਹ ਕਰ ਰਹੇ ਹਨ। ਕਿਸਾਨ ਅੰਦੋਲਨ ਦੇ ਦਬਾਅ ਹੇਠ ਅਤੇ ਪਿੰਡਾਂ ਵਿਚ ਅਕਾਲੀ ਦਲ ਦੇ ਆਗੂਆਂ ਨੂੰ ਨਾ ਵੜਨ ਦੇਣ ਦੇ ਡਰ ਕਾਰਨ ਅਕਾਲੀ ਦਲ ਨੂੰ ਆਪਣਾ ਪੈਂਤੜਾ ਬਦਲ ਕੇ ਖੇਤੀ ਬਿਲਾਂ ਦੇ ਵਿਰੋਧ ਦਾ ਫੈਸਲਾ ਕਰਨਾ ਪਿਆ। ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸਤ ਅੰਦਰ ਨਵੇਂ ਸਿਆਸੀ ਸਮੀਕਰਨ ਅਤੇ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ। ਕਿਸਾਨ ਅੰਦੋਲਨ ਸੂਬੇ ਦੀ ਸਿਆਸਤ ਦੀ ਦਿਸ਼ਾ ਤੈਅ ਕਰੇਗਾ, ਕਿਉਂਕਿ ਕਿਸਾਨ ਅੰਦੋਲਨ ਹੁਣ ਨਿਰੋਲ ਆਰਥਿਕ ਮਾਮਲਾ ਨਹੀਂ ਰਿਹਾ, ਸਗੋਂ ਇਸ ਨਾਲ ਪੰਜਾਬੀਆਂ ਦੀ ਹਸਤੀ ਜੁੜੀ ਹੋਈ ਹੈ।

## ਸ਼ੰਭੂ ਮੋਰਚੇ ਦੀ ਵਿਲੱਖਣਤਾ ਅਤੇ...

ਜਦਕਿ ਸ਼ੰਭੂ ਮੋਰਚਾ ਕਿਸਾਨੀ ਸੰਘਰਸ਼ ਨੂੰ ਹੋਰ ਤਾਕਤ ਦੇਣ ਦਾ ਕੰਮ ਹੀ ਕਰ ਰਿਹਾ ਹੈ। ਮਸਲਾ ਸਿਰਫ ਇਹ ਹੈ ਕਿ ਕਿਸਾਨ ਜਥੇਬੰਦੀਆਂ ਦੇ ਆਗੂ ਕਿਸੇ 'ਟਰੇਡ ਯੂਨੀਅਨ' ਦੀ ਤਰਜ 'ਤੇ ਪੰਜਾਬ ਦੀ ਕਿਸਾਨੀ ਨੂੰ ਮਹਿਜ਼ ਕੁੱਝ ਰਿਆਇਤਾਂ ਲਈ ਸੜਕਾਂ 'ਤੇ ਬਿਠਾਈ ਰੱਖਣਾ ਚਾਹੁੰਦੀਆਂ ਹਨ ਜਦਕਿ ਸ਼ੰਭੂ ਮੋਰਚਾ ਕਿਸਾਨਾਂ ਨੂੰ ਰਿਆਇਤਾਂ ਛੱਡ ਹੱਕਾਂ ਲਈ ਸੰਘਰਸ਼ ਕਰਨ ਦਾ ਸੱਦਾ ਲਾ ਰਿਹਾ ਹੈ ਕਿਉਂਕਿ ਰਿਆਇਤਾਂ ਮੰਗਦਿਆਂ ਪੰਜਾਬ ਦੀ ਕਿਸਾਨੀ ਆਪਣੀ ਮੌਤ ਕਿਨਾਰੇ ਪਹੁੰਚ ਚੱਲੀ ਹੈ ਤੇ ਹੁਣ ਇਸਨੂੰ ਹੱਕਾਂ ਦੀ ਪ੍ਰਾਪਤੀ ਹੀ ਬਚਾ ਸਕਦੀ ਹੈ।

ਸ਼ੰਭੂ ਮੋਰਚੇ 'ਤੇ ਰਾਤਾਂ ਦਾ ਨਜ਼ਾਰਾ ਨਵੇਂ ਇਨਕਲਾਬ ਦੇ ਉੱਠਣ ਦਾ ਇਸ਼ਾਰਾ ਦਿੰਦਾ ਹੈ। ਸੋਦਰ ਰਹਿਰਾਸ ਸਾਹਿਬ ਦੇ ਜਾਪ ਤੋਂ ਉਪਰੰਤ ਅਰਦਾਸ ਹੋਣ ਮਗਰੋਂ ਜਦੋਂ ਲੰਗਰ ਛਕ ਕੇ ਸਭ ਵਿਹਲੇ ਹੋ ਜਾਂਦੇ ਨੇ ਤਾਂ ਸ਼ੰਭੂ ਮੋਰਚੇ 'ਤੇ ਵਿਚਾਰਾਂ ਦੀ ਸੱਥ ਸ਼ੁਰੂ ਹੁੰਦੀ ਹੈ। ਦੀਪ ਸਿੱਧੂ ਮੋਰਚੇ 'ਤੇ ਪਹੁੰਚੇ ਨੌਜਵਾਨਾਂ ਨਾਲ ਵਿਚਾਰਾਂ ਕਰਦਾ ਹੈ। ਹਨੇਰੀਆਂ ਰਾਤਾਂ ਵਿਚ ਚਾਨਣ ਵਿਖੇਰਦੇ ਵਿਚਾਰਾਂ ਦੇ ਇਸ ਮਾਹੌਲ ਅੱਗੇ ਯੂਨੀਵਰਸਿਟੀਆਂ ਦੇ ਸੈਮੀਨਾਰ, ਭਾਸ਼ਣ ਸਭ ਬੋਣੇ ਹੁੰਦੇ ਮਹਿਸੂਸ ਹੋ ਰਹੇ ਹਨ। ਦੇਰ ਰਾਤ ਤਕ ਚੱਲਦੀ ਇਸ ਵਿਚਾਰ ਨੂੰ ਸੁਣ ਕੇ ਅਹਿਸਾਸ ਹੁੰਦਾ ਹੈ ਕਿ ਪੰਜਾਬ ਵਿਚ ਕਿਸੇ ਵੱਡੇ ਸਿਆਸੀ ਇਨਕਲਾਬ ਲਈ ਜ਼ਮੀਨ ਬੱਤ ਹੋ ਰਹੀ ਹੈ।

ਸਰਬੱਤ ਦਾ ਭਲਾ
SCOPE
Sikh Community Organized for Political Engagement.

MEET THE CANDIDATES RALLY




WE ARE INVITING OUR ENDORSED CANDIDATES FROM ALAMEDA COUNTY AND OTHER CITIES TO HAVE AN OPPORTUNITY IN BUILDING LONG-TERM RELATIONSHIPS WITH THE COMMUNITY.
THE PURPOSE OF THE MEET AND GREET IS TO GIVE VOTERS AN OPPORTUNITY TO HEAR THE CANDIDATES DISCUSS THE ISSUES OF IMPORTANCE THAT THEIR CAMPAIGNS ARE BASED ON, WITH THE COMMUNITY.

PLEASE ATTEND THIS EVENT, THE DETAILS ARE:
DATE: OCT 25, 2020 - COMING SUNDAY, TIME: 3 PM
LOCATION: KENNEDY PARK, 1333 DECOTO ROAD UNION CITY

FOR MORE INFO CALL (510)299-7982

# ਆਪੋ-ਆਪਣੇ ਖੇਤਰਾਂ/ਖ਼ਿੱਤਿਆਂ 'ਚ ਮੱਲਾਂ ਮਾਰਨ ਵਾਲੇ ਪੰਜਾਬੀ

- ਗੁਰਮੀਤ ਸਿੰਘ ਪਲਾਹੀ
9815802070

ਪੰਜਾਬੀ ਜਿੱਧਰ ਵੀ ਗਏ ਨਵੀਆਂ ਪੈੜਾਂ ਪਾਉਂਦੇ ਗਏ। ਪੰਜਾਬ ਦੀ ਧਰਤੀ 'ਚੋਂ ਪੈਰ ਪੁੱਟਣ ਵੇਲੇ ਉਹਨਾ ਦੇ ਖੀਸੇ ਖ਼ਾਲੀ ਸਨ। ਦਹਾਕੇ ਪਹਿਲਾਂ ਵਿਦੇਸ਼ਾਂ 'ਚ ਗਏ ਪ੍ਰਵਾਸੀ ਅੱਜ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਹਨ ਅਤੇ ਬਹੁਤਿਆਂ ਨੇ ਆਪੋ-ਆਪਣੇ ਖੇਤਰਾਂ ਅਤੇ ਖ਼ਿੱਤਿਆਂ 'ਚ ਵੱਡੀਆਂ ਮੱਲਾਂ ਮਾਰੀਆਂ ਹਨ। ਆਓ! ਉਹਨਾ ਵਿੱਚੋਂ ਕੁਝ ਇੱਕ ਨਾਲ ਸਾਂਝ ਪਾਉਂਦੇ ਹਾਂ:

**ਸੰਘਰਸ਼ਸ਼ੀਲ ਜਿਊੜਾ- ਸਵਰਗੀ ਅਜੀਤ ਸਿੰਘ ਰਾਏ (ਯੂ.ਕੇ.)**



ਬਰਤਾਨੀਆ 'ਚ ਭਾਰਤੀ ਕਾਮਿਆਂ ਦੇ ਸੰਗਠਨ "ਇੰਡੀਅਨ ਵਰਕਰਜ਼ ਐਸੋਸੀਏਸ਼ਨ" ਦਾ ਕਦੇ ਅਜੀਤ ਸਿੰਘ ਰਾਏ ਪ੍ਰਧਾਨ ਬਣਿਆ ਅਤੇ ਉਹਨਾ ਦੇ ਹੱਕਾਂ ਲਈ ਉਸਨੇ ਬਰਤਾਨੀਆ ਦੇ ਸਰਕਾਰੇ-ਦਰਬਾਰੇ ਪਹੁੰਚ ਅਤੇ ਸੰਘਰਸ਼ ਹੀ ਨਹੀਂ ਕੀਤਾ, ਸਗੋਂ ਕਾਮਿਆਂ ਨੂੰ ਹੱਕ ਵੀ ਦੁਆਏ। ਪ੍ਰਵਾਸੀ ਪੰਜਾਬੀਆਂ ਵਾਂਗਰ ਦਿਨ-ਰਾਤ ਇੱਕ ਕਰਦਿਆਂ ਉਸ ਬਰਤਾਨੀਆ ਵਿੱਚ ਆਪਣੇ ਕਾਰੋਬਾਰ ਸਥਾਪਤ ਕੀਤੇ ਅਤੇ ਉਹਨਾ ਕਾਰੋਬਾਰਾਂ ਨੂੰ ਸਿਖ਼ਰਾਂ ਤੱਕ ਪਹੁੰਚਾਇਆ। ਅਜੀਤ ਸਿੰਘ ਰਾਏ ਪਹਿਲਾ ਪੰਜਾਬੀ ਭਾਰਤੀ ਸੀ ਜਿਸ ਨੇ ਸਾਊਥਾਲ ਬਰਾਡਵੇ ਉੱਤੇ ਸੁਪਰ ਮਾਰਕੀਟ ਖੋਲੀ ਅਤੇ ਉਸਨੂੰ ਸਫਲਤਾ ਨਾਲ ਚਲਾਇਆ। ਉਸਨੇ ਡੋਮੀਨੀਅਨ ਸਿਨਮਾ ਖ਼ਰੀਦਿਆਂ ਅਤੇ ਇਹ ਸਿਨੇਮਾ ਏਸ਼ੀਅਨ ਲੋਕਾਂ ਲਈ ਠਹਿਰ ਦਾ ਸਥਾਨ ਬਣਿਆ। ਉਸ ਵੱਲੋਂ ਚੈਰੀਟੇਬਲ ਬੇਸਿਨ ਉਤੇ ਖੋਲੇ ਇੰਮੀਗਰੇਸ਼ਨ ਸੈਂਟਰ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ, ਜਿਹਨਾ ਦੀ ਸਹਾਇਤਾ ਨਾਲ ਪ੍ਰਵਾਸੀ ਭਾਰਤੀਆਂ ਖ਼ਾਸ ਕਰਕੇ ਪੰਜਾਬੀਆਂ ਨੇ ਇੰਮੀਗਰੇਸ਼ਨ ਸਬੰਧੀ ਆਈਆਂ ਮੁਸ਼ਕਲਾਂ ਨੂੰ ਹੱਲ ਕੀਤਾ/ਕਰਵਾਇਆ।

ਅੱਜ ਕੱਲ ਅਜੀਤ ਸਿੰਘ ਰਾਏ ਅਤੇ ਉਹਨਾ ਦੀ ਪਤਨੀ ਆਪਣੇ ਪੰਜ ਪੁੱਤਰਾਂ, ਜਿਹਨਾ ਵਿੱਚ ਤਿੰਨ ਵਕੀਲ ਹਨ ਅਤੇ ਦੋ ਐਕਸਪੋਰਟ ਦਾ ਕਾਰੋਬਾਰ ਕਰਦੇ ਹਨ, ਨਾਲ ਲੰਡਨ ਵਿੱਚ ਰਹਿੰਦੇ ਸਨ। ਕੋਵਿਡ-19 ਦੌਰਾਨ ਉਹਨਾ ਦੀ ਮੌਤ ਹੋ ਗਈ।

1928 'ਚ ਪੰਜਾਬ ਦੇ ਪਿੰਡ ਖਾਨਖਾਨਾ (ਨਵਾਂ ਸ਼ਹਿਰ) 'ਚ ਪੈਦਾ ਹੋਇਆ ਅਜੀਤ ਸਿੰਘ ਰਾਏ ਅਕਤੂਬਰ 1956 'ਚ ਬਰਤਾਨੀਆ ਪੁੱਜਾ ਸੀ। ਉਸਨੇ ਆਪਣੀ ਭਰ ਜੁਆਨੀ 'ਚ ਅਮਰੀਕਾ 'ਚ ਮੈਡੀਸਨ ਦੀ ਪੜਾਈ ਲਈ ਵਜ਼ੀਫ਼ਾ ਜਿੱਤਿਆ ਪਰ ਡਾਕਟਰ ਨਾ ਬਣ ਸਕਿਆ। ਉਹ ਭਾਰਤ ਦੀ ਆਜ਼ਾਦੀ ਦੇ ਸੰਗਰਾਮ 'ਚ ਕੁੱਦਿਆ ਅਤੇ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦਾ ਮੈਂਬਰ ਬਣਿਆ। ਅਮਰੀਕਾ ਤੇ ਭਾਰਤ ਛੱਡਦੇ ਉਹ ਬਰਤਾਨੀਆ ਪੁੱਜਾ, ਲੇਬਰ ਕੀਤੀ ਅਤੇ ਭਾਰਤੀ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਉਸ ਨੇ ਸਾਥੀਆਂ ਨਾਲ ਰਲਕੇ ਇੰਡੀਅਨ ਵਰਕਜ਼ ਐਸੋਸੀਏਸ਼ਨ ਦੀ ਸਥਾਪਨਾ ਕੀਤੀ। ਉਸਨੇ ਪਗੜੀ ਪਹਿਨਕੇ ਮੋਟਰ ਸਾਈਕਲ ਚਲਾਉਣ ਵਾਲੇ ਸਿੱਖਾਂ ਨੂੰ ਮਜਬੂਰਨ ਹੈਲਮਿੱਟ ਪਾਉਣ ਲਈ ਬਣੇ ਕਾਨੂੰਨ ਦੇ ਵਿਰੋਧ ਵਿੱਚ ਲੜਾਈ ਲੜੀ ਅਤੇ ਬਰਤਾਨੀਆ 'ਚ ਇਸ ਕਾਨੂੰਨ 'ਚ ਸੋਧ ਕਰਵਾਉਣ 'ਚ ਭੂਮਿਕਾ ਨਿਭਾਈ।

ਅਜੀਤ ਸਿੰਘ ਰਾਏ ਜ਼ਿੰਦਗੀ ਭਰ ਫ਼ਾਸ਼ੀਵਾਦ ਵਿਰੁੱਧ ਵਿਚਾਰਕ ਤੌਰ 'ਤੇ ਹੀ ਨਹੀਂ ਲੜਿਆ, ਸਗੋਂ ਜ਼ਮੀਨੀ ਪੱਧਰ ਤੇ ਲੋਕਾਂ ਨੂੰ ਨਾਲ ਲੈ ਕੇ ਜਾਤੀਵਾਦ, ਫ਼ਿਰਕੂ ਵਾਦ ਵਿਰੁੱਧ ਲੜਾਈ ਲੜਦਾ ਰਿਹਾ।

ਇੱਕ ਵਿਲੱਖਣ ਪੰਜਾਬੀ ਜਿਸ ਦਾ ਕੋਈ ਸਾਨੀ ਨਹੀਂ- ਡਾ: **ਰਘਬੀਰ ਸਿੰਘ ਬੈਂਸ (ਕੈਨੇਡਾ)**

60 ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਐਵਾਰਡਾਂ ਨਾਲ ਸਨਮਾਨਿਤ 20ਵੀਂ ਸਦੀ ਦਾ ਸਿੱਖ ਵਿਦਵਾਨ ਡਾ: ਰਘਵੀਰ ਸਿੰਘ ਬੈਂਸ ਸਰੀ (ਕੈਨੇਡਾ) ਵਿੱਚ ਨਿਵਾਸ ਰੱਖਦਾ ਹੈ। 1990 ਵਿੱਚ ਕੈਨੇਡਾ ਪੁੱਜੇ 'ਡਾ: ਰਘਬੀਰ ਸਿੰਘ' ਨੇ ਅਣਥੱਕਤਾ ਨਾਲ ਇੱਕ ਵਲੰਟੀਅਰ, ਕਮਿਊਨਿਟੀ ਵਰਕਰ ਵਜੋਂ ਵੱਖੋ-ਵੱਖਰੀਆਂ ਸਭਿਆਚਾਰਕ ਸੰਸਥਾਵਾਂ ਵਿੱਚ ਭਾਰਤੀ-ਕੈਨੇਡੀਅਨ ਅਤੇ ਹੋਰ ਭਾਈਚਾਰਕ ਸਮੂਹਾਂ 'ਚ ਆਪਸੀ ਮਿਲਵਰਤਨ ਅਤੇ ਸਾਂਝ ਵਿਖਾਉਣ ਲਈ ਵਡੇਰਾ ਕੰਮ ਕੀਤਾ। ਏਡਜ਼, ਡਰੱਗਜ਼



ਅਤੇ ਵਾਤਾਵਰਨ ਮਾਮਲਿਆਂ ਉੱਤੇ ਉਹਨਾ ਦੀ ਵੱਡੀ ਪੱਕੜ ਹੋਣ ਕਾਰਨ ਉਹਨਾ ਨੇ ਇਹਨਾ ਮਾਮਲਿਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਯਤਨ ਕੀਤੇ। ਉਹਨਾ ਨੇ ਸਿੱਖ ਧਰਮ, ਇਤਿਹਾਸ, ਸਭਿਆਚਾਰ ਅਤੇ ਸਿੱਖ ਪਿਛੋਕੜ ਸਬੰਧੀ ਸਿੱਖ ਇਨਸਾਈਕਲੋਪੀਡੀਆ ਤਿਆਰ ਕੀਤਾ ਅਤੇ ਨਵੀਂ ਟੈਕਨੌਲੋਜੀ ਦੀ ਵਰਤੋਂ ਕਰਦਿਆਂ ਉਹਨਾ ਭਾਰਤ ਵਿੱਚ 'ਮਲਟੀਮੀਡੀਆ ਸਿੱਖ ਮਿਊਜ਼ੀਅਮ' ਦੀ ਸਥਾਪਨਾ ਕੀਤੀ। ਉਹਨਾ ਡਰੱਗਜ਼ ਅਤੇ ਏਡਜ਼ ਸਬੰਧੀ ਬਹੁਤ ਹੀ ਜਾਣਕਾਰੀ ਭਰਪੂਰ ਪ੍ਰਕਾਸ਼ਨਾਵਾਂ ਕੀਤੀਆਂ। ਐਡੇ ਵਿਸ਼ਾਲ ਕੀਤੇ ਗਏ ਕੰਮਾਂ ਕਾਰਨ ਸਰਕਾਰਾਂ ਨੇ ਹੀ ਨਹੀਂ ਸਗੋਂ ਲੋਕ-ਸੰਸਥਾਵਾਂ ਨੇ ਵੀ ਉਹਨਾ ਦੇ ਕੰਮ ਦੀ ਕਦਰ ਕਰਦਿਆਂ ਉਹਨਾ ਨੂੰ ਮਾਣ-ਸਤਿਕਾਰ ਦਿੱਤਾ। ਉਹਨਾ ਨੇ ਦੁਨੀਆ ਦੇ ਦਰਜਨਾਂ ਦੇਸ਼ਾਂ ਵਿੱਚ ਪੁੱਜ ਕੇ ਗ਼ਰੀਬੀ, ਨਸ਼ੇ, ਵੇਸਵਾਗਮਨੀ ਅਤੇ ਏਡਜ਼ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਉਪਰਾਲੇ ਕੀਤੇ। ਉਹ ਸਮੁੱਚੀ ਦੁਨੀਆ ਵਿੱਚ ਸਿੱਖਾਂ ਵਿੱਚ ਵਿਸ਼ੇਸ਼ ਸਨਮਾਨ ਰੱਖਦੇ ਹਨ।

ਡਾ: ਰਘਬੀਰ ਸਿੰਘ ਬੈਂਸ 1936 'ਚ ਡਗਾਨਾ ਕਲਾਂ (ਜ਼ਿਲਾ ਹੁਸ਼ਿਆਰਪੁਰ) 'ਚ ਜਨਮੇ ਅਤੇ ਪਿੰਡ ਮਾਣਕ ਢੇਰੀ (ਹੁਸ਼ਿਆਰਪੁਰ) 'ਚ ਵੱਡੇ ਹੋਏ। ਉਹਨਾ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ.ਏ., ਬੀ.ਐਡ ਅਤੇ ਮਾਸਟਰ ਡਿਗਰੀ ਪ੍ਰਾਪਤ ਕੀਤੀ ਅਤੇ ਉੱਤਰੀ ਰੇਲਵੇ 'ਚ ਨੌਕਰੀ ਕੀਤੀ। ਫਿਰ ਟੈਕਸਟੇਸ਼ਨ ਅਫ਼ਸਰ (ਪੰਜਾਬ) ਸਰਕਾਰ ਦੀ ਨੌਕਰੀ ਕਰਦਿਆਂ ਉਨਾਂ ਨੇ 1982 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਪ੍ਰਾਪਤੀ ਕੀਤੀ।

ਡਾ: ਰਘਬੀਰ ਸਿੰਘ ਬੈਂਸ ਪ੍ਰਸਿੱਧ ਲੇਖਕ ਹੈ, ਜਿਸ ਨੇ ਕਈ ਕਲਾਸਿਕ ਪੁਸਤਕਾਂ ਲਿਖੀਆਂ ਅਤੇ ਕਈ ਸੀ ਡੀਜ਼ ਤਿਆਰ ਕੀਤੀਆਂ। ਡਾ: ਰਘਬੀਰ ਸਿੰਘ ਬੈਂਸ ਦੀਆਂ ਪ੍ਰਾਪਤੀਆਂ ਐਡੀਆਂ ਵੱਡੀਆਂ ਹਨ ਕਿ ਉਹਨਾ ਨੂੰ ਸ਼ਬਦਾਂ 'ਚ ਵਰਨਣ ਕਰਨਾ ਸੌਖਾ ਨਹੀਂ ਹੈ।

**ਵਕਾਲਤ ਵਿੱਚ ਨਵੀਆਂ ਪੈੜਾਂ ਪਾਉਣ ਵਾਲਾ ਪ੍ਰਵਾਸੀ ਪੰਜਾਬੀ - ਸੰਤੋਖ ਸਿੰਘ ਛੋਕਰ (ਯੂ.ਕੇ.)**



ਪੰਜਾਬ ਦੇ ਦੁਆਬਾ ਖ਼ਿੱਤੇ ਨਾਲ ਸਬੰਧਿਤ ਵੱਡੀ ਗਿਣਤੀ 'ਚ ਲੋਕ ਵਿਦੇਸ਼ ਗਏ। ਚੰਗੇਰੇ ਭਵਿੱਖ ਲਈ ਓਪਰੀ ਧਰਤੀ 'ਤੇ ਵੱਖਰੇ ਸਭਿਆਚਾਰ 'ਚ ਉਹਨਾ ਕੰਮ ਕੀਤੇ। ਉਹਨਾ ਵਿਚੋਂ ਕਈਆਂ ਨੇ ਕਰੜੀ ਮਿਹਨਤ ਨਾਲ ਆਪਣੀ ਚੰਗੀ ਪਹਿਚਾਣ ਅਤੇ ਪੈਂਠ ਬਣਾਈ। ਸੰਤੋਖ ਸਿੰਘ ਛੋਕਰ ਉਹਨਾਂ 'ਚੋਂ ਇੱਕ ਹੈ। ਜਲੰਧਰ ਜ਼ਿਲੇ ਦਾ ਪਾਸਲਾ ਪਿੰਡ ਕਾਫ਼ੀ ਮਸ਼ਹੂਰ ਹੈ। ਪਾਸਲੇ 'ਚ ਜਨਮਿਆ ਸੰਤੋਖ ਸਿੰਘ 1958 ਤੋਂ ਬਰਤਾਨੀਆ 'ਚ ਆਪਣੇ ਪੈਰ ਪੱਕੇ ਕਰੀ ਬੈਠਾ ਹੈ ਅਤੇ ਆਪਣੇ ਕਿੱਤੇ ਦੀ ਚੰਗੀ ਮੁਹਾਰਤ ਰੱਖਦਿਆਂ ਹੁਣ ਬਰਤਾਨੀਆ ਅਤੇ ਇੰਡੀਆ ਲੱਗਾ ਹੋਇਆ ਹੈ।

ਸੰਤੋਖ ਸਿੰਘ ਕਿੱਤੇ ਵਜੋਂ ਵਕੀਲ ਹੈ। ਲੰਡਨ ਯੂਨੀਵਰਸਿਟੀ ਦਾ ਗਰੈਜੂਏਟ ਹੈ। ਇੰਗਲੈਂਡ ਤੇ ਵੇਲਜ ਦੀ ਸੁਪਰੀਮ ਕੋਰਟ ਦਾ ਉਹ ਮੰਨਿਆ ਪ੍ਰਮੰਨਿਆ ਸਲਿਸਟਰ ਹੈ ਅਤੇ ਆਪਣੇ ਵੱਲੋਂ ਸਥਾਪਿਤ ਕੀਤੀ ਕੰਪਨੀ ਛੋਕਰ ਐਂਡ ਸਲਿਸਟਰ ਦਾ ਸੀਨੀਅਰ ਪਾਰਟਨਰ ਹੈ।

ਸੇਵਾ ਦੇ ਕਾਰਜਾਂ ਪ੍ਰਤੀ ਰੁਚਿਤ ਸੰਤੋਖ ਸਿੰਘ ਛੋਕਰ ਨੇ 2000 ਵਿੱਚ ਮਾਤਾ ਚੰਨਣ ਕੌਰ ਟਰੱਸਟ ਚੈਰੀਟੇਬਲ ਟਰੱਸਟ ਸਥਾਪਿਤ ਕੀਤਾ ਅਤੇ ਉਸ ਵੱਲੋਂ ਸਿੱਖਿਆ, ਖੇਡਾਂ, ਕਿੱਤਾ ਸਿਖਲਾਈ ਅਤੇ ਲੋਕ ਭਲਾਈ ਦੇ ਕਈ ਪ੍ਰਾਜੈਕਟ ਆਰੰਭੇ। ਇਸ ਟਰੱਸਟ ਜਿਸਦਾ ਉਹ ਆਪ ਜਨਰਲ ਸਕੱਤਰ ਹੈ, ਵੱਲੋਂ ਪਾਸਲਾ (ਜਲੰਧਰ) ਅਤੇ ਇਸਦੇ ਆਲੇ-ਦੁਆਲੇ ਦੇ ਗਿਆਰਾਂ ਸਕੂਲਾਂ ਨੂੰ ਮਾਇਕ ਸਹਿਯੋਗ ਦਿੱਤਾ ਜਾ ਰਿਹਾ ਹੈ। ਰੁੜਕਾ ਕਲਾਂ ਯੂਥ ਫੁੱਟਬਾਲ ਕਲੱਬ, ਗੁਰੂ ਨਾਨਕ ਖ਼ਾਲਸਾ ਕਾਲਜ ਫ਼ਾਰ ਵੂਮੈਨ ਨੂੰ ਇਸ ਟਰੱਸਟ ਵੱਲੋਂ ਪੂਰੀ ਮਦਦ ਮਿਲਦੀ ਹੈ। ਐਡਵੋਕੇਟ ਛੋਕਰ ਦੁਆਬੇ ਦੀ ਪ੍ਰਸਿੱਧ ਬੈਂਕ "ਕੈਪੀਟਲ ਲੋਕਲ ਏਰੀਆ ਬੈਂਕ ਆਫ਼ ਇੰਡੀਆ ਦਾ ਪ੍ਰਵਾਸੀ ਡਾਇਰੈਕਟਰ ਹੈ। ਉਸਨੇ ਯੂ.ਕੇ. 'ਚ ਮਿਡਲਸੈਕਸ ਲਾਅ ਸੁਸਾਇਟੀ ਦੇ ਪ੍ਰਧਾਨ ਵਜੋਂ ਸੇਵਾ ਨਿਭਾਈ। ਉਹ ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ. ਦੇ ਚੇਅਰਮੈਨ ਸਮੇਤ, ਹੋਰ ਕਈ ਸਕੂਲਾਂ, ਕਾਲਜਾਂ ਦਾ ਅਹੁਦੇਦਾਰ ਹਨ। ਸਿਆਸੀ ਤੌਰ ਤੇ ਸੰਤੋਖ ਸਿੰਘ ਕੰਜਰਵੇਟਿਵ ਪਾਰਟੀ ਨਾਲ ਜੁੜਿਆ ਹੋਇਆ ਹੈ। ਉਹ ਸਾਊਥ ਬਕਸ ਜ਼ਿਲਾ ਕੌਂਸਲ ਦਾ ਲਗਾਤਾਰ ਦੋ ਵਰੇ ਚੇਅਰਮੈਨ ਚੁਣਿਆ ਗਿਆ। ਸੰਤੋਖ ਸਿੰਘ ਅਤੇ ਉਹਨਾ ਦੀ ਪਤਨੀ ਰਣਜੀਤ ਦੇ ਤਿੰਨ ਬੱਚਿਆਂ ਜਸਪਾਲ, ਹਰਪਾਲ ਅਤੇ ਹਰਪ੍ਰੀਤ ਹਨ, ਜੋ ਬਰਤਾਨੀਆ ਵਿੱਚ ਚੰਗੇਰੀ ਬਸਰ ਕਰ ਰਹੇ ਹਨ।

**ਸਿਆਸੀ ਸਮਾਜੀ ਖੇਤਰ 'ਚ ਬੁਲੰਦੀਆਂ ਛੂੰਹਦਾ ਪੰਜਾਬੀ - ਦਲਜੀਤ ਸਹੋਤਾ (ਯੂ.ਕੇ.)**



ਦਲਜੀਤ ਸਹੋਤਾ, ਪ੍ਰਵਾਸੀ ਪੰਜਾਬੀਆਂ ਖ਼ਾਸ ਕਰਕੇ ਬਰਤਾਨੀਆ ਵਿਚਲੇ ਪੰਜਾਬੀਆਂ ਅਤੇ ਪੰਜਾਬ ਵਿੱਚ ਇੱਕ ਇਹੋ ਜਿਹਾ ਨਾਮ ਹੈ, ਜਿਸ ਨੇ ਸਿਆਸੀ ਖੇਤਰ ਵਿੱਚ ਹੀ ਨਹੀਂ, ਸਗੋਂ ਸਮਾਜ ਸੇਵਾ ਅਤੇ ਕਾਰੋਬਾਰ ਖੇਤਰ ਵਿੱਚ ਨਵੇਂ ਦਸਹਿੱਦੇ ਸਿਰਜੇ ਹਨ। ਜਲੰਧਰ 'ਚ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਦੂਰ ਕਰਨ ਹਿਤ ਬਣਾਈ ਐਨ.ਆਰ.ਆਈ. ਸਭਾ ਦੇ ਮਹੱਤਵਪੂਰਨ ਕਾਰਜਾਂ ਤੋਂ ਲੈ ਕੇ, ਪੰਜਾਬ ਪ੍ਰਦੇਸ਼ ਕਾਂਗਰਸ ਅਤੇ ਇੰਡੀਅਨ ਓਵਰਸੀਜ ਕਾਂਗਰਸ ਵਿੱਚ ਵੱਡੇ ਅਹੁਦੇ ਪ੍ਰਾਪਤ ਕਰਕੇ ਦਲਜੀਤ ਸਹੋਤਾ ਨਿਵੇਕਲੀਆਂ ਸਿਖ਼ਰਾਂ ਤੇ ਪੁੱਜਕੇ ਵੀ ਧਰਤੀ ਨਾਲ ਜੁੜਿਆ, ਇੱਕ ਇਹੋ ਜਿਹਾ ਸਖ਼ਸ਼ ਹੈ ਜੋ ਹਰ ਵੇਲੇ ਲੋਕਾਂ ਦੀਆਂ ਤਕਲੀਫਾਂ ਸੁਣ ਉਹਨਾ ਦੇ ਹੱਲ ਲਈ ਤਤਪਰ ਵਿਖਾਈ ਦਿੰਦਾ ਹੈ। ਪੰਜਾਬ ਸਰਕਾਰ ਵਲੋਂ ਪ੍ਰਵਾਸੀ ਪੰਜਾਬੀਆਂ ਦੀ ਭਲਾਈ ਲਈ ਬਣਾਏ ਗਏ ਵਿਸ਼ਵ ਭਰ ਦੇ ਕੋਆਰਡੀਨੇਟਰਾਂ 'ਚ ਉਸਦਾ ਨਾਮ, ਉਹਨਾ ਦੀ ਪੰਜਾਬੀ ਪ੍ਰਵਾਸੀਆਂ 'ਚ ਵੱਖਰੀ ਪਹਿਚਾਣ ਕਾਰਨ ਸ਼ਾਮਲ ਕਰਨਾ ਵੱਡੀ ਪ੍ਰਾਪਤੀ ਹੈ।

ਬਰਤਾਨੀਆ ਦੇ ਲੈਸਟਰ ਸ਼ਹਿਰ ਦਾ ਵੱਡਾ ਕਾਰੋਬਾਰੀ ਦਲਜੀਤ ਸਹੋਤਾ ਵਰਿਆਂ ਤੋਂ ਲੋਕ ਸੇਵਾ ਲਈ ਸਮਰਪਿਤ ਹੈ, ਜਿਹੜਾ ਆਪਣੀ ਜਨਮ ਭੂਮੀ ਨਾਲ ਅੰਤਾਂ ਦਾ ਪਿਆਰ ਤਾਂ ਕਰਦਾ ਹੀ ਹੈ, ਪਰ ਉਸਦੇ ਵਿਕਾਸ ਲਈ ਵੀ ਉੱਘਾ ਯੋਗਦਾਨ ਪਾਉਂਦਾ ਹੈ। ਪੰਜਾਬ ਦੇ ਸਿਆਸੀ ਗਲਿਆਰਿਆਂ, ਪ੍ਰੈੱਸ ਮੀਡੀਆ 'ਚ ਵੀ ਉਸਦਾ ਨਾਮ ਸਤਿਕਾਰ ਵਜੋਂ ਲਿਆ ਜਾਂਦਾ ਹੈ, ਜਿਹੜਾ ਦੇਸ਼ ਵਿਚਲੀ ਫ਼ਿਰਕੂ ਹਨੇਰੀ ਨੂੰ ਥੰਮਣ ਅਤੇ ਦੇਸ਼ ਵਿੱਚ ਅਰਾਜਕਤਾ ਅਤੇ ਡਿਕਟੇਟਰਸ਼ਿਪ ਲਿਆਉਣ ਵਾਲੀਆਂ ਤਾਕਤਾਂ ਵਿਰੁੱਧ ਲੜਨ ਲਈ ਬਰਤਾਨੀਆ ਅਤੇ ਪੰਜਾਬ ਦੇ ਆਪਣੇ ਸਾਥੀਆਂ ਨਾਲ ਰਲਕੇ ਸੰਘਰਸ਼ਸ਼ੀਲ ਰਹਿੰਦਾ ਹੈ।

ਮਈ, 1972 'ਚ ਜਨਮਿਆ ਦਲਜੀਤ ਸਿੰਘ ਸਹੋਤਾ, ਡੀ.ਐਸ.ਐਸ. ਬਿਲਡਿੰਗ ਸਰਵਿਸਜ ਲਿਮਟਿਡ ਲਿਸਟਰ ਦਾ ਡਾਇਰੈਕਟਰ ਹੈ ਅਤੇ ਆਪਣੀ ਇਸ ਕੰਪਨੀ ਤੇ ਹੋਰ ਕਾਰੋਬਾਰੀ ਕੰਪਨੀਆਂ 'ਚ ਇੱਕ ਭਰੋਸੇਬੰਦ ਨਾਮ ਹੈ। ਉਹਦੇ ਸਿਆਸੀ, ਸਮਾਜਿਕ ਦੋਸਤਾਂ ਦਾ ਘੇਰਾ ਵਿਸ਼ਾਲ ਹੈ, ਜਿਹੜੇ ਉਸਦੇ ਮਿੱਠ ਬੋਲੜੇ ਬੋਲਾਂ ਅਤੇ ਸੁਭਾਅ ਦੇ ਕਦਰਦਾਨ ਹਨ। ਸਹੋਤਾ ਆਪਣੇ ਦੋਸਤਾਂ ਖ਼ਾਸ ਕਰਕੇ ਕੇਵਲ ਸਿੰਘ ਢਿੱਲੋਂ ਐਮ.ਐਲ.ਏ. ਬਰਨਾਲਾ ਦਾ ਸਦਾ ਧੰਨਵਾਦੀ ਰਿਹਾ ਹੈ, ਜਿਹਨਾ ਸਦਕਾ ਉਸਨੇ ਜ਼ਿੰਦਗੀ 'ਚ ਬੁਲੰਦੀਆਂ ਛੋਹੀਆਂ ਹਨ ਅਤੇ ਇੱਕ ਪੜ੍ਹੇ ਲਿਖੇ ਪੰਜਾਬੀ ਵਜੋਂ ਗੋਰਿਆਂ ਦੇ ਦੇਸ਼ ਵਿੱਚ ਅਤੇ ਆਪਣੀ ਮਾਤ ਭੂਮੀ ਪੰਜਾਬ ਵਿੱਚ ਆਪਣੀ ਸਿਆਣਪ, ਇਮਾਨਦਾਰੀ, ਮਿਲਵਰਤੋਂ ਨਾਲ ਧਾਂਕ ਜਮਾਈ ਹੈ। ਦਲਜੀਤ ਸਹੋਤਾ ਇਸ ਵੇਲੇ ਸਿਆਸੀ ਸਮਾਜੀ ਖੇਤਰ 'ਚ ਬੁਲੰਦੀਆਂ ਛੂਹਦਾ ਪ੍ਰਵਾਸੀ ਪੰਜਾਬੀ ਹੈ, ਜਿਸਨੇ ਜ਼ਿੰਦਗੀ ਦੇ ਹਰ ਖੇਤਰ 'ਚ ਭਰਪੂਰ ਤਰੱਕੀ ਕੀਤੀ ਹੈ।

**ਦੇਸ਼ 'ਚ ਪੜਕੇ ਵਿਦੇਸ਼ਾਂ 'ਚ ਨਾਮਣਾ ਖੱਟਣ ਵਾਲਾ- ਅਜੈਪਾਲ ਸਿੰਘ ਬੰਗਾ (ਅਮਰੀਕਾ)**



ਭਾਰਤੀ ਫ਼ੌਜ ਦੇ ਜਰਨੈਲ ਲੈਫਟੀਨੈਂਟ ਜਨਰਲ (ਰਿਟਾਇਰਡ) ਹਰਭਜਨ ਸਿੰਘ ਬੰਗਾ ਦਾ ਸਪੁੱਤਰ ਅਜੈਪਾਲ ਸਿੰਘ ਬੰਗਾ ਅੱਜ ਵਿਸ਼ਵ ਭਰ 'ਚ ਇੱਕ ਸਿਤਾਰੇ ਵਾਂਗਰ ਚਮਕਦਾ ਹੈ। ਦਿੱਲੀ ਯੂਨੀਵਰਸਿਟੀ ਦੇ ਸੈਂਟ ਸਟੀਫਨਜ਼ ਕਾਲਜ ਦੇ ਗਰੇਜੂਏਟ ਅਜੈਪਾਲ ਸਿੰਘ ਨੇ ਜਗਤ ਪ੍ਰਸਿੱਧ ਇੰਡੀਅਨ ਇਸਟੀਚੀਊਟ ਆਫ਼ ਮੈਨਜਮੈਂਟ ਅਹਿਮਦਾਬਾਦ ਤੋਂ ਐਮ.ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ। ਉਸਨੇ 13 ਸਾਲ ਸਿਟੀ ਗਰੁੱਪ 'ਚ ਪ੍ਰਬੰਧਕੀ ਕੰਮ ਕੀਤਾ ਅਤੇ ਆਪਣੀ ਲਿਆਕਤ ਦੇ ਬਲਬੂਤੇ ਉਹ ਅਮਰੀਕਾ 'ਚ ਕੰਪਨੀ ਸੀਨੀਅਰ ਅਹੁਦਿਆਂ ਉੱਤੇ ਤੈਨਾਤ ਹੋਇਆ। 2005 'ਚ ਉਹ ਸਿਟੀ ਇੰਟਰਨੈਸ਼ਨਲ ਗਲੋਬਲ ਕੰਜਿਊਮਰ ਗਰੁੱਪ ਦਾ ਮੁੱਖ ਪ੍ਰਬੰਧਕ ਬਣਿਆ। ਹੁਣ ਅਪ੍ਰੈਲ 12, 2020 ਤੋਂ ਅਜੈਪਾਲ ਸਿੰਘ ਬੰਗਾ "ਮਾਸਟਰ ਕਾਰਡ" ਦੇ ਪ੍ਰਧਾਨ ਅਤੇ ਚੀਫ਼ ਉਪਰੇਟਿੰਗ ਅਫ਼ਸਰ ਵਜੋਂ ਤਾਇਨਾਤ ਹਨ।

ਅਜੈਪਾਲ ਸਿੰਘ ਬੰਗਾ ਦਾ ਜਨਮ 1960 ਵਿੱਚ ਖੜਕੀ (ਮਹਾਰਾਸ਼ਟਰ) ਵਿੱਚ ਹੋਇਆ। ਉਸਦੇ ਪਿਤਾ ਆਰਮੀ ਅਫ਼ਸਰ ਦੀ ਪੋਸਟਿੰਗ ਵੱਖੋ-ਵੱਖਰੇ ਥਾਵਾਂ 'ਤੇ ਹੋਣ ਕਾਰਨ ਉਸਨੇ ਆਪਣੀ ਸਕੂਲ ਸਿੱਖਿਆ, ਸਕੰਦਰਾਬਾਦ,ਜਲੰਧਰ, ਦਿੱਲੀ ਅਤੇ ਹੈਦਰਾਬਾਦ ਸਕੂਲਾਂ 'ਚ ਪ੍ਰਾਪਤ ਕੀਤੀ। ਸਕੂਲੀ ਪੜਾਈ ਵੇਲੇ ਹੀ ਉਸਦੀ ਲਿਆਕਤ ਦੇ ਚਰਚੇ ਸਨ।

ਅਜੈ ਬੰਗਾ ਸਿਰਫ਼ ਮਾਸਟਰ ਕਾਰਡ ਦੀ ਮੈਨੇਜਮੈਂਟ ਦਾ ਪ੍ਰਧਾਨ ਹੀ ਨਹੀਂ, ਸਗੋਂ ਦੇਸ਼-ਵਿਦੇਸ਼ ਦੇ ਬਹੁਤ ਸਾਰੇ ਫਾਈਨੈਂਸ ਅਦਾਰਿਆਂ ਅਤੇ ਕੰਪਨੀਆਂ 'ਚ ਮੈਂਬਰ ਵਜੋਂ ਸੇਵਾ ਦੇ ਰਿਹਾ ਹੈ। ਉਸ ਦੀ ਸਮਾਜਿਕ ਵਿਕਾਸ ਮਾਮਲਿਆਂ ਵਿੱਚ ਵਿਸ਼ੇਸ਼ ਦਿਲਚਸਪੀ ਹੈ ਅਤੇ ਉਸਨੂੰ ਦੁਨੀਆ ਦੇ ਚੌਥੇ "ਸਭ ਤੋਂ ਵੱਧ ਤਾਕਤਵਰ ਭਾਰਤੀ" ਦਾ ਖ਼ਿਤਾਬ ਹਾਸਲ ਹੈ। ਉਸਨੂੰ ਭਾਰਤ ਸਰਕਾਰ ਨੇ ਪਦਮ ਸ਼੍ਰੀ ਨਾਲ ਵੀ ਨਿਵਾਜਿਆ ਹੋਇਆ ਹੈ। ਫਰਵਰੀ 2015 'ਚ ਉਸ ਵੇਲੇ ਦੇ ਅਮਰੀਕਾ ਦੇ ਰਾਸ਼ਟਰਪਤੀ ਬਾਰਾਕ ਓਬਾਮਾ ਨੇ ਅਜੈਪਾਲ ਸਿੰਘ ਬੰਗਾ ਨੂੰ ਪ੍ਰੈਜੀਡੈਂਟ ਦੇ ਟਰੇਡ ਪਾਲਿਸੀ ਸਬੰਧੀ ਸਲਾਹਕਾਰ ਕਮੇਟੀ ਦਾ ਮੈਂਬਰ ਵੀ ਨਿਯੁਕਤ ਕੀਤਾ ਸੀ। ਇਸ ਵੇਲੇ "ਬੰਗਾ" ਯੂ.ਐਸ., ਇੰਡੀਆ ਬਿਜਨੈਸ ਕੌਂਸਲ ਜੋ 300 ਤੋਂ ਵੱਧ ਅੰਤਰਰਾਸ਼ਟਰੀ ਕੰਪਨੀਆਂ ਦਾ ਸਮੂਹ ਹੈ ਅਤੇ ਜੋ ਭਾਰਤ ਵਿੱਚ ਨਿਵੇਸ਼ ਕਰਨ ਵਾਲੀ ਕੌਂਸਲ ਹੈ, ਦਾ ਚੇਅਰਮੈਨ ਹੈ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# AMRITSAR TIMES ENDORSES THE FOLLOWING CANDIDATES FOR UPCOMING ELECTIONS 2020

## ( SECOND RELEASED LIST )



JUSTIN SHA
( FREMONT MAYOR )



AMANDA CHAGOYA
( NEWARK UNIFIED SCHOOL DISTRICT )



CHRISTINE CLINTON
( NEWARK UNIFIED SCHOOL DISTRICT )



MARK SALINAS
( HAYWARD CITY COUNCIL )



ELISA MÁRQUEZ
( HAYWARD CITY COUNCIL )



ANGELA ANDREWS
( HAYWARD CITY COUNCIL )



BILL QUIRK
( 20TH ASSEMBLY DISTRICT )



JASS SANGHA
( TRACY MAYOR )



CHITRA RAMANATHAN
( WASHINGTON HOSPITAL BOARD )



AZIZ AKBARI
( ALAMEDA COUNTY WATER DISTRICT )



JOHN WEED
( ALAMEDA COUNTY WATER DISTRICT )



AMRIK WANDER
( TRACY CITY COUNCIL )



MARTIN KOLLER
( ALAMEDA COUNTY WATER DISTRICT )


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com